# ਸੰਪਾਦਕੀ

ਧਰਤੀ ਤੇ ਸੂਰਜ ਦੇ ਪ੍ਰਕਾਸ਼ ਦੀ ਪਹਿਲੀ ਕਿਰਨ ਪੈਣ ਤੋਂ ਪਹਿਲਾਂ, ਪੰਛੀ ਆਪਣਾ-ਆਪਣਾ ਰਾਗ ਅਲਾਪਣਾ ਸ਼ੁਰੂ ਕਰ ਦਿੰਦੇ ਹਨ, ਇਉਂ ਜਾਪਦਾ ਹੈ ਜਿਵੇਂ ਉਹ ਆਪਣੇ ਪਿਆਰੇ ਵਾਹਿਗੁਰੂ ਦੀ ਸਿਫਤ ਸਲਾਹ ਦੇ ਮਿੱਠੜੇ-ਮਿੱਠੜੇ ਗੀਤ ਗਾ ਰਹੇ ਹੋਣ। ਸਾਰੇ ਜੀਵ ਜੰਤੂ, ਬਿਰਖ ਬੂਟੇ ਵੱਖ-ਵੱਖ ਰੂਪਾਂ ਵਿਚ, ਵੱਖ-ਵੱਖ ਤਰ੍ਹਾਂ ਦੇ ਰੂਪਾਂ, ਆਕਾਰਾਂ ਵਾਲੇ, ਪ੍ਰਮਾਤਮਾ ਦੇ ਕੁਦਰਤੀ ਸੋਹਣੇ ਗੁਲਦਸਤੇ ਦੇ ਰੂਪ ਵਿਚ ਸਜੇ ਹੋਏ, ਉਸ ਸਿਰਜਨਹਾਰ ਦੀ ਮਹਿਮਾ, ਪਤਾ ਨਹੀਂ ਕਦੋਂ ਤੋਂ ਗਾਉਂਦੇ ਆ ਰਹੇ ਹਨ। ਸਮੇਂ-ਸਮੇਂ ਸਿਰ ਉਹ ਪਿਆਰਾ, ਆਪਣੇ ਪਿਆਰੇ ਰੱਬੀ ਗੀਤ ਗਾਇਨ ਕਰਨ ਵਾਲੇ ਸੰਤਾਂ ਭਗਤਾਂ ਨੂੰ ਇਸ ਦੁਨੀਆਂ ਵਿਚ ਭੇਜਦਾ ਰਹਿੰਦਾ ਹੈ ਜਿਹੜੇ ਸੰਸਾਰ ਦੇ ਲੋਕਾਂ ਨੂੰ ਸਿਫਤਿ-ਸਾਲਾਹ ਦੇ ਗੀਤ ਗਾ ਕੇ ਦਸਦੇ ਹਨ ਕਿ ਸਾਰੀਆਂ ਸ਼ਕਤੀਆਂ ਦਾ ਮਾਲਕ ਰੱਬ, ਕੇਵਲ ਪਿਆਰ ਨਾਲ ਹੀ ਵਸ ਵਿਚ ਕੀਤਾ ਜਾ ਸਕਦਾ ਹੈ, ਹੋਰ ਕੋਈ ਰਸਤਾ ਨਹੀਂ ਹੈ। ਇਸ ਲਈ ਹਰ ਇਕ ਸੰਤ ਮਹਾਤਮਾ ਇਕ ਨਵੇਂ ਤਰੀਕੇ ਨਾਲ, ਆਪਣੇ ਪ੍ਰੀਤਮ ਪਿਆਰੇ ਨੂੰ ਮਿਲਣ ਲਈ ਪਿਆਰ ਦੀਆਂ ਭੇਟਾ ਬਣਾਉਂਦਾ ਹੈ।

ਆਤਮ ਮਾਰਗ ਮੈਗਜ਼ੀਨ ਵੀ ਇਕ ਅਜਿਹਾ ਸੋਹਣਾ ਅਤੇ ਮੋਹਣਾ ਗੁਲਦਸਤਾ ਹੈ, ਜਿਸ ਵਿਚ ਭਾਂਤ-ਭਾਂਤ ਦੇ ਫੁੱਲ, ਸਮੇਂ ਸਮੇਂ ਸਿਰ ਉਗਾਏ ਜਾਂਦੇ ਹਨ ਅਤੇ ਉਨ੍ਹਾਂ ਦੀ ਮਹਿਕ ਅੱਜ ਸਾਰੀ ਦੁਨੀਆਂ ਵਿਚ ਫੈਲ ਗਈ ਹੈ। ਇਸ ਅਧਿਆਤਮਕ ਰਚਨਾ ਵਿਚ ਕਮਲ, ਗੁਲਾਬ, ਮੋਤੀਆ, ਰਾਤ ਦੀ ਰਾਣੀ ਅਤੇ ਹੋਰ ਪਤਾ ਨਹੀਂ ਕਿੰਨੇ ਖੁਸ਼ਬੂਦਾਰ ਫੁੱਲ ਹਨ ਜਿਹੜੇ ਮੌਸਮ ਦੇ ਮੁਤਾਬਿਕ ਉਗਾਏ ਜਾਂਦੇ ਹਨ ਅਤੇ ਮੌਸਮ ਦੀ ਤਬਦੀਲੀ ਦੇ ਨਾਲ ਹੀ ਨਵੇਂ ਫੁੱਲਾਂ ਦੀ ਬਹਾਰ ਫਿਰ ਆਉਣੀ ਸ਼ੁਰੂ ਹੋ ਜਾਂਦੀ ਹੈ। ਲੱਗਭੱਗ 12 ਵੱਖ-ਵੱਖ ਅਧਿਆਤਮਕ ਲੇਖਾਂ ਦਾ ਇਕ ਅਨੂੱਠਾ ਗੁਲਦਸਤਾ ਕਿਤੇ ਵੇਖਣ ਨੂੰ ਮਿਲੇ। ਬੇਮੌਸਮ ਵਿਚ ਉੱਗਿਆ ਹੋਇਆ ਫੁੱਲ ਤਾਂ ਮੁਰਝਾ ਜਾਂਦਾ ਹੈ ਪਰ ਆਤਮ ਮਾਰਗ ਗੁਲਦਸਤੇ ਵਿਚ ਲੱਗੇ ਹੋਏ ਫੁੱਲ ਤਾਂ ਸਦਾਬਹਾਰੀ ਹਨ। ਇਹ ਹਰ ਮੌਸਮ ਵਿਚ ਸਾਫ, ਸੁਗੰਧ ਦੇਣ ਵਾਲਾ ਪਿਆਰ ਨਾਲ ਲਬਾ-ਲਬ ਭਰਿਆ ਗੁਲਦਸਤਾ ਹੈ ਜਿਸਦੀ ਮਹਿਕ ਕਦੇ ਘੱਟ ਨਹੀਂ ਹੁੰਦੀ।

ਇਸ ਅਜੀਬੋ-ਗਰੀਬ ਗੁਲਦਸਤੇ ਵਿਚ ਕੁਝ ਚਿਰ ਪਹਿਲਾਂ 'ਕਿਵ ਸਚਿਆਰਾ ਹੋਈਐ' ਸਿਰਲੇਖ ਦੇ ਹੇਠ ਮਹਾਂਪੁਰਸ਼ਾਂ ਵਲੋਂ ਇਕ 'ਰਾਤ ਦੀ ਰਾਣੀ' ਦਾ ਸੋਹਣਾ ਬੂਟਾ ਉਗਾਇਆ ਗਿਆ ਜਿਹੜਾ ਲਿਖਤ ਰੂਪ ਵਿਚ ਸਾਢੇ ਤਿੰਨ ਸਾਲਾਂ ਤਕ ਆਤਮ ਮਾਰਗ ਦੀ ਸ਼ੋਭਾ ਵਧਾਉਂਦਾ ਰਿਹਾ। ਕੁਦਰਤ ਵਿਚ ਉੱਗੇ ਹੋਏ ਬੂਟੇ, ਆਪਣੀ ਨਿਰਧਾਰਿਤ ਉਮਰ ਪੂਰੀ ਕਰਕੇ ਮਰ ਜਾਂਦੇ ਹਨ ਪਰ ਇਹ ਜਿਹੜਾ ਸਦਾ ਬਹਾਰੀ ਬੂਟਾ ਲਗਾਇਆ ਹੈ ਜਿਹੜਾ ਅਮਿਤ ਕਾਲ ਤਕ ਆਪਣੀ ਅਮਿੱਟ ਛਾਪ ਜਗਿਆਸੂਆਂ ਤੇ ਲਾਉਂਦਾ ਰਹੇਗਾ। ਪਤਾ ਨਹੀਂ, ਕਿੰਨੇ ਲੋਕੀ ਗਿਆਨ ਦੀ ਪਿਆਸ ਨੂੰ ਬੁਝਾਉਣ ਲਈ, ਇਸ ਦੀ ਸੁਗੰਧ ਦਾ ਰਸ ਮਾਨਣ ਲਈ, ਆਪਣੇ-ਆਪਣੇ ਜੀਵਨ ਨੂੰ ਸਫਲਾ ਕਰਨ ਲਈ ਰਾਤਾਂ ਜਾਗ ਕੇ, ਇਸ ਦੀ ਇਕ-ਇਕ ਲਾਇਨ ਦੀ ਮਹਿਕ ਨੂੰ ਭੌਰੇ ਦੀ ਤਰ੍ਹਾਂ ਰਸ ਪੀ ਕੇ ਆਨੰਦ ਮਾਣਦੇ ਰਹਿਣਗੇ।

ਇਸੇ ਤਰ੍ਹਾਂ 'ਅਮਰ ਕਥਾ' ਨਾਂ ਦੇ ਸਿਰਲੇਖ ਦੇ ਵਿਚ ਇਕ ਨਵਾਂ ਕਮਲ ਫੁੱਲ ਅਜ ਕਲ੍ਹ ਮੈਗਜ਼ੀਨ ਦੀ ਸ਼ੋਭਾ ਨੂੰ ਚਾਰ ਚੰਨ ਲਾ ਰਿਹਾ ਹੈ। ਅਜਿਹਾ ਸੁਣਿਆ ਜਾਂਦਾ ਹੈ ਕਿ ਸ਼ੰਕਰ ਜੀ ਨੇ, ਪਾਰਵਤੀ ਜੀ ਨੂੰ ਇਹ ਅਮਰ ਕਥਾ ਇਕੱਲੇ ਵਿਚ ਸੁਣਾਉਣ ਦੀ ਗੱਲ ਕਹੀ ਸੀ, ਇਸ ਲਈ ਦੂਰ ਦੁਰਾਡੇ ਜੰਗਲਾਂ ਵਿਚੋਂ ਘੁੰਮਦੇ ਹੋਏ ਹਿਮਾਲਿਆ ਦੀਆਂ ਬਰਫੀਲੀ ਚੋਟੀਆਂ ਤੇ ਪੁੱਜ ਕੇ ਇਕ ਗੁਫਾ ਵਿਚ ਬੈਠ ਕੇ ਇਹ ਕਥਾ ਸੁਣਾਈ ਸੀ ਅਤੇ ਉਥੇ ਇਕ ਤੋਤੇ ਨੇ ਸੁਣ ਲਈ ਸੀ, ਜਿਹੜਾ ਅਮਰ ਹੋ ਗਿਆ ਸੀ ਪਰ ਆਤਮ-ਮਾਰਗ ਦੀ ਅਮਰ ਕਥਾ ਵਿਚ ਇਕੱਲੇਪਨ ਦੀ ਲੋੜ ਨਹੀਂ ਜਿਥੇ ਚਾਹੋ, ਜਿਸ ਵੇਲੇ ਮਨ ਕਰ ਆਵੇ, ਕਿਸੇ ਵੀ ਲੇਖ ਨੂੰ ਪੜ੍ਹ ਲਵੋ, ਜੇ ਪੜ੍ਹਨ ਦੀ ਇੱਛਾ ਹੋਵੇ, ਉਹ ਲੇਖ ਅਮਰ ਕਥਾ ਵਾਂਗੂੰ ਦਿਲ ਅਤੇ ਦਿਮਾਗ ਤੇ ਛਾਪ ਲਾਉਂਦਾ ਹੀ ਹੈ। 16 ਪੰਖੜੀਆਂ ਦਾ ਇਹ ਕਮਲ ਹੁਣ ਤਕ ਜੁਲਾਈ ਮਹੀਨੇ ਵਿਚ ਆਪਣੀ ਬਾਰ੍ਹਵੀਂ ਪੰਖੜੀ ਦੀ ਨਿਰਾਰੀ ਕਥਾ ਸੁਣਾਉਣ ਲਈ ਗੁਲਦਸਤੇ ਦੀ ਸ਼ੋਭਾ ਵਧਾਉਂਦਾ ਹੋਇਆ, ਆਪ ਜੀ ਦੇ ਦਸਤੇਮੁਬਾਰਕ ਵਿਚ ਆ ਰਿਹਾ ਹੈ।

ਜਦੋਂ ਤੋਂ ਡਾਕਟਰ ਸਵਾਮੀ ਰਾਮ ਜੀ ਦਾ ਤੇ ਮਹਾਂਪੁਰਸ਼ਾਂ ਦਾ ਮੇਲ ਹੋਇਆ ਤਾਂ ਪਹਿਲੀ ਮੁਲਾਕਾਤ ਵਿਚ ਹੀ ਇਕੋ ਵਾਰੀ ਵਿਚ ਯੋਗ ਅਤੇ ਭਗਤੀ ਦਾ ਅਜਿਹਾ ਸਬੰਧ ਜੁੜਿਆ, ਜਿਸ ਦੀ ਮਿਸਾਲ ਦੁਨੀਆਂ ਵਿਚ ਹੁਣ ਤਕ ਕਾਇਮ ਹੈ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਵਲੋਂ ਤਿਆਰ ਕੀਤਾ ਜਾਣ ਵਾਲਾ ਇਹ, ਅਜੀਬ ਅਨੂਠਾ ਸੋਹਣਾ, ਮੋਹਣਾ ਅਧਿਆਤਮਕ ਗੁਲਦਸਤਾ, ਆਪਣੀ ਸੁਗੰਧ ਸਾਰੀ ਦੁਨੀਆਂ ਨੂੰ ਦੇ ਰਿਹਾ ਹੈ ਅਤੇ ਦਿੰਦਾ ਰਹੇਗਾ।

ਇੰਨੇ ਸੋਹਣੇ, ਮਨਮੋਹਣੇ ਗੁਲਦਸਤੇ ਨੂੰ ਪਾ ਕੇ ਮਨ ਵਿਚ ਬਦੋ-ਬਦੀ ਵਿਚਾਰ ਉਠਦੇ ਹਨ ਕਿ ਇਸ ਦੇ ਬਣਾਉਣ ਵਾਲੇ ਦੇ ਪ੍ਰਤੀ, ਆਪਣੇ ਭਾਵ ਕਿਨ੍ਹਾਂ ਸ਼ਬਦਾਂ ਨਾਲ ਪ੍ਰਗਟ ਕੀਤੇ ਜਾਣ। ਸਾਡੇ ਕੋਲ ਤਾਂ ਅਜਿਹੇ ਸ਼ਬਦ ਹੀ ਨਹੀਂ ਹਨ ਜਿਨ੍ਹਾਂ ਨਾਲ ਆਭਾਰ ਪ੍ਰਗਟ ਕੀਤਾ ਜਾ ਸਕੇ। ਮਹਾਂਪੁਰਸ਼ ਤਾਂ ਨਿੰਦਾ ਅਤੇ ਉਸਤਤ ਤੋਂ ਕਰੋੜਾਂ ਕਰੋੜਾਂ ਮੀਲ ਦੂਰ ਰਹਿੰਦੇ ਹਨ। ਜਗਿਆਸੂ ਭੌਰਿਆਂ ਨੂੰ ਇਹ ਸਦਾਬਹਾਰੀ ਗੁਲਦਸਤਾ ਸਦਾ ਗਿਆਨ ਅੰਮ੍ਰਿਤ ਪਿਲਾਉਂਦਾ ਰਹੇ। ਇਸੇ ਸ਼ੁਭ ਕਾਮਨਾ ਅਤੇ ਸ਼ੁਭ ਭਾਵਨਾ ਨਾਲ ਸਾਰੇ ਵਿਸ਼ਵ ਦਾ ਸੰਤਾਪ ਦੂਰ ਕਰਦਾ ਰਹੇ, ਸਦਾਬਹਾਰੀ ਗੁਲਦਸਤੇ ਨੂੰ ਨਿਤ ਨਵੇਂ-ਨਵੇਂ ਫੁਲਾਂ ਨਾਲ ਸਜਾਉਂਦੇ ਸੰਵਾਰਦੇ ਰਹਿਣ, ਇਹੋ ਹੀ ਦਿਲੀਂ ਤਮੰਨਾ ਹੈ।

***ਡਾ. ਡੀ ਕੇ ਪਾਂਡੇ***
***ਐਡੀਟਰ - ਹਿੰਦੀ ਆਤਮ ਮਾਰਗ***

LLLLLL

# ਪੰਚ ਪਰਵਾਣ

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ***

ਜਿਸ ਤਰ੍ਹਾਂ ਮੱਸਿਆ ਦੀ ਰਾਤ ਵਿਚ ਹਨ੍ਹੇਰਾ ਹੀ ਹਨ੍ਹੇਰਾ ਹੁੰਦਾ ਹੈ ਉਸੇ ਤਰ੍ਹਾਂ ਕਲਜੁਗੀ ਜੀਵਾਂ ਦੇ ਮਨਾਂ ਦੇ ਅੰਦਰ ਹਨ੍ਹੇਰਾ ਛਾ ਰਿਹਾ ਹੈ। ਕਲਜੁਗ ਦਾ ਅਸਰ ਬਹੁਤ ਜ਼ਿਆਦਾ ਪੈ ਰਿਹਾ ਹੈ, ਜਿਸ ਕਰਕੇ ਖਿਆਲਾਂ ਵਿਚ ਬੜੀ ਤੇਜ਼ੀ ਨਾਲ ਪਰਿਵਰਤਨ ਆ ਰਿਹਾ ਹੈ। ਮਨੁੱਖਤਾ ਸਤਿ ਤੋਂ ਦੂਰ ਹੁੰਦੀ ਚਲੀ ਜਾ ਰਹੀ ਹੈ। ਅਜਿਹੇ ਸਮੇਂ ਵਾਹਿਗੁਰੂ ਜੀ ਆਪਣੇ ਪਿਆਰੇ ਸੰਤਾਂ, ਮਹਾਂਪੁਰਸ਼ਾਂ ਨੂੰ ਧਰਤੀ ਤੇ ਭੇਜਦੇ ਹਨ ਤਾਂ ਕਿ ਭੁਲੇ-ਭਟਕੇ ਜੀਵਾਂ ਦਾ ਉਧਾਰ ਹੋ ਜਾਵੇ, ਉਹ ਸੰਤਾਂ ਦੇ ਬਚਨ ਸੁਣ ਲੈਣ ਤੇ ਫੇਰ ਕਮਾਈ ਕਰ ਲੈਣ। ਇਸੇ ਤਰ੍ਹਾਂ ਸੰਤ ਵਰਿਆਮ ਸਿੰਘ ਜੀ ਨੇ ਇਹ ਦੀਵਾਨ ਸੰਗਤਾਂ ਦੇ ਉਧਾਰ ਲਈ ਮੋਹਾਲੀ ਵਿਖੇ ਮਿਤੀ 30.12.84 ਨੂੰ ਲਗਾਇਆ -

***ਸਤਿਨਾਮ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥***

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦਾ-2, 2***
***ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦਾ-2,2.***
***ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,......-2.***

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26***

ਸਾਧਸੰਗਤ ਜੀ, ਆਪ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ। ਹਰ ਵਾਰੀ ਇਹ ਬੇਨਤੀ ਕੀਤੀ ਜਾਂਦੀ ਹੈ ਕਿ -

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥ ਪੰਨਾ - 72***

ਨਾਮ ਦੀ ਮਹਿਮਾ, ਨਾਮ ਜਪਣ ਵਾਲਿਆਂ ਦੀ ਮਹਿਮਾਂ ਤੇ ਨਾਮੀ ਦੀ ਮਹਿਮਾ, ਜਿਸ ਥਾਂ ਤੇ ਹੋਵੇ, ਉਸ ਨੂੰ ਸਤਿਸੰਗਤ ਆਖਦੇ ਹਨ, ਕਿਉਂਕਿ ਵਾਹਿਗੁਰੂ ਸਤਿ ਹੈ। ਸੰਗਤ ਕਹਿੰਦੇ ਹਨ ਕਿਸੇ ਚੀਜ਼ ਨਾਲ ਜੁੜਨ ਨੂੰ; ਉਹਦੇ ਨਾਲ ਜਦੋਂ ਮਨ ਜੁੜ ਜਾਂਦਾ ਹੈ, ਮਨ ਇਕਾਗਰ ਹੋ ਜਾਂਦਾ ਹੈ ਤਾਂ ਉਸ ਨੂੰ ਸਤਿਸੰਗ ਕਹਿੰਦੇ ਹਨ। ਸਤਿਸੰਗ collective (ਸਮੂਹਕ) ਵੀ ਹੁੰਦੀ ਹੈ, individual (ਵਿਅਕਤੀਗਤ) ਵੀ। ਇਸ ਕਰਕੇ ਜਦੋਂ ਕੋਈ ਪ੍ਰੇਮੀ ਸੁਰਤੀ ਨੂੰ ਖਿਚ ਕੇ ਚਿੱਤ ਬਿਰਤੀ ਨੂੰ ਇਕਾਗਰ ਕਰੇ, ਫੁਰਨਿਆਂ ਨੂੰ ਰੋਕ ਕੇ, ਕਲਪਨਾਵਾਂ ਨੂੰ ਰੋਕ ਕੇ, ਚਿਤ ਬਿਰਤੀ ਨੂੰ ਨਾਮ ਵਿਚ ਇਕਾਗਰ ਕਰੇ, ਸਤਿ ਨਾਲ ਜੁੜਦਾ ਹੈ ਤਾਂ ਸਤਿ ਸੰਗਤ ਹੋ ਜਾਂਦੀ ਹੈ।

ਸੋ ਇਸ ਤਰ੍ਹਾਂ ਜਦੋਂ ਅਸੀਂ ਸਤਿਸੰਗ ਵਿਚ ਆ ਜਾਂਦੇ ਹਾਂ ਅਤੇ ਇਕ ਛਿਨ ਮਾਤਰ ਵੀ ਚਿਤ ਇਕਾਗਰ ਹੋ ਜਾਵੇ ਤਾਂ ਉਹਦਾ ਫਲ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਪੰਨਾ - 546***

ਕਈ ਕਰੋੜ ਜਗਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਕਾਫੀ ਸਮੇਂ ਤੋਂ ਇਕ subject (ਵਿਸ਼ਾ) ਲਿਆ ਜਾ ਰਿਹਾ ਹੈ ਕਿ ਵਾਹਿਗੁਰੂ ਜੀ ਨੂੰ ਕਿਸ ਤਰ੍ਹਾਂ ਮਿਲਿਆ ਜਾ ਸਕਦਾ ਹੈ। ਉਹਦੇ ਵਖਰੇ ਵਖਰੇ ਪਹਿਲੂਆਂ ਉਤੇ ਹਰ ਸਤਿਸੰਗ ਵਿਚ ਵਿਚਾਰ ਕੀਤੀ ਜਾਂਦੀ ਹੈ, ਬਹੁਤ ਸਾਰੇ ਪਹਿਲੂ ਆਪਾਂ ਨੇ ਵਿਚਾਰੇ ਹਨ। ਬਹੁਤ ਸਾਰੇ ਪ੍ਰੇਮੀਆਂ ਦੇ ਯਾਦ ਹੋਵੇਗਾ, ਬਹੁਤ ਸਾਰਿਆਂ ਨੇ ਲਿਖ ਵੀ ਲਏ ਹਨ, ਟੇਪ ਵੀ ਕਰ ਲਏ ਹਨ; ਉਹਨਾਂ ਦੇ ਵਿਚੋਂ ਇਕ ਹੈ - ਨਾਮ ਜਪਣਾ ਤੇ ਸੇਵਾ ਕਰਨੀ। ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਹਨ - ਨਾਮ ਤੇ ਸੇਵਾ। ਜਿਥੇ ਤਪਸਿਆ ਹੋਇਆ ਕਰਦੀ ਹੈ, ਧੂਣੀਆਂ ਤਪਾ ਕੇ ਸਰੀਰ ਨੂੰ ਕਸ਼ਟ ਦਿਤਾ ਜਾਂਦਾ ਹੈ ਤੇ ਸਰਦੀਆਂ ਵਿਚ ਨਹਿਰ ਦੇ ਪਾਣੀ ਵਿਚ ਘੰਟਿਆਂ ਬਧੀ ਖਲੋਇਆ ਜਾਂਦਾ ਹੈ, ਇਸੇ ਤਰ੍ਹਾਂ ਖਲੋ ਕੇ ਸਰੀਰ ਨੂੰ ਭੁਖੇ ਰੱਖ ਕੇ ਤਕਲੀਫ ਦੇਣੀ, ਕਸ਼ਟ ਦੇਣਾ ਆਦਿ। ਸੋ ਉਹਦੀ ਥਾਂ ਤੇ ਗੁਰੂ ਮਹਾਰਾਜ ਨੇ ਸੇਵਾ ਪ੍ਰਚਲਤ ਕੀਤੀ, ਕਿਉਂਕਿ ਸੇਵਾ ਬਹੁਤ ਵੱਡੀ ਚੀਜ਼ ਹੈ, ਇਸ ਦੀ ਮਹਿਮਾ ਬਾਰੇ ਕੋਈ ਕਹਿ ਨਹੀਂ ਸਕਦਾ। ਸੋ ਗੁਰੂ ਘਰ ਦੇ ਅੰਦਰ ਸੇਵਾ ਦੇ ਬਹੁਤ ਪ੍ਰਮਾਣ ਹਨ। ਸੇਵਾ ਦੇ ਬਹੁਤ ਭੇਦ ਹਨ, ਕਦੀ ਸਮਾਂ ਮਿਲਿਆ ਤਾਂ ਫੇਰ ਖੋਲ੍ਹ ਕੇ ਵੀਚਾਰ ਕਰਾਂਗੇ ਕਿ ਸੇਵਾ ਕਿਸ ਤਰ੍ਹਾਂ ਹੋ ਸਕਦੀ ਹੈ, ਕੌਣ ਕਰ ਸਕਦਾ ਹੈ, ਕਿਸ ਨੂੰ ਅਧਿਕਾਰ ਹੈ ਸੇਵਾ ਕਰਨ ਦਾ, ਕਿਸ ਦੀ ਸੇਵਾ ਥਾਂ ਪੈਂਦੀ ਹੈ। ਸੋ ਅੱਜ ਦੇ ਦੀਵਾਨ ਵਿਚ ਆਪਾਂ ਨੇ ਦੋ ਪਹਿਲੂਆਂ ਤੇ ਵੀਚਾਰ ਕਰਨੀ ਹੈ - ਸੇਵਾ ਅਤੇ, ਸਿਮਰਨ ਤੇ।

ਜਦੋਂ ਦਸ਼ਮੇਸ਼ ਪਿਤਾ ਅਨੰਦਪੁਰ ਸਾਹਿਬ ਦੇ ਅੰਦਰ ਸੰਗਤਾਂ ਨੂੰ ਤਾਰ ਰਹੇ ਸੀ, ਇਕ ਪ੍ਰੇਮੀ ਲਾਹੌਰ ਵਿਖੇ ਰਹਿੰਦਾ ਸੀ ਜੋ ਬੜਾ ਸੁੰਦਰ ਸੀ, ਹਸਮੁਖ ਸੀ, ਉਸ ਕੋਲ ਧਨ ਵੀ ਬਹੁਤ ਸੀ, ਪੜ੍ਹਿਆ ਲਿਖਿਆ ਸੀ, ਦੁਨਿਆਵੀ ਸੁਖਾਂ ਦਾ ਕੋਈ ਘਾਟਾ ਨਹੀਂ ਸੀ, ਲਹੌਰ ਵਿਚ ਰਹਿ ਕੇ ਵੈਦਿਕ ਦਾ ਕੰਮ ਕਰਦਾ ਸੀ, ਲੋਕਾਂ ਕੋਲੋਂ ਪੈਸੇ ਨਹੀਂ ਸੀ ਲੈਂਦਾ, ਘਰ ਦੇ ਅੰਦਰ ਬਹੁਤ ਚੰਗਾ ਗੁਜ਼ਾਰਾ ਚਲਦਾ ਸੀ। ਬਸ ਏਹੋ ਮਨ ਵਿਚ ਰਹਿੰਦਾ ਸੀ ਕਿ ਦੁਖੀਆਂ ਦੀ ਵੱਧ ਤੋਂ ਵੱਧ ਸੇਵਾ ਕਰਦਾ

ਰਹਾਂ। ਇਸ ਤੋਂ ਇਲਾਵਾ ਉਹ ਯੋਗ ਸਾਧਨ ਵੀ ਕਰਦਾ ਸੀ, ਤੀਰਥਾਂ ਤੇ ਜਾ ਕੇ ਇਸ਼ਨਾਨ ਵੀ ਕਰਦਾ ਸੀ, ਦਾਨ ਵੀ ਕਰਦਾ ਰਹਿੰਦਾ ਸੀ, ਹੋਰ ਵੀ ਬੇਅੰਤ ਸ਼ੁਭ ਕਰਮ ਕਰਦਾ ਸੀ, ਪ੍ਰਾਸ਼ਚਿਤ ਕਰਮ ਵੀ ਕਰਦਾ ਰਹਿੰਦਾ ਸੀ, ਨਿਸ਼ਕਾਮ ਕਰਮ ਵੀ ਕਰਦਾ ਰਹਿੰਦਾ ਸੀ, ਸਭ ਕੁਝ ਕਰਨ ਦੇ ਬਾਵਜੂਦ ਵੀ ਮਨ ਨੂੰ ਸ਼ਾਂਤੀ ਨਹੀਂ ਸੀ ਮਿਲਦੀ ਕਿਉਂਕਿ ਅਜੇ ਤੱਕ ਕੋਈ ਰਾਹ ਨਹੀਂ ਸੀ ਮਿਲਿਆ। ਪੁਸਤਕਾਂ ਪੜ੍ਹਦਾ ਸੀ ਪਰ ਅਜੇ ਤੱਕ ਪੁਸਤਕਾਂ ਨੇ ਵੀ ਕੋਈ ਰਾਹ ਨਾ ਦਸਿਆ। ਓਨੀਂ ਦੇਰ ਤੱਕ ਰਸਤਾ ਨਹੀਂ ਮਿਲਦਾ ਜਦੋਂ ਤੱਕ ਰਸਤਾ ਜਾਨਣ ਵਾਲਾ ਨਾ ਮਿਲ ਜਾਵੇ। ਪੁਸਤਕਾਂ ਦੇ ਅੰਦਰ ਆਦਮੀ ਗਵਾਚ ਜਾਇਆ ਕਰਦਾ ਹੈ, ਬੰਦਾ ਭੁਲ ਭੁਲਾਈਆਂ ਵਿਚ ਪੈ ਜਾਂਦਾ ਹੈ ਫਿਰ ਨਿਕਲਣ ਦਾ ਪਤਾ ਨਹੀਂ ਲਗਦਾ। ਸੋ ਮਨ ਵਿਚ ਸ਼ਾਂਤੀ ਨਹੀਂ ਆ ਰਹੀ। ਚਿਤ ਬਿਰਤੀ ਸ਼ਾਂਤ ਨਾ ਹੋਣ ਕਰਕੇ, ਉਹ ਸਦਾ ਇਸ ਤਰ੍ਹਾਂ ਹੀ ਮਹਿਸੂਸ ਕਰਦਾ ਹੈ ਕਿ ਮੇਰੇ ਅੰਦਰ ਕਿਸੇ ਚੀਜ਼ ਦੀ ਘਾਟ ਹੈ ਜਿਸ ਕਰਕੇ ਰਸ ਨਹੀਂ ਆ ਰਿਹਾ। ਘਰ ਦੇ ਅੰਦਰ ਵੀ ਕੋਈ ਕਲਪਨਾ ਨਹੀਂ ਹੈ, ਇਸਤ੍ਰੀ ਵੀ ਪਤੀਬ੍ਰਤਾ ਹੈ, ਮਹਾਰਾਜ ਨੇ ਪੁੱਤਰਾਂ ਦੀ ਵੀ ਬੜੀ ਸੋਹਣੀ ਜੋੜੀ ਬਖਸ਼ੀ ਹੋਈ ਹੈ, ਸਮਾਜ ਦੇ ਅੰਦਰ ਇਜ਼ਤ ਵੀ ਬਹੁਤ ਹੈ, ਕੋਈ ਉਲਝੇਵਾਂ ਵੀ ਨਹੀਂ ਹੈ, ਕੋਈ ਕਿਸੇ ਨਾਲ ਦੁਸ਼ਮਨੀ ਨਹੀਂ ਹੈ, ਕੋਈ ਕਿਸੇ ਨਾਲ ਮੁਕੱਦਮੇਬਾਜ਼ੀ ਨਹੀਂ ਹੈ, ਫੇਰ ਵੀ ਮਨ ਸ਼ਾਂਤ ਕਿਉਂ ਨਹੀਂ ਹੁੰਦਾ? ਮਨ ਦੇ ਵਿਚ ਕਿਹੜੀ ਚੀਜ਼ ਹੈ ਜੋ ਖਾਲੀ ਖਾਲੀ ਲਗਦੀ ਹੈ। ਇਹ ਸਾਧੂ ਸੰਤਾਂ ਦੀ ਸੰਗਤ ਵੀ ਕਰਦਾ ਹੈ ਪਰ ਅਜੇ ਕੋਈ ਜੀਵਨ ਵਾਲਾ ਰਸੀਆ ਨਹੀਂ ਮਿਲਿਆ, ਜਿਹੜਾ ਜੀਵਨ ਦੀ ਰੌ ਅੰਦਰ ਰੁਮਕਾ ਦੇਵੇ।

ਇਸ ਪ੍ਰੇਮੀ ਜਿਸ ਦਾ ਨਾਮ 'ਸੁਜਾਨ ਰਾਇ' ਹੈ। ਇਕ ਵਾਰੀ ਦਸ਼ਮੇਸ਼ ਪਿਤਾ ਦੇ ਕਵੀ ਸੈਨਾਪਤੀ ਤੇ ਅੰਮ੍ਰਿਤ ਰਾਇ ਜੀ ਏਥੇ ਆਏ। ਇਹ ਦੋਨੋਂ ਮਸ਼ਹੂਰ ਕਵੀ ਸਨ। ਭਾਈ ਅੰਮ੍ਰਿਤ ਰਾਇ ਜੀ ਨਾਲ ਇਹਨਾਂ ਦੀ ਭੇਟ ਹੋਈ ਤੇ ਪੁਛਿਆ ਕਿ ਤੁਸੀਂ ਕਿਥੇ ਰਹਿੰਦੇ ਹੋ? ਕੀ ਤੁਹਾਡਾ ਮਨ ਸ਼ਾਂਤ ਹੈ? ਉਹਨਾਂ ਨੇ ਉਤਰ ਦਿਤਾ ਕਿ ਹਾਂ ਜੀ, ਸਾਡਾ ਮਨ ਤਾਂ ਸ਼ਾਂਤ ਹੈ। ਭਾਈ ਸੁਜਾਨ ਰਾਇ ਜੀ ਕਹਿਣ ਲਗੇ ਕਿ ਮੇਰਾ ਮਨ ਕਿਉਂ ਨਹੀਂ ਸ਼ਾਂਤ ਹੁੰਦਾ ਜਦੋਂ ਕਿ ਮੈਂ ਸਭ ਕੁਝ ਕਰਦਾ ਹਾਂ ਪਰ ਮੇਰੇ ਮਨ ਵਿਚ ਸ਼ਾਂਤੀ ਨਹੀਂ ਆਉਂਦੀ। ਕਹਿਣ ਲਗੇ, ਸੁਜਾਨ ਰਾਇ ਜੀ! ਦਸ਼ਮੇਸ਼ ਪਿਤਾ ਕਲਜੁਗ ਦੇ ਐਸ ਵੇਲੇ ਤਾਰਕ ਹਨ – ਗੁਰੂ ਨਾਨਕ ਦਾ ਦਸਵਾਂ ਸਰੂਪ। ਉਹਨਾਂ ਕੋਲ ਸ਼ਕਤੀ (authority) ਹੈ। ਜਦੋਂ ਤੱਕ ਕੋਈ authority ਵਾਲਾ ਨਾ ਮਿਲੇ, ਉਨੀ ਦੇਰ ਤੱਕ ਸ਼ਾਂਤੀ ਨਹੀਂ ਆਇਆ ਕਰਦੀ। ਉਹ ਕਲਜੁਗ ਨੂੰ ਤਾਰਨ ਵਾਸਤੇ ਹੀ ਆਏ ਹਨ, ਕਲਜੁਗ ਉਹਨਾਂ ਨੂੰ ਸੌਂਪਿਆ ਗਿਆ ਹੈ। ਸੋ ਉਹਨਾਂ ਦਾ ਬਾਣੀ ਦੇ ਅੰਦਰ ਫੁਰਮਾਨ ਹੈ ਕਿ ਧਨ ਭਾਵੇਂ ਕਿੰਨਾ ਹੀ ਕਿਉਂ ਨਾ ਹੋਵੇ, ਲੇਕਿਨ ਸ਼ਾਂਤੀ ਨਹੀਂ ਆਇਆ ਕਰਦੀ, ਏਸ ਤਰ੍ਹਾਂ ਪੜ੍ਹ ਲਓ–

*ਧਾਰਨਾ – ਕਿਤ ਬਿਧ ਮਨ ਧੀਰੇ ਜੀ – 2, 2.*
*ਬਿਨ ਹਰਿ ਨਾਮ ਨ ਸ਼ਾਂਤ ਹੋਏ – 2,2.*

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*

*ਪੰਨਾ – 707*

ਅੰਮ੍ਰਿਤ ਰਾਇ ਜੀ ਕਹਿਣ ਲਗੇ, ਮਾਇਆ ਦੇ ਅੰਬਾਰ ਲਗੇ ਹੋਣ, ਸੁੰਦਰ ਸੇਜਾਂ ਹੋਣ, ਸੁਖਾਂ ਦੀ ਕੋਈ ਗਿਣਤੀ ਨਾ ਹੋਵੇ, ਘਰ ਵਿਚੋਂ ਚੰਦਨ ਦੀਆਂ ਸੁਗੰਧੀਆਂ ਆ ਰਹੀਆਂ ਹੋਣ, ਸਜਾਵਟ ਐਸੀ ਹੋਵੇ ਕਿ ਸੋਨੇ ਦੀਆਂ ਪਲੇਟਾਂ ਤੇ ਹੀਰੇ ਜਵਾਹਰਾਤ ਲਗੇ ਹੋਣ, ਸਾਰੇ ਸੁਖ ਪ੍ਰਾਪਤ ਹੋਣ ਪਰ ਸਭ ਕੁਝ ਹੋਣ ਦੇ ਬਾਵਜੂਦ ਵੀ ਜੇ ਵਾਹਿਗੁਰੂ ਚੇਤੇ ਨਹੀਂ ਆਉਂਦਾ, ਭਾਵੇਂ ਉਹ ਸੰਸਾਰਕ ਤੌਰ ਤੇ ਕਿੱਡਾ ਹੀ ਵੱਡਾ ਬੰਦਾ ਹੈ, ਉਹ ਇਕ ਵਿਸ਼ਟਾ ਦੇ ਕੀੜੇ ਦੇ ਬਰਾਬਰ ਹੈ। ਜੇ ਜ਼ਿੰਦਗੀ ਵਿਚ ਇਨਸਾਨੀ ਜਾਮਾ ਪਾ ਕੇ ਖੋਜ ਨਹੀਂ ਕੀਤੀ ਕਿ ਜਾਮੇ ਦੇ ਅੰਦਰ ਪਰਮੇਸ਼ਰ ਨੇ ਕਿਤਨਾ ਕੁਝ ਰਖਿਆ ਹੋਇਆ ਹੈ, ਫਿਰ ਤਾਂ ਜੀਵਨ ਬੇਅਰਥ ਹੈ। ਸਾਰੇ ਬ੍ਰਹਮੰਡ ਦਾ ਖਾਕਾ ਇਸ ਦੇ ਅੰਦਰ ਹੈ –

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥*

*ਪੰਨਾ – 695*

ਜੋ ਕੁਝ ਬ੍ਰਹਿਮੰਡ ਦੇ ਅੰਦਰ ਹੈ, ਓਹੀਓ ਇਸ ਸਰੀਰ ਦੇ ਅੰਦਰ ਵੀ ਹੈ। ਵਾਹਿਗੁਰੂ ਬੇਅੰਤ ਹੈ, ਜੋ ਕਿਧਰੇ ਨਹੀਂ ਸਮਾਅ ਸਕਦਾ, ਉਹ ਇਸ ਸਰੀਰ ਦੇ ਅੰਦਰ ਸਮਾਇਆ ਹੋਇਆ ਹੈ। ਸੋ ਜਿਸਨੇ ਮਾਨਸ ਜਨਮ ਦੇ ਮੌਕੇ ਦਾ ਲਾਭ ਨਹੀਂ ਲਿਆ, ਲਾਹਾ ਨਹੀਂ ਲਿਆ, ਉਹ ਇਕ ਵਿਸ਼ਟਾ ਦੇ ਕੀੜੇ ਦੇ ਸਮਾਨ ਹੈ –

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*

*ਪੰਨਾ – 707*

ਨਾਮ ਤੋਂ ਬਿਨਾਂ ਮਨ ਨੂੰ ਧੀਰਜ ਨਹੀਂ ਮਿਲਦੀ, ਇਸ ਲਈ ਨਾਮ ਦੀ ਪ੍ਰਾਪਤੀ ਜ਼ਰੂਰੀ ਹੈ। ਭਾਈ ਸੁਜਾਨ ਰਾਇ ਦੱਸਣ ਲੱਗਾ ਕਿ ਮੈਂ ਰਾਮ ਨਾਮ ਦੀਆਂ ਮਾਲਾਂ ਫੇਰਦਾ ਹਾਂ, 'ਓਮ' ਦਾ ਵੀ ਮੈਂ ਜਾਪ ਕਰਦਾ ਹਾਂ, 'ਸੋਹੰ' ਦਾ ਮੈਂ ਜਾਪ ਕਰਦਾ ਹਾਂ, 'ਸੋਹੰ ਹੰਸਾ' ਦਾ, 'ਓਅੰ' ਦਾ ਵੀ ਮੈਂ ਜਾਪ ਕਰਦਾ ਹਾਂ। ਮੈਂ ਸਾਰੇ ਸੰਤਾਂ ਤੋਂ ਸੁਣਦਾ ਰਹਿੰਦਾ ਹਾਂ, ਸਾਰੇ ਮੰਤਰਾਂ ਦਾ ਜਾਪ ਕਰਕੇ ਦੇਖਿਆ ਹੈ, ਪਰ ਮੇਰਾ ਮਨ ਕਿਧਰੇ ਟਿਕਦਾ ਨਹੀਂ। ਅੰਮ੍ਰਿਤ ਰਾਇ ਜੀ ਕਹਿਣ ਲੱਗੇ, ਨਾਮ ਇਸ ਤਰ੍ਹਾਂ ਪ੍ਰਾਪਤ ਨਹੀਂ ਹੁੰਦਾ, ਨਾਮ ਤਾਂ ਪੂਰੇ ਸਤਿਗੁਰਾਂ ਕੋਲ ਹੁੰਦਾ ਹੈ। ਜਿਤਨੀ ਦੇਰ ਤਕ ਨਾਮ ਸਤਿਗੁਰੂ ਤੋਂ ਪ੍ਰਾਪਤ ਨਹੀਂ ਹੁੰਦਾ, ਉਤਨੀ ਦੇਰ ਤੱਕ ਪਰਮੇਸ਼ਰ ਚਿਤ ਨਹੀਂ ਆਉਂਦਾ, ਜ਼ੋਰ ਨਾਲ ਨਾਮ ਨਹੀਂ ਜਪਿਆ ਜਾਂਦਾ। ਜਦੋਂ ਪਰਮੇਸ਼ਰ ਭੁਲ ਜਾਂਦਾ ਹੈ, ਉਦੋਂ ਸਾਰੀ ਦੁਨੀਆਂ ਦੇ ਦੁਖ ਤੇ ਸੰਤਾਪ ਚਿੰਬੜ ਜਾਂਦੇ ਹਨ ਕਿਉਂਕਿ ਸਾਰੇ ਦੁਖਾਂ ਦਾ ਇਲਾਜ ਪਰਮੇਸ਼ਰ ਨੇ ਇਸ ਸਰੀਰ ਦੇ ਅੰਦਰ ਰਖ ਦਿਤਾ ਹੈ ਜਿਸਨੂੰ ਨਾਮ ਆਖਦੇ ਹਨ –

*ਧਾਰਨਾ – ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*

*ਇਕੋ ਨਾਮ ਵਾਹਿਗੁਰੂ ਦਾ-2, 2.*
*ਮੇਰੇ ਪਿਆਰੇ, ਇਕੋ ਨਾਮ ਵਾਹਿਗੁਰੂ ਦਾ - 2, 2.*
*ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,.......-2.*

***ਸਰਬ ਰੋਗ ਕਾ ਅਉਖਦੁ ਨਾਮੁ॥***
***ਕਲਿਆਣ ਰੂਪ ਮੰਗਲ ਗੁਣ ਗਾਮ॥ ਪੰਨਾ - 274***

ਗੁਰੂ ਮਹਾਰਾਜ ਨੇ ਸੰਸਾਰ ਦੇ ਦੁਖਾਂ ਦਾ, ਤਕਲੀਫਾਂ ਦਾ, ਸੰਤਾਪਾਂ ਦਾ, ਵਿਘਨਾਂ ਦਾ, ਸਾਰਿਆਂ ਦਾ ਇਲਾਜ ਕੇਵਲ ਪਰਮੇਸ਼ਰ ਦਾ ਨਾਮ ਦਸਿਆ ਹੈ ਪਰ ਕੋਈ ਪਰਮੇਸ਼ਰ ਦੇ ਨਾਮ ਦੀ ਮਹਿਮਾ ਨਹੀਂ ਜਾਣਦਾ। ਸੁਖਮਨੀ ਸਾਹਿਬ, ਜਿਸਦੇ 24000 ਅੱਖਰ ਹਨ, 24 ਸਲੋਕ ਹਨ, 24 ਅਸਟਪਦੀਆਂ ਹਨ, ਜਿਸਦੇ ਅੰਦਰ ਕਰਮ, ਉਪਾਸ਼ਨਾ, ਗਿਆਨ, ਵਿਗਿਆਨ, ਚਾਰੇ ਚੀਜ਼ਾਂ ਹਨ ਜੋ ਹਜ਼ਾਰਾਂ ਗ੍ਰੰਥਾਂ ਦਾ ਨਿਚੋੜ ਹੈ।

ਜਿਥੇ ਗੁਰੂ ਮਹਾਰਾਜ ਨੇ ਆਤਮ ਕਲਿਆਣ ਵਾਸਤੇ ਬਾਣੀ ਉਚਾਰਨ ਕੀਤੀ ਹੈ, ਉਥੇ ਨਾਲ ਦੀ ਨਾਲ ਇਹ ਬਾਣੀ ਹਰ ਤਰ੍ਹਾਂ ਦੇ ਦੁਖ ਦੂਰ ਕਰਨ ਦੇ ਵੀ ਸਮਰੱਥ ਹੈ। ਮਹਾਰਾਜ ਕਹਿੰਦੇ ਹਨ ਕਿ ਜੇ ਪ੍ਰੇਮਸ਼ਰ ਨੂੰ ਭੁਲ ਜਾਈਏ ਤਾਂ -

***ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥ ਪੰਨਾ - 964***

ਸਾਰੇ ਦੁਖ ਤੇ ਸੰਤਾਪ ਲਗ ਜਾਂਦੇ ਹਨ ਜੇ ਪਰਮੇਸ਼ਰ ਨੂੰ ਭੁਲ ਜਾਈਏ; ਜੇ ਚੇਤੇ ਰਖੀਏ ਤਾਂ ਫਿਰ ਉਸਦੇ ਉਲਟ ਹੁੰਦਾ ਹੈ। ਸਾਰੇ ਦੁਖ ਤੇ ਸੰਤਾਪ ਲਹਿ ਜਾਂਦੇ ਹਨ।

***ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥***
***ਪੰਨਾ - 922***

ਦੁਖ ਵੀ ਉਤਰ ਜਾਂਦੇ ਹਨ, ਸੰਤਾਪ ਵੀ ਉਤਰ ਜਾਂਦੇ ਹਨ, ਰੋਗ ਵੀ ਉਤਰ ਜਾਂਦੇ ਹਨ -

***ਸਭੈ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥***
***ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ॥***
***ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ॥***
***ਜਿਸ ਨੋ ਵਿਸਰੈ ਨਾਉ ਸੋ ਜੋਨੀ ਹਾਂਢੀਐ॥***
***ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ॥***
***ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ॥***
***ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ॥***
***ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ॥***
***ਪੰਨਾ - 964***

ਸੰਸਾਰ ਵਿਚ ਔਖਾ ਉਹੋ ਹੀ ਹੈ ਜਿਸਨੇ ਪਰਮੇਸ਼ਰ ਦੇ ਨਾਮ ਨੂੰ ਵਿਸਾਰ ਦਿਤਾ, ਨਾਮ ਨਾਲੋਂ ਟੁੱਟ ਕੇ ਦੁਨੀਆਂ ਦੇ ਨਾਲ ਜੁੜ ਗਿਆ।

ਸੋ ਕਹਿਨ ਲੱਗੇ ਭਾਈ ਸੁਜਾਨ ਰਾਇ ਜੀ, ਗੁਰੂ ਮਹਾਰਾਜ ਦਾ ਤਾਂ ਬਹੁਤ ਸਿੱਧਾ ਸਾਦਾ ਉਪਦੇਸ਼ ਹੈ। ਸੰਸਾਰ ਦੇਖਣ ਅਤੇ ਸੁਨਣ ਵਾਲੀਆਂ ਚੀਜ਼ਾਂ ਵਿਚੋਂ ਸੁਖ ਭਾਲਦਾ ਹੈ। ਖਾਣ ਵਾਲੀਆਂ ਚੀਜ਼ਾਂ ਵਿਚੋਂ, ਪਹਿਨਣ ਵਾਲੀਆਂ ਚੀਜ਼ਾਂ ਵਿਚੋਂ, ਸੁਗੰਧੀ ਲੈਣ ਵਾਲੀਆਂ ਚੀਜ਼ਾਂ ਵਿਚੋਂ, ਲੰਮੀ ਉਮਰ ਕਰਕੇ ਸੁਖ ਭਾਲਦਾ ਹੈ। ਪਰ ਗੁਰੂ ਮਹਾਰਾਜ ਤਾਂ ਫੁਰਮਾਉਂਦੇ ਹਨ ਕਿ ਇਹ ਚੀਜ਼ਾਂ ਸੁਖ ਨਹੀਂ ਦਿੰਦੀਆਂ। ਸੁਖ ਦੀ ਥਾਂ ਤੇ ਤਾਕਤ ਖਤਮ ਕਰ ਦਿਆ ਕਰਦੀਆਂ ਹਨ, ਆਦਮੀ ਕਮਜ਼ੋਰ ਹੋ ਜਾਂਦਾ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਹਨ -

***ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।***
***ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।***
***ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।***
***ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।***
***ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।***
***ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ।***
***ਭਾਈ ਗੁਰਦਾਸ ਜੀ ਵਾਰ 27/9***

ਵੇਦ ਵਿਆਸ ਜੀ ਦੀ ਇਕ ਕਲਪ ਉਮਰ ਹੈ। ਇਹ ਵਿਦਿਆ ਦੇ ਅਵਤਾਰ ਹਨ। ਡੂੰਘੇ ਮਸਲੇ ਹਲ ਕਰਨ ਵਾਸਤੇ ਇਹ ਅਵਤਾਰ ਹੀ ਧਾਰੀ ਜਾਂਦੇ ਹਨ। ਪੂਰਾ ਇਕ 'ਕਲਪ' ਚਾਰ ਅਰਬ ਬੱਤੀ ਕਰੋੜ ਸਾਲ, ਇਸਦੀ ਬਹੁਤ ਵੱਡੀ ਉਮਰ ਹੈ। ਬਾਰ-ਬਾਰ ਸਰੀਰ ਬਦਲ ਬਦਲ ਕੇ ਆਈ ਜਾਂਦੇ ਨੇ, ਕਲਜੁਗ ਵਿਚ ਭਾਈ ਗੁਰਦਾਸ ਜੀ ਨੂੰ ਵੇਦ ਵਿਆਸ ਜੀ ਦਾ ਅਵਤਾਰ ਕਹਿੰਦੇ ਹਨ। ਸੋ ਇਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਬਾਣੀ ਹੈ, ਜੋ ਕਿ ਸਰੀਰ ਦੇ ਇਕ ਇਕ ਅੰਗ ਬਾਰੇ ਦਸਦੇ ਹਨ। ਇਕ ਭਵਰਾ ਹੈ ਜੋ ਸੁਗੰਧ ਲੈਂਦਾ ਹੈ। ਸੁਗੰਧ ਲੈਣ ਵਾਸਤੇ ਫੁੱਲ ਵਿਚ ਬੈਠ ਜਾਂਦਾ ਹੈ। ਸ਼ਾਮ ਨੂੰ ਫੁੱਲ ਬੰਦ ਹੋ ਜਾਂਦਾ ਹੈ। ਸਵੇਰੇ ਮਰਿਆ ਹੋਇਆ ਹੀ ਨਿਕਲਦਾ ਹੈ। ਦ੍ਰਿਸ਼ਟ ਦਾ ਰੋਗ, ਦੇਖਣ ਦਾ ਰੋਗ, ਪਤੰਗੇ ਨੂੰ ਲਗਿਆ ਹੋਇਆ ਹੈ। ਅੱਗ ਜਲਦੀ ਹੈ, ਲਾਟ ਜਲਦੀ ਹੈ, ਨੱਠ-ਨੱਠ ਕੇ ਆਉਂਦਾ ਹੈ ਤੇ ਜਲ ਕੇ ਮਰ ਜਾਂਦਾ ਹੈ। ਸੁਨਣ ਦਾ ਰੋਗ ਮ੍ਰਿਗ ਨੂੰ ਲਗਿਆ ਹੋਇਆ ਹੈ। ਪਹਿਲੇ ਜ਼ਮਾਨਿਆਂ ਵਿਚ ਘੰਡੇਹੇੜੇ ਦਾ ਸ਼ਬਦ ਵਜਾਉਂਦੇ ਸੀ, ਹਿਰਨ ਕੋਲ ਆ ਜਾਂਦਾ ਸੀ ਤੇ ਉਸਨੂੰ ਫੜ ਲਿਆ ਕਰਦੇ ਸੀ। ਜ਼ੁਬਾਨ ਦਾ ਰਸ ਮੱਛੀ ਨੂੰ ਲੱਗਾ ਹੋਇਆ ਹੈ, ਫੜਨ ਵਾਲੇ ਕੁੰਡੀ ਨਾਲ ਖਾਣ ਵਾਲੀ ਚੀਜ਼ ਫਸਾ ਕੇ ਉਸ ਨੂੰ ਫੜਦੇ ਹਨ। ਮੱਛੀ ਨੂੰ ਇਤਨੀ ਕਾਹਲੀ ਹੁੰਦੀ ਹੈ ਕਿ ਕਈ ਵਾਰੀ ਕੁੰਡੀ ਵੀ ਅੰਦਰ ਲੰਘਾ ਲੈਂਦੀ ਹੈ ਤੇ ਫਿਰ ਮਰਨਾ ਪੈਂਦਾ ਹੈ। ਇਸੇ ਤਰ੍ਹਾਂ ਕਾਮ ਦਾ ਰਸ ਹਾਥੀ ਨੂੰ ਲਗਿਆ ਹੋਇਆ ਹੈ - ਸਪਰਸ਼ ਦਾ। ਕਾਗਜ਼ਾਂ ਦੀ ਹਥਨੀ ਬਣਾ ਕੇ ਰਖ ਦਿੰਦੇ ਹਨ, ਉਸ ਹਥਨੀ ਪਿਛੇ ਹਾਥੀ ਖੱਡੇ ਵਿਚ ਗਿਰ ਜਾਂਦਾ ਹੈ, ਫੇਰ ਸਾਰੀ ਉਮਰ ਗੁਲਾਮੀ ਵਿਚ ਫਸ ਜਾਂਦਾ ਹੈ ਤੇ ਦੁਖ ਭੋਗਦਾ ਹੈ।

ਇਹਨਾਂ ਚੀਜ਼ਾਂ ਵਿਚ ਸੁਖ ਨਹੀਂ ਹੈ। ਇਹ ਤਾਂ ਸਗੋਂ ਜੀਵਨ ਦਾ ਵੀ ਖਾਤਮਾ ਕਰ ਦਿੰਦੀਆਂ ਹਨ, ਮਹਾਰਾਜ ਨੇ ਇਹਨਾਂ ਨੂੰ ਠੱਗ ਦਸਿਆ ਹੈ, ਅੱਗ ਦਸਿਆ ਹੈ ਅਤੇ ਇਹਦੇ ਵਿਚ ਫਸਿਆ ਹੋਇਆ ਜੀਵ ਸੁਖ ਪ੍ਰਾਪਤ ਨਹੀਂ ਕਰ ਸਕਦਾ। ਕਹਿਣ ਲਗੇ ਸੁਜਾਨ ਰਾਇ! ਸਭ ਕੁਝ ਹੈ ਤੇਰੇ ਪਾਸ। ਤੂੰ ਪੜ੍ਹਦਾ ਵੀ ਹੈਂ, ਲਿਖਦਾ ਵੀ ਹੈਂ, ਮਾਲਾ ਵੀ ਫੇਰਦਾ ਹੈਂ। ਪਰ ਜਿੰਨੀ ਦੇਰ ਤਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, ਉਨੀਂ ਦੇਰ ਤਕ ਸੁਖ ਨਹੀਂ ਹੋਇਆ ਕਰਦਾ, ਕਿਉਂਕਿ ਸਾਰੇ ਸੁਖ ਨਾਮ ਦੇ ਅੰਦਰ ਹਨ। ਜਿੰਨੀ ਦੇਰ ਤਕ ਨਾਮ ਪ੍ਰਾਪਤ ਨਹੀਂ ਹੁੰਦਾ, ਉਨੀ ਦੇਰ ਤਕ ਸੁਖਾਂ ਦਾ ਖਿਆਲ ਕਰਨਾ ਵੀ ਬੜੀ ਭਾਰੀ ਭੁਲ ਹੈ।

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਜੰਗਲ ਵਿਚ ਬੈਠੇ ਸਨ। ਭਾਈ ਮਰਦਾਨਾ ਕਹਿਣ ਲੱਗਾ, "ਸੱਚੇ ਪਾਤਸ਼ਾਹ! ਵੇਖੋ ਕਿਵੇਂ ਹਨ੍ਹੇਰੀ ਆ ਰਹੀ ਹੈ। ਦਰਖਤ ਹਵਾ ਵਿਚ ਰੁੜ੍ਹਦੇ ਆ ਰਹੇ ਹਨ।" ਗੁਰੂ ਸਾਹਿਬ ਨੇ ਕਿਹਾ, "ਕੋਈ ਨਹੀਂ ਮਰਦਾਨਿਆ, ਸਤਿ ਕਰਤਾਰ ਦਾ ਜਾਪ ਕਰ।" ਮਰਦਾਨਾ ਕਹਿਣ ਲੱਗਾ, "ਮਹਾਰਾਜ! ਹਨ੍ਹੇਰੀ ਤਾਂ ਲੰਘ ਗਈ, ਹੁਣ ਕਿਤਨੇ ਵੱਡੇ ਵੱਡੇ ਗੜੇ ਗਿਰ ਰਹੇ ਹਨ- ਸੁੱਕੇ ਅੰਬਰ।" ਗੁਰੂ ਮਹਾਰਾਜ ਨੇ ਫੁਰਮਾਇਆ, "ਮਰਦਾਨਿਆ! ਘਬਰਾ ਨਹੀਂ, ਜਿਹਨੇ ਹਨ੍ਹੇਰੀ ਤੋਂ ਰੱਖ ਲਿਆ ਉਹ ਗੜਿਆਂ ਤੋਂ ਵੀ ਰੱਖ ਲਏਗਾ।" ਮਰਦਾਨਾ ਕਹਿੰਦਾ,"ਸੱਚੇ ਪਾਤਸ਼ਾਹ, ਮੈਨੂੰ ਤਾਂ ਡਰ ਲਗਦਾ ਹੈ।" ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, "ਜਿਹੜਾ ਪਰਮੇਸ਼ਰ ਦਾ ਹੋ ਗਿਆ ਅਤੇ ਨਿਰਭਉ ਦਾ ਜਾਪ ਕਰਦਾ ਹੈ, ਉਹ ਕਦੀ ਨਹੀਂ ਡਰਦਾ; ਤੂੰ 'ਵਾਹਿਗੁਰੂ ਵਾਹਿਗੁਰੂ' ਕਰ।" ਕੁਝ ਦੇਰ ਬਾਅਦ ਕੀ ਦੇਖਦਾ ਹੈ ਕਿ ਧਰਤੀ ਨੂੰ ਅੱਗ ਲੱਗੀ ਹੋਈ ਹੈ। ਪਾਣੀ ਵਿਚ ਅੱਗ ਲੱਗੀ ਪਈ ਹੈ। ਮਰਦਾਨਾ ਕਹਿਣ ਲੱਗਾ, "ਮਹਾਰਾਜ ਪਹਿਲਾਂ ਤਾਂ ਬਚ ਗਏ ਸੀ, ਹੁਣ ਤਾਂ ਧਰਤੀ ਵੀ ਜਲ ਰਹੀ ਹੈ, ਸਮੁੰਦਰ ਵੀ ਜਲ ਰਿਹਾ ਹੈ।" ਗੁਰੂ ਮਹਾਰਾਜ ਨੇ ਫੇਰ ਕਿਹਾ, "ਮਰਦਾਨਿਆਂ ਭਜਨ ਕਰ, ਤੂੰ ਡਰ ਨਾ, ਜੇ ਤੈਨੂੰ ਬਹੁਤਾ ਡਰ ਲਗਦਾ ਹੈ ਤਾਂ ਸਤਿਨਾਮ ਵਾਹਿਗੁਰੂ ਕਹਿ ਕੇ ਕਾਰ ਕੱਢ ਦੇ।" ਮਰਦਾਨੇ ਨੇ ਕਾਰ ਕੱਢ ਦਿਤੀ, ਐਨੀ ਦੇਰ ਨੂੰ ਕੀ ਦੇਖਦਾ ਹੈ ਕਿ ਇਕ ਭਿਆਨਕ ਵਿਕਰਾਲ ਦੈਂਤ ਵਜੂਦ ਦਾ ਅਸਮਾਨ ਨੂੰ ਸਿਰ ਲਗਿਆ ਹੋਇਆ ਹੈ, ਬਹੁਤ ਵਿਕਰਾਲ ਸਰੂਪ ਦਾ ਕੋਈ ਪੁਰਖ ਨਗਨ ਤੁਰਿਆ ਆ ਰਿਹਾ ਹੈ, ਜ਼ੁਬਾਨ ਮੂੰਹ ਤੋਂ ਬਾਹਰ ਕੱਢੀ ਹੋਈ ਹੈ। ਮਰਦਾਨਾ ਕਹਿਣ ਲੱਗਾ, ਮਹਾਰਾਜ! ਬਾਕੀ ਚੀਜ਼ਾਂ ਤੋਂ ਤਾਂ ਬਚ ਗਏ ਪਰ ਇਸ ਬਲਾ ਤੋਂ ਨਹੀਂ ਬਚਦੇ। ਜਿਉਂ ਜਿਉਂ ਨੇੜੇ ਨੂੰ ਆਉਂਦਾ ਹੈ, ਤਿਉਂ ਤਿਉਂ ਮਨੁੱਖ ਵਰਗਾ ਬਣੀ ਜਾਂਦਾ ਹੈ। ਆ ਕੇ ਗੁਰੂ ਮਹਾਰਾਜ ਨੂੰ ਮੱਥਾ ਟੇਕ ਦਿਤਾ। ਮਰਦਾਨਾ ਹੈਰਾਨ ਰਹਿ ਗਿਆ ਕਿ ਇਹ ਵੀ ਮਹਾਰਾਜ ਅੱਗੇ ਨਿਵ ਗਿਆ। ਮਰਦਾਨਾ ਕਿਉਂਕਿ ਗੁਰੂ ਨਾਨਕ ਸਾਹਿਬ ਦਾ ਬਾਲ ਸਖਾਈ ਸੀ, ਸਾਰੀ ਜ਼ਿੰਦਗੀ ਨਾਲ ਰਿਹਾ ਪਰ ਫਿਰ ਵੀ ਕਦੀ ਕਦੀ ਮਨ ਵਿਚ ਸ਼ੰਕਾ ਆ ਜਾਇਆ ਕਰਦਾ ਸੀ। ਮਹਾਰਾਜ ਨੇ ਪੁਛਿਆ, ਤੂੰ ਕੌਣ ਹੈਂ ਅਤੇ ਐਸਾ ਰੂਪ ਕਿਉਂ ਧਾਰਿਆ ਹੈ, ਐਨੇ ਉਪੱਦਰਵ ਕਿਉਂ ਉਠਾਏ? ਕਹਿਣ ਲੱਗਾ, ਮਹਾਰਾਜ ਜਿਸ ਤਰ੍ਹਾਂ ਨਿਰੰਕਾਰ ਨੇ ਆਪ ਨੂੰ ਇਸ ਕਲਜੁਗ ਨੂੰ ਤਾਰਨ ਵਾਸਤੇ ਥਾਪਿਆ ਹੈ, ਮੈਨੂੰ ਵੀ ਨਿਰੰਕਾਰ ਨੇ ਇਸ ਜੁਗ ਦਾ ਰਾਜਾ ਥਾਪਿਆ ਹੈ। ਗੁਰੂ ਨਾਨਕ ਨੇ ਪੁਛਿਆ, ਭਾਈ ਤੇਰੇ ਰਾਜ ਦੀ ਕੀ ਵਡਿਆਈ ਹੈ? ਕਹਿਣ ਲੱਗਾ ਕਿ ਮੇਰੇ ਰਾਜ ਦੀ ਵਡਿਆਈ? ਜਿਹੜੇ ਮੈਂ ਉਪੱਦ੍ਰਵ ਕਰਨੇ ਹਨ, ਉਹ ਜੇ ਨਾ ਹੀ ਸੁਣੋ ਤਾਂ ਚੰਗਾ ਹੈ। ਮੈਂ ਤਾਂ ਬਹੁਤ ਉਪਦਰਵ ਕਰਨੇ ਹਨ। ਕਿਸੇ ਨੂੰ ਸੱਚ ਦੇ ਰਾਹ ਤੇ ਚੱਲਣ ਹੀ ਨਹੀਂ ਦੇਣਾ। ਜੇ ਕੋਈ ਬੰਦਗੀ ਕਰੇਗਾ, ਤਾਂ ਉਹਦੀ ਬਦਨਾਮੀ ਪਹਿਲਾਂ ਕਰਵਾਊਂਗਾ, ਲੋਕ ਨਿੰਦਿਆ ਕਰਨਗੇ। ਜੇ ਕੋਈ ਦਿਨ ਰਾਤ ਨਿੰਦਿਆ ਕਰਨਗੇ, ਤਪ ਕਰੇਗਾ ਤਾਂ ਮੈਂ ਤਪ ਨਹੀਂ ਹੋਣ ਦੇਣਾ, ਜਪ ਕਰੇਗਾ ਤਾਂ ਜਪ ਨਹੀਂ ਹੋਣ ਦੇਣਾ। ਕਹਿਣ ਲੱਗੇ ਫੇਰ ਕਰੇਂਗਾ ਕੀ? ਕਹਿਣ ਲੱਗਾ, ਵੇਦਾਂ ਸ਼ਾਸਤਰਾਂ ਤੋਂ ਸਾਰੀਆਂ ਗੱਲਾਂ ਉਲਟ ਹੋਣਗੀਆਂ। ਵੇਦਾਂ ਦੇ ਸਤਿ ਗਿਆਨ ਵਿਚ ਭਰਮ ਖੜ੍ਹੇ ਕਰ ਦੇਵਾਂਗਾ, ਮੇਰੇ ਰਾਜ ਵਿਚ ਪ੍ਰਕ੍ਰਿਤਕ ਖੋਜ ਐਨੀ ਬਚਿਤ੍ਰ ਹੋ ਜਾਵੇਗੀ, ਆਦਮੀ ਪੂਰਨ ਰੂਪ ਵਿਚ ਮੋਹਿਆ, ਮੋਤੀਆਂ ਨਾਲ ਜੜ੍ਹੇ ਮਹਿਲਾਂ ਵਿਚ ਰਹਿਣ ਦੀ ਤਾਂਘ ਕਰੇਗਾ ਅਤੇ ਪ੍ਰਕ੍ਰਿਤਕ ਮਾਇਕ ਸੁੱਖਾਂ ਵਿਚੋਂ ਹੀ ਆਤਮਕ ਸੁਖਾਂ ਦੀ ਤਾਂਘ ਕਰੇਗਾ। ਪ੍ਰਮੇਸ਼ਰ ਨੂੰ ਪੂਰੀ ਤਰ੍ਹਾਂ ਭੁਲਾ ਕੇ ਫੋਕਟ, ਨਿਸਫਲ, ਬੇ-ਰਸੇ ਵਿਸ਼ਵਾਸ਼ਾਂ ਵਿਚ ਉਲਝਾ ਕੇ ਅਧਿਆਤਮਿਕ ਕਰਮਾਂ ਤੋਂ ਪੂਰੀ ਤਰ੍ਹਾਂ ਸੁੰਨ ਕਰ ਦੇਵਾਂਗਾ। ਸ਼ਾਸ਼ਕ ਵਰਗ ਆਪਣੇ ਫਰਜ਼ ਭੁੱਲ ਕੇ ਪਰਜਾ ਨੂੰ ਧੋਖਾ ਦੇਵੇਗਾ। ਪਰਜਾ ਦੇ ਹਿਤ ਦੀ ਥਾਂ ਆਪਣੇ ਹਿਤ ਦੀ ਪੂਰਤੀ ਲਈ ਝੂਠ, ਪਾਖੰਡ ਅਤੇ ਮਰਿਆਦਾ ਰਹਿਤ ਹੋ ਕੇ ਪਰਜਾ ਦੇ ਸੁਖਾਂ ਨੂੰ ਖਤਮ ਕਰਨ ਦਾ ਮੇਰਾ ਪੂਰਾ ਸਹਾਇਕ ਹੋ ਕੇ ਨਿਤਰੇਗਾ। ਅਧਿਆਤਮਕ ਆਗੂਆਂ, ਸੰਤਾਂ, ਪੀਰਾਂ, ਫਕੀਰਾਂ, ਰਹਿਬਰਾਂ ਨੂੰ ਐਸੀ ਮੋਹਣੀ ਮਾਇਆ ਦੇ ਭਰਾਂਤੀ ਭਰੇ ਮਾਹੌਲ ਵਿਚ ਪ੍ਰਵਿਰਤ ਕਰ ਦੇਵਾਂਗਾ ਕਿ ਉਹ ਸਤਿ ਦੇ ਰਾਹ ਤੋਂ ਭਟਕ ਜਾਣਗੇ। ਮੇਰੇ ਰਾਜ ਵਿਚ ਕਥਨੀ ਦਾ ਕੋਈ ਪਾਰਾਵਾਰ ਨਹੀਂ ਹੋਵੇਗਾ ਪਰ ਕਰਣੀ ਦਾ ਨਾਮ ਹੀ ਮਿਟ ਜਾਵੇਗਾ। ਸਾਰੇ ਧਾਰਮਕ ਅਸਥਾਨ ਮੇਰੇ ਹੀ ਅਧੀਨ ਹੋਣਗੇ ਅਤੇ ਮੇਰੇ ਕਲਿਜੁਗੀ ਮੁਰੀਦ ਇਨ੍ਹਾਂ ਧਾਰਮਕ ਅਦਾਰਿਆਂ ਉਤੇ ਮੁਖੀ ਹੋ ਕੇ, ਮੇਰੇ ਹੀ ਗੁਣ ਗਾਉਣਗੇ। ਯਮਾਂ, ਨਿਯਮਾਂ, ਯੋਗਕ ਅੰਗਾਂ ਦੀ ਪਾਲਣਾ ਰਹਿ ਜਾਵੇਗੀ ਅਤੇ ਮਨੋਕਲਪਤ ਰਾਹ ਕਲਪੇ ਜਾਣਗੇ। ਭਗਤੀ ਮੇਰੇ ਰਾਜ ਵਿਚੋਂ ਪੂਰਨ ਰੂਪ ਵਿਚ ਅਲੋਪ ਹੋ ਜਾਵੇਗੀ। ਇਸਤ੍ਰੀ ਪੁਰਖ ਦੇ ਪਿਆਰ ਦੀ ਪਵਿਤਰਤਾ ਨੂੰ ਭੰਗ ਕਰਕੇ, ਮੈਂ ਮਾਇਕ ਹਿਤਾਂ ਦੀ ਮਹਾਨਤਾ ਪ੍ਰਚਲਤ ਕਰਾਂਗਾ। ਦੰਪਤੀ ਦਾ ਪਿਆਰ ਮਾਇਆ ਅਧੀਨ ਹੋਵੇਗਾ ਇਹ ਮਾਇਆ ਭਾਵੇਂ ਕਿਸੇ ਸਾਧਨ ਨਾਲ ਪ੍ਰਾਪਤ ਕੀਤੀ ਜਾਵੇ ਇਹ ਸ਼ੁਭ-ਅਸ਼ੁਭ ਵੀਚਾਰ ਜਾਂਦੀ ਰਹੇਗੀ। ਬੱਚੇ ਮਾਤਾ ਪਿਤਾ ਨੂੰ ਇਕ ਬੋਝ ਸਮਝਣਗੇ ਉਨ੍ਹਾਂ ਦਾ ਹਿਤ ਪਿਤਰ, ਮਾਤਾ ਪਿਤਾ ਤੋਂ ਮੁੜ ਕੇ ਆਪਣੇ ਬੱਚਿਆਂ ਤਕ ਹੀ ਸੀਮਤ ਹੋਵੇਗਾ। ਬੱਚੇ ਆਪਣੇ ਹਿਤ ਦੀ ਪਾਲਣਾ ਲਈ ਹੀ ਰੁਝੇ ਰਹਿਣਗੇ। ਜੀਵਨ ਵਿਚ ਨਿਰੋਲ ਸ੍ਵੈਹਿਤ ਦਾ ਭਾਵ ਮੁਖ ਹੋਵੇਗਾ। ਧਾਰਮਕ ਅਦਾਰੇ ਭ੍ਰਿਸ਼ਟ ਹੋਣ ਕਰਕੇ ਬੱਚਿਆਂ ਨੂੰ ਇਨ੍ਹਾਂ ਵਿਚ ਕੋਈ ਦਿਲਚਸਪੀ ਨਹੀਂ ਰਹੇਗੀ। ਰਾਗ, ਰੰਗ, ਤਮਾਸ਼ੇ, ਜੂਆ, ਭੋਗ, ਸੈਰ ਸਪਾਟੇ ਮਨ ਨੂੰ ਖਿਚਣਗੇ। ਸ਼ਰਧਾ ਪੂਰੀ ਤਰ੍ਹਾਂ ਉਡ ਚੁੱਕੀ ਹੋਵੇਗੀ। ਮਹਾਂਪੁਰਸ਼ਾਂ ਦੇ ਬਚਨ ਪਰਸਪਰ ਬਹਿਸਾਂ ਮੁਬਹਿਸਾਂ ਵਿਚ ਹੀ ਸੁਣੇ ਜਾਣਗੇ।

ਸਾਰੇ ਵਰਗ ਮੇਰੇ ਰਾਜ ਵਿਚ ਆਪਣੇ ਧਰਮ ਤੋਂ ਪੂਰੀ ਤਰ੍ਹਾਂ ਭਟਕ ਜਾਣਗੇ। ਨੱਚਣ ਗਾਉਣ ਵਾਲੇ ਨ੍ਰਿਤਕ ਵਰਗ ਦੀ ਪ੍ਰਸੰਸਾ ਹੋਵੇਗੀ। ਉਨ੍ਹਾਂ ਦੀਆਂ ਯਾਦਾਂ ਮਨਾਈਆਂ ਜਾਣਗੀਆਂ। ਪ੍ਰਕ੍ਰਿਤਕ ਚਮਤਕਾਰਾਂ ਵਿਚ ਸੰਸਾਰ ਉਲਝ ਕੇ ਪ੍ਰਭੂ ਦੀ ਸਤਤਾ ਉਤੇ ਸ਼ੱਕੀ ਹੋ ਜਾਵੇਗਾ। ਮੇਰੇ ਰਾਜ ਵਿਚ ਚਰਿਤ੍ਰਹੀਣਤਾ ਹੀ ਪ੍ਰਧਾਨ ਰਹੇਗੀ। ਭੋਗਾਂ ਦੀ ਦੁਨੀਆਂ ਵਿਚ ਅਜਿਹੇ ਮੰਦ ਕਰਮ ਪ੍ਰਵਿਰਤ ਹੋ ਜਾਣਗੇ ਜੋ ਮੈਨੂੰ ਆਪਣੇ ਮੂੰਹੋਂ ਕਹਿੰਦੇ ਭੀ ਸ਼ਰਮਿੰਦਾ ਕਰਦੇ ਹਨ। ਸਮੁੱਚੇ ਰੂਪ ਵਿਚ ਮੇਰੇ ਰਾਜ ਦਾ ਪ੍ਰਧਾਨ ਕੂੜ ਹੋਵੇਗਾ ਅਤੇ ਅਸ਼ਾਂਤੀ ਦੇ ਰਥ ਤੇ ਪਰਜਾ

ਸਫਰ ਕਰੇਗੀ। ਐਸੀਆਂ ਐਸੀਆਂ ਬਾਤਾਂ ਕਹੀਆਂ, ਜਿਹੜੀਆਂ ਦੱਸੀਆਂ ਹੀ ਨਹੀਂ ਜਾ ਸਕਦੀਆਂ। ਕਹਿਣ ਲੱਗਾ, ਮਹਾਰਾਜ! ਧਰਮ ਕਰਮ ਕੋਈ ਨਹੀਂ ਰਹੇਗਾ। ਗੁਰੂ ਮਹਾਰਾਜ ਨੇ ਪੁਛਿਆ ਕਿ ਫੇਰ ਤੇਰੀ ਵਡਿਆਈ ਕਿਸ ਚੀਜ਼ ਦੀ ਹੈ? ਕਹਿਣ ਲੱਗਾ, ਮੇਰੀ ਵਡਿਆਈ ਇਹ ਹੈ ਕਿ ਜੇਕਰ ਬੰਦਾ ਜਿੰਦਗੀ ਭਰ ਪਾਪ ਕਰਦਾ ਰਹੇ, ਪਰ ਅੰਤ ਸਮੇਂ ਗਿਆਨ ਹੋ ਜਾਵੇ, ਉਹਦਾ ਧਿਆਨ ਸਰਬਤ੍ਰ ਰਮੇ ਹੋਏ ਬ੍ਰਹਮ ਵਿਚ ਚਲਾ ਜਾਵੇ-ਇਕ ਛਿਨ ਵਾਸਤੇ ਵੀ –

*ਏਕ ਚਿਤ ਜੋ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।।*

ਉਹਦੇ ਸਾਰੇ ਪਾਪ ਖਤਮ ਹੋ ਜਾਇਆ ਕਰਨਗੇ। ਜੇ ਇਕ ਵਾਰੀ ਅੱਲਾ, ਰਾਮ, ਵਾਹਿਗੁਰੂ ਇਕ ਵਾਰੀ ਇਹ ਜਾਣ ਕੇ ਬੋਲੇ ਕਿ ਵਾਹਿਗੁਰੂ ਪਰੀਪੂਰਨ ਹੈ, ਉਸਦਾ ਉਧਾਰ ਹੋ ਜਾਏਗਾ। ਗੁਰੂ ਨਾਨਕ ਦੇਵ ਜੀ ਨੇ ਕਿਹਾ, ਕਲਜੁਗ! ਅਸੀਂ ਤਾਂ ਅੱਗੇ ਹੀ ਕਹਿੰਦੇ ਹਾਂ ਕਿ ਤੇਰਾ ਜੁਗ ਸਾਰੇ ਜੁਗਾਂ ਤੋਂ ਉਤਮ ਹੈ, ਇਹ ਤੇਰੀ ਵਡਿਆਈ ਹੈ। ਤੇਰੇ ਜੁਗ ਵਿਚ ਕਰਮ ਧਰਮ ਤਾਂ ਨਹੀਂ ਫਲਿਆ ਕਰਦੇ ਪਰ ਨਾਮ ਫਲਿਆ ਕਰਦਾ ਹੈ, ਬ੍ਰਹਮ ਗਿਆਨ ਫਲਿਆ ਕਰਦਾ ਹੈ। ਕਲਜੁਗ ਕਹਿਣ ਲੱਗਾ, ਮਹਾਰਾਜ! ਮੇਰੇ ਤੇ ਵੀ ਕ੍ਰਿਪਾ ਕਰੋ। ਗੁਰੂ ਮਹਾਰਾਜ ਨੇ ਫੁਰਮਾਇਆ ਕਿ ਅਸੀਂ ਤੇਰੇ ਤੋਂ ਲੇਖਾ ਲੈਣਾ ਹੈ –

*ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥*
*ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥*
*ਪੰਨਾ – 903*

ਉਸ ਵੇਲੇ ਬੜਾ ਅਧੀਨ ਹੋ ਕੇ ਕਹਿਣ ਲੱਗਾ, "ਮਹਾਰਾਜ! ਮੇਰੀ ਕੋਈ ਭੇਟਾ ਕਬੂਲ ਕਰੋ, ਮੈਨੂੰ ਬਖਸ਼ੋ।" "ਭਾਈ ਕੀ ਭੇਟਾ ਹੈ ਤੇਰੇ ਕੋਲ?" "ਮਹਾਰਾਜ! ਮੇਰੇ ਕੋਲ ਬੇਅੰਤ ਚੀਜ਼ਾਂ ਹਨ। ਸੋਨੇ ਦੇ ਮੰਦਰ, ਮੋਤੀਆਂ ਦੇ ਮੰਦਰ, ਰਤਨਾਂ ਨਾਲ ਜੜੇ ਹੋਏ, decorate (ਸਜਾਏ ਹੋਏ) ਕੀਤੇ ਹੋਏ, ਸੁਗੰਧੀਆਂ ਨਾਲ ਭਰੇ ਹੋਏ, ਅਗਰ ਚੰਦਨ ਇਹ ਧੂਪਾਂ, ਰਿਧੀਆਂ ਸਿਧੀਆਂ, ਮੋਹਣੀਆਂ, ਬੜੇ ਸੋਹਣੇ ਪਲੰਘ, ਰਾਜ, ਸਭ ਕੁਝ ਹੈ, ਮਹਾਰਾਜ! ਤੁਹਾਡੀ ਵਡਿਆਈ ਐਨੀ ਹੋ ਜਾਏਗੀ ਕਿ ਸਾਰੀ ਦੁਨੀਆਂ ਪਿਛੇ ਤੁਰੀ ਫਿਰੇਗੀ। ਕ੍ਰਿਪਾ ਕਰੋ ਤੇ ਇਹ ਚੀਜ਼ਾਂ ਕਬੂਲ ਕਰੋ।" ਮਹਾਰਾਜ ਨੇ ਕਿਹਾ, "ਕਲਜੁਗ ਸਾਨੂੰ ਇਹਨਾਂ ਚੀਜ਼ਾਂ ਦੀ ਲੋੜ ਨਹੀਂ ਹੈ। ਕਹਿਣ ਲੱਗਾ, "ਮਹਾਰਾਜ! ਕਿਉਂ ਇਹ ਚੀਜ਼ਾਂ ਚੰਗੀਆਂ ਨਹੀਂ?" ਕਹਿਣ ਲੱਗੇ, "ਨਹੀਂ; ਗੁਜ਼ਾਰੇ ਵਾਸਤੇ ਤਾਂ ਠੀਕ ਹਨ – ਕੁਲੀ, ਗੁੱਲੀ, ਜੁਲੀ ਚਾਹੀਦੀ ਹੈ। ਇਹ ਤਾਂ ਪਰਮੇਸ਼ਰ ਨੇ ਪ੍ਰਾਬਧ ਅਨੁਸਾਰ ਹਰ ਪ੍ਰਾਣੀ ਦੇ ਮਸਤਕ ਵਿਚ ਲਿਖ ਕੇ ਭੇਜੀਆਂ ਹਨ, ਬਾਕੀ ਜਿਹੜਾ ਆਦਮੀ ਪੈਸੇ ਵਿਚ ਮਸਤ ਹੋ ਜਾਂਦਾ ਹੈ, ਉਹ ਤਾਂ ਸਰਾ ਸਰ ਇਹਦੇ ਨਾਲ ਧੋਖਾ ਹੈ ਅਤੇ ਉਸ ਧੋਖੇ ਵਿਚ ਪੈ ਕੇ ਜੀਵਨ ਬਰਬਾਦ ਕਰ ਦਿੰਦਾ ਹੈ। ਉਸੇ ਚੀਜ਼ ਵਿਚ ਪਰਚ ਜਾਂਦਾ ਹੈ, ਦਿਨ ਰਾਤ ਮਨ ਉਸੇ ਚੀਜ਼ ਨਾਲ ਰੁਕਿਆ ਰਹੇਗਾ। ਸੋ ਰੁਕਿਆ ਹੋਇਆ ਮਨ ਇਸ ਤਰ੍ਹਾਂ ਹੈ –

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥*
*ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਪੰਨਾ – 14*

ਨਾਮ ਚਿਤ ਨਹੀਂ ਆਉਂਦਾ। ਫੇਰ ਜਿਹੜਾ ਅੰਦਰ ਕੌਲ ਫੁੱਲ ਹੁੰਦਾ ਹੈ, ਉਹ ਸੜ ਜਾਂਦਾ ਹੈ – ਮਾਇਆ ਦੀ ਅਗਨ ਨਾਲ। ਕਮਲ ਖੁਸ਼ੀਆਂ ਦਾ ਪ੍ਰਤੀਕ ਹੈ।

ਚਾਰ ਅਗਨੀਆਂ ਹਨ –

*ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥*
*ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥*
*ਪੰਨਾ – 147*

ਅਗਨ ਮੱਚ ਰਹੀ ਹੈ। ਸੋ ਕਲਜੁਗ! ਇਹ ਸਾਰੀਆਂ ਚੀਜ਼ਾਂ ਤਾਂ ਨਾਸ਼ ਕਰਨ ਵਾਲੀਆਂ ਹਨ। ਇਹਨਾਂ ਚੀਜ਼ਾਂ ਦੀ ਸਾਨੂੰ ਲੋੜ ਨਹੀਂ, ਜਿਸ ਚੀਜ਼ ਦੀ ਲੋੜ ਹੈ, ਉਹ ਸਾਡੇ ਕੋਲ ਹੈ, ਉਸ ਨੂੰ ਪਰਮੇਸ਼ਰ ਦਾ ਨਾਮ ਕਹਿੰਦੇ ਹਨ। ਨਾਮ ਤੋਂ ਬਿਨਾਂ ਜਿਹੜਾ ਜੀਉੜਾ ਹੈ, ਉਹ ਸ਼ਾਂਤ ਨਹੀਂ ਹੋਇਆ ਕਰਦਾ, ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ – ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾਂ -2, 2*

*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥*
*ਪੰਨਾ – 14*

ਕਹਿਣ ਲੱਗੇ, ਇਹ ਸਾਰੀਆਂ ਮਾਇਆ ਦੀਆਂ ਚੀਜ਼ਾਂ ਹਨ। ਮਾਇਆ ਵਿਚ ਤਿੰਨ ਦੋਸ਼ ਹਨ। ਇਕ ਤਾਂ ਆਦਮੀ ਨੂੰ ਭੋਗਾਂ ਦੇ ਨਾਲ ਰੱਜ ਨਹੀਂ ਆਉਂਦਾ, ਤ੍ਰਿਪਤੀ ਨਹੀਂ ਹੁੰਦੀ, ਭੋਗਦਾ ਹੀ ਚਲਾ ਜਾਂਦਾ ਹੈ। ਅਖੀਰ ਤੇ ਭੋਗ ਇਸ ਨੂੰ ਭੋਗ ਜਾਂਦੇ ਹਨ। ਦੂਜੀ ਇਹਦੇ ਵਿਚ ਸਥਿਰਤਾ ਨਹੀਂ ਹੈ। ਕੋਈ ਅਮੀਰ, ਸਦਾ ਅਮੀਰ ਨਹੀਂ ਰਹਿੰਦਾ; ਅੱਜ ਪੈਸਾ ਹੈ, ਕੱਲ ਨੂੰ ਕੋਲ ਕੁਝ ਵੀ ਨਹੀਂ ਰਹਿੰਦਾ, ਉਸ ਦੀ ਸਿਮ੍ਰਤੀ ਇਸ ਨੂੰ ਫੇਰ ਸਾਰੀ ਜ਼ਿੰਦਗੀ ਦੁਖ ਦਿੰਦੀ ਹੈ। ਸੋਚਦਾ ਰਹਿੰਦਾ ਹੈ ਕਿ ਮੇਰਾ ਇਤਨਾ ਵੱਡਾ ਬਿਜਨਸ ਸੀ, ਮੇਰੀਆਂ ਇੰਡਸਟਰੀਆਂ ਸਨ, ਮੇਰੀ ਐਨੀ ਜ਼ਮੀਨ ਸੀ। ਮੇਰੀਆਂ ਕਾਰਾਂ ਸਨ। ਬੱਸ ਇਹ ਗੱਲਾਂ ਸਾਰੀ ਜ਼ਿੰਦਗੀ ਯਾਦ ਆਈ ਜਾਂਦੀਆਂ ਹਨ। ਮਾਇਆ ਕਦੇ ਸਥਿਰ ਨਹੀਂ ਹੋਈ; ਅੱਜ ਹੈ ਕੱਲ ਨੂੰ ਹੈ ਨਹੀਂ, ਪਤਾ ਨਹੀਂ ਕੀ ਹਾਲਾਤ ਬਣ ਜਾਣ, ਗਰੀਬ ਅਮੀਰ ਬਣ ਜਾਣ ਤੇ ਅਮੀਰ ਗਰੀਬ ਬਣ ਜਾਣ। ਤੀਜਾ ਇਹਦੇ ਵਿਚ ਰਾਗ ਤੇ ਦ੍ਵੈਸ਼ ਹੁੰਦੀ ਹੈ। ਜਿਹੜੀ ਚੀਜ਼ ਵਿਚ ਰਾਗ ਹੋਵੇ ਜਾਂ ਦ੍ਵੈਸ਼ ਹੋਵੇ, ਕਦੀ ਗਰਮ ਹੋ ਜਾਵੇ, ਕਦੀ ਠੰਡੀ ਹੋ ਜਾਵੇ, ਉਹਦੇ ਵਿਚ ਕੋਈ ਚੀਜ਼ ਪਾ ਦਿਓ ਤਾਂ ਉਹ ਮਨੂਰ ਬਣ ਜਾਂਦੀ ਹੈ। ਸੋ ਇਸ ਤਰ੍ਹਾਂ ਰਾਗ ਦ੍ਵੈਸ਼ ਦਾ ਪੀੜਿਆ ਹੋਇਆ ਮਨ ਦੁਖੀ ਰਹਿੰਦਾ ਹੈ, ਸ਼ਾਂਤ ਨਹੀਂ ਹੁੰਦਾ ਜਿੰਨੀ ਦੇਰ ਤਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ।

ਚਾਰ ਕਿਸਮ ਦੀਆਂ ਵਾਸ਼ਨਾਵਾਂ ਮਨ ਨੂੰ ਰਿੜਕਦੀਆਂ ਰਹਿੰਦੀਆਂ ਹਨ। ਪਹਿਲੀ ਦੇਹ ਵਾਸ਼ਨਾ ਹੁੰਦੀ ਹੈ। ਇਹਦੇ ਨਾਲ ਸੰਬੰਧ ਰੱਖਣ ਵਾਲਾ ਪਹਿਲਾਂ ਪੁੱਤਰ ਹੁੰਦਾ ਹੈ। ਜੇ ਪੁੱਤਰ ਨਹੀਂ

ਹੈ ਤਾਂ ਹਰ ਵਕਤ ਬੰਦਾ ਪੁੱਤਰ ਦੀ ਦਾਤ ਮੰਗਦਾ ਰਹਿੰਦਾ ਹੈ। ਜੇ ਪੁੱਤਰ ਹੋ ਜਾਵੇ ਤਾਂ ਫਿਕਰ ਪਿਆ ਰਹਿੰਦਾ ਹੈ ਕਿ ਪੁੱਤਰ ਬਿਮਾਰ ਨ ਹੋ ਜਾਵੇ। ਫੇਰ ਸੋਚਦਾ ਹੈ ਪੁੱਤਰ ਠੀਕ ਤਰ੍ਹਾਂ ਪੜ੍ਹ ਨਹੀਂ ਰਿਹਾ, ਇਹਦੀ ਸੁਸਾਇਟੀ ਗਲਤ ਹੋ ਗਈ, ਮੇਰੇ ਆਖੇ ਨਹੀਂ ਲਗਦਾ, ਗਲਤ ਗੱਲਾਂ ਵਿਚ ਪੈ ਗਿਆ। ਜੇ ਪੁੱਤਰ ਚੰਗਾ ਵੀ ਨਿਕਲਿਆ, ਵਿਆਹ ਲਿਆ, ਫੇਰ ਨਵੀਂ ਲੜਕੀ (ਨੂੰਹ) ਆ ਗਈ, ਉਹਦੇ ਨਾਲ ਐਡਜਸਟਮੈਂਟ ਨਹੀਂ ਹੁੰਦੀ, ਉਹ ਮੁੰਡੇ ਨੂੰ ਸਿਖਾਉਣ ਲਗ ਜਾਂਦੀ ਹੈ ਕਿ ਤੂੰ ਮਾਂ ਬਾਪ ਨਾਲੋਂ ਅਲਹਿਦਾ ਹੋ ਜਾ। ਮਾਂ ਬਾਪ ਨੇ ਸਾਰਾ ਜ਼ੋਰ ਲਗਾ ਕੇ ਬੱਚਿਆਂ ਨੂੰ ਪੜ੍ਹਾਇਆ ਹੁੰਦਾ ਹੈ, ਇਸ ਤਰ੍ਹਾਂ ਪੁੱਤਰ ਕਰਕੇ ਹੀ ਝਗੜਾ ਪੈ ਜਾਂਦਾ ਹੈ। ਨੂੰਹ ਸੱਸ ਦਾ ਝਗੜਾ ਪੈ ਜਾਂਦਾ ਹੈ। ਸੋ ਪੁੱਤਰ ਕਰਕੇ ਹੀ ਝਗੜਾ ਹੋ ਜਾਂਦਾ ਹੈ; ਜਿਹੜਾ ਪੁੱਤਰ ਅਰਦਾਸਾਂ ਕਰ ਕਰਕੇ ਲਿਆ ਸੀ, ਉਹੀ ਦੁਖ ਦਾ ਕਾਰਨ ਬਣ ਜਾਂਦਾ ਹੈ।

ਸੋ ਇਸ ਤਰ੍ਹਾਂ ਧਨ ਹੈ, ਜਿਸ ਕਰਕੇ ਰਾਗ ਵੀ ਹੋ ਗਿਆ ਤੇ ਦ੍ਵੈਸ਼ ਵੀ ਹੋ ਗਿਆ ਜਿਹੜਾ ਨੁਕਸਾਨ ਦਿੰਦਾ ਹੈ, ਉਸ ਨਾਲ ਨਫਰਤ ਹੋ ਜਾਂਦੀ ਹੈ, ਜਿਹੜਾ ਹਿਤਾਂ ਦਾ ਸਾਂਝੀਵਾਲ ਹੈ, ਉਸ ਨਾਲ ਪਿਆਰ ਪੈ ਜਾਂਦਾ ਹੈ। ਸੋ ਇਹ ਚੀਜ਼ ਵੀ ਨਹੀਂ ਚਲਦੀ। ਸਵਰਗ ਹੈ, ਨਰਕ ਹੈ, ਸਾਰੀਆਂ ਚੀਜ਼ਾਂ ਵਾਸ਼ਨਾ ਦੇ ਅੰਦਰ ਆਉਂਦੀਆਂ ਹਨ।

***"ਵਾਸ਼ਨਾ ਬੱਧਾ ਆਵੈ ਜਾਏ"***

ਦੂਜੀ ਵਾਸ਼ਨਾ, ਲੋਕ ਵਾਸ਼ਨਾ ਹੁੰਦੀ ਹੈ ਕਿ ਲੋਕ ਮੈਨੂੰ ਚੰਗਾ ਕਹਿਣ, ਮੇਰਾ ਨਾਮ ਹੋਵੇ, ਸੰਸਾਰ ਦੀਆਂ ਸਭ ਚੀਜ਼ਾਂ ਮੈਨੂੰ ਪ੍ਰਾਪਤ ਹੋਣ, ਗੱਡੀ ਵੀ ਮੇਰੇ ਕੋਲ ਹੋਵੇ, ਕੋਠੀ ਵੀ ਚੰਗੀ ਹੋਵੇ, ਕਪੜੇ ਵੀ ਮੇਰੇ ਕੋਲ ਵਧੀਆ ਹੋਣ, ਚਾਰ ਬੰਦਿਆਂ ਵਿਚ ਜਾਵਾਂ ਤੇ ਲੋਕ ਮੇਰੀ ਇਜ਼ਤ ਵੀ ਕਰਨ। ਬਸ ਇਸ ਤਰ੍ਹਾਂ ਲੋਕ ਵਾਸ਼ਨਾ ਵਿਚ ਟੁਰੇ ਫਿਰਦੇ ਹਨ।

ਤੀਜੀ ਵਾਸ਼ਨਾ ਸ਼ਸਤਰ ਵਾਸ਼ਨਾ ਹੁੰਦੀ ਹੈ। ਪੁਸਤਕਾਂ ਪੜ੍ਹੀ ਜਾਣਾ ਲੇਕਿਨ ਕਿਸੇ ਕਿਨਾਰੇ ਨਹੀਂ ਲਗਣਾ, ਕੋਈ ਅਭਿਆਸ ਨਹੀਂ ਕਰਨਾ।

ਚੌਥੀ ਵਾਸ਼ਨਾ ਅਨਸ਼ਠਾਨ ਵਾਸ਼ਨਾ ਹੁੰਦੀ ਹੈ। ਬਾਣੀ ਵਿਚ ਸਭ ਕੁਝ ਲਿਖਿਆ ਪਿਆ ਹੈ ਕਿ ਜੇਕਰ ਇਹ ਸ਼ਬਦ ਦਾ ਅਭਿਆਸ ਕਰੋ ਤਾਂ ਆਹ ਹੋ ਜਾਂਦਾ ਹੈ। ਕਿਉਂਕਿ ਅਸੂਲ ਇਹ ਹੈ ਕਿ ਜਿਹੜੀ ਚੀਜ਼ ਤੁਸੀ ਬਾਰ-ਬਾਰ ਚਿਤਵੀ ਜਾਓਗੇ, ਉਹ ਚੀਜ਼ ਜਰੂਰ ਪ੍ਰਾਪਤ ਹੋ ਜਾਂਦੀ ਹੈ -

***ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥***
***ਪੰਨਾ - 764***

ਸੋ ਅਨਸ਼ਠਾਨ ਵਾਸ਼ਨਾ ਕਰਕੇ ਸੋਚਦੇ ਹਨ ਕਿ ਮੇਰੇ ਕੋਲ ਲੋਕ ਬਹੁਤੇ ਆਉਣ, ਪੂਜਾ ਕਰਨ, ਚੜ੍ਹਾਵਾ ਚੜ੍ਹਾਉਣ, ਮੈਨੂੰ ਅੰਤਰਜਾਮੀ ਕਹਿਣ, ਮੇਰੀ ਉਪਮਾ ਹੋਵੇ। ਉਪਮਾ ਹੋਈ ਤਾਂ ਨਿੰਦਿਆ ਜ਼ਰੂਰ ਹੋਏਗੀ, ਸੰਸਾਰ ਵਿਚ ਕੋਈ ਵੀ ਐਸਾ ਨਹੀਂ ਜਿਸਦੀ ਇਕੱਲੀ ਉਪਮਾ ਹੁੰਦੀ ਹੋਵੇ; ਜਿੰਨੀ ਉਪਮਾ ਵਧੇਗੀ, ਓਨੀ ਹੀ ਨਾਲ ਨਿੰਦਿਆ ਵਧਦੀ ਹੈ। ਜੇ ਵਾਸ਼ਨਾ ਨਾਲ ਉਪਮਾ ਚਾਹੁੰਦਾ ਹੈ, ਫੇਰ ਜਦੋਂ ਨਿੰਦਿਆ ਹੋਣ ਲਗੀ ਤਾਂ ਦੁਖੀ ਹੋਵੇਗਾ, ਰਿੜਕਿਆ ਜਾਏਗਾ। ਜਦੋਂ ਤਕ ਆਦਮੀ ਦੇ ਗਲ ਤੋਂ ਵਾਸ਼ਨਾ ਨਹੀਂ ਲਹਿੰਦੀ, ਭਾਵੇਂ ਉਹ ਕਿਸੇ ਕਿਸਮ ਦੀ ਹੋਵੇ, ਉਹ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।

ਇਕ ਵਾਰੀ ਸ੍ਰੀ ਰਾਮ ਚੰਦਰ ਜੀ ਬੈਠੇ ਬੈਠੇ ਹੱਸ ਪਏ। ਸਭਾ ਲੱਗੀ ਹੋਈ ਹੈ, ਸਭ ਰਿਸ਼ੀ ਮੁਨੀ ਬੈਠੇ ਹਨ। ਅਧਿਆਤਮਕ ਸਭਾ ਹੈ, ਬਹੁਤ ਸੂਖਸ਼ਮ ਵੀਚਾਰਾਂ ਹੋ ਰਹੀਆਂ ਹਨ। ਵਸ਼ਿਸ਼ਟ ਜੀ ਵੀਚਾਰ ਕਰ ਰਹੇ ਸਨ, ਉਨ੍ਹਾਂ ਨੇ ਰਾਮ ਚੰਦਰ ਜੀ ਵੱਲ ਦੇਖਿਆ ਕਿ ਉਹ ਬਹੁਤ ਹੱਸ ਰਹੇ ਹਨ। ਕਥਾ ਬੰਦ ਕਰਕੇ ਕਹਿਣ ਲਗੇ, ਹੇ ਰਾਮ ਜੀ, ਆਪ ਤ੍ਰਿਕਾਲ ਦਰਸ਼ੀ ਹੋ, ਸਰਬੱਗ ਹੋ, ਈਸ਼ਵਰ ਹੋ, ਕ੍ਰਿਪਾ ਕਰਕੇ ਸਾਨੂੰ ਇਹ ਦਸੋ ਕਿ ਆਪ ਕਿਉਂ ਹੱਸੇ? ਰਾਮ ਚੰਦਰ ਜੀ ਕਹਿਣ ਲਗੇ ਕਿ ਇਸ ਕੀੜੇ ਨੂੰ ਦੇਖ ਕੇ ਹੱਸਿਆ ਹਾਂ। ਵਸ਼ਿਸ਼ਟ ਜੀ ਕਹਿਣ ਲੱਗੇ ਕਿ ਕੀੜਾ ਤਾਂ ਅਸੀਂ ਵੀ ਦੇਖਿਆ ਹੈ ਕਿ ਇਸ ਦੀਆਂ ਪਿਛਲੀਆਂ ਦੋ ਲੱਤਾਂ ਟੁਟੀਆਂ ਹੋਈਆਂ ਹਨ, ਕੰਧ ਤੇ ਚੜ੍ਹਨ ਦੀ ਕੋਸ਼ਿਸ਼ ਕਰਦਾ ਹੈ, ਉਪਰ ਜਾ ਕੇ ਫਿਰ ਗਿਰ ਜਾਂਦਾ ਹੈ। ਆਪ ਦੇ ਹੱਸਣ ਦਾ, ਇਹ ਕਾਰਣ ਤਾਂ ਨਹੀਂ ਹੋ ਸਕਦਾ; ਕੋਈ ਹੋਰ ਗੱਲ ਹੈ, ਆਪ ਦੱਸਣ ਦੀ ਕ੍ਰਿਪਾ ਕਰੋ। ਰਾਮ ਚੰਦਰ ਜੀ ਨੇ ਕਿਹਾ, ਵਸਿਸ਼ਟ ਜੀ! ਆਪ ਤਾਂ ਜਾਣਦੇ ਹੋ। ਪਰ ਉਹਨਾਂ ਨੇ ਕਿਹਾ ਕਿ ਆਪ ਸਾਰੀ ਸੰਗਤ ਨੂੰ ਖੋਲ੍ਹ ਕੇ ਦਸੋ। ਕਹਿਣ ਲੱਗੇ ਕਿ ਮੈਂ, ਤਾਂ ਹਸਿਆ ਹਾਂ ਕਿ ਇਹ ਕੀੜਾ ਅੱਜ ਤੋਂ ਪਹਿਲਾਂ ਚੌਦਾਂ ਵਾਰੀ ਇੰਦਰ ਦੀ ਪਦਵੀ ਪ੍ਰਾਪਤ ਕਰ ਚੁਕਿਆ ਹੈ। ਹੁਣ ਇਹ ਫੇਰ ਚਾਹੁੰਦਾ ਹੈ ਕਿ ਮੈਨੂੰ ਚੌਰਾਸੀ ਲੱਖ ਜੂਨਾਂ ਦਾ ਚੱਕਰ ਸਮਾਪਤ ਹੋਣ ਉਪਰੰਤ ਮਨੁੱਖ ਦੇਹੀ ਮਿਲੇ, ਆਪਣੀ ਸਮਰੱਥਾ ਪ੍ਰਾਪਤ ਕਰਾਂ, ਫੇਰ ਮੈਂ ਸੌ ਯੱਗ ਕਰਾਂ ਤਾਂ ਇੰਦਰ ਦੀ ਪੱਦਵੀ ਪ੍ਰਾਪਤ ਕਰਾਂ। ਫੇਰ ਚੌਰਾਸੀ ਵਿਚ ਗਿਰਦਾ ਹੈ। ਚੌਦਾਂ ਵਾਰੀ ਚੌਰਾਸੀ ਦਾ ਚੱਕਰ ਵੀਹ-ਵੀਹ ਕ੍ਰੋੜ ਸਾਲ ਦਾ, ਤੀਹ ਤੀਹ ਕਰੋੜ ਸਾਲ ਦਾ ਭੁਗਤ ਚੁਕਾ ਹੈ। ਅਸੀਂ ਇਹਦਾ ਮਨ ਪੜ੍ਹਿਆ ਹੈ। ਇਸਦੇ ਮਨ ਵਿਚ ਆ ਰਿਹਾ ਹੈ ਕਿ ਮੈਂ ਫੇਰ ਛੇਤੀਂ ਛੇਤੀਂ ਮਨੁਖ ਬਣਾਂ, ਮਨੁਖ ਬਣ ਕੇ ਫੇਰ ਯੱਗ ਕਰਾਂ ਤੇ ਜਿਹੜੇ ਇੰਦਰ ਦੇ ਭੋਗ ਹਨ ਉਹ ਪ੍ਰਾਪਤ ਕਰਾਂ। ਪਰ ਇਹ ਪਰਮਪਦ ਦੀ ਪ੍ਰਾਪਤੀ ਕਰਨ ਦੀ ਗੱਲ ਨਹੀਂ ਸੋਚਦਾ।

***ਬੇਗਮ ਪੁਰਾ ਸਹਰ ਕੋ ਨਾਉ॥***
***ਦੂਖੁ ਅੰਦੋਹੁ ਨਹੀ ਤਿਹਿ ਠਾਉ॥ ਪੰਨਾ - 345***

ਲੇਕਿਨ ਉਹਦੀ ਥਾਂ ਤੇ ਭੋਗ ਬਿਰਤੀ ਵਿਚ ਪਿਆ ਹੋਇਆ, ਅਜੇ ਵੀ ਇੰਦਰ ਦੀ ਪਦਵੀ ਨੂੰ ਲੋਚਦਾ ਹੈ। ਜਿੰਨਾ ਚਿਰ ਵਾਸ਼ਨਾ ਬਣੀ ਰਹਿੰਦੀ ਹੈ, ਓਨੀਂ ਦੇਰ ਆਦਮੀ ਆਉਂਦਾ ਜਾਂਦਾ ਰਹਿੰਦਾ ਹੈ ਤੇ ਪਰਮ ਅਨੰਦ ਦੀ ਪ੍ਰਾਪਤੀ ਨਹੀਂ ਹੁੰਦੀ।

ਪਹਿਲਾ ਭੋਗ ਅਨੰਦ ਹੋਇਆ ਕਰਦਾ ਹੈ। ਪੰਜੇ ਇੰਦਰਿਆਂ ਦੇ ਨਾਲ ਚੀਜ਼ਾਂ ਨੂੰ ਭੋਗਣਾ, ਉਹਨਾਂ ਨਾਲ ਇਸਨੂੰ ਕੁਝ ਅਨੰਦ ਪ੍ਰਾਪਤ ਹੁੰਦਾ ਹੈ। ਉਹ ਬਾਹਰੋਂ ਨਹੀਂ ਆਇਆ ਕਰਦਾ, ਅੰਦਰ ਹੀ ਹੁੰਦਾ ਹੈ। ਜਿਸ ਤਰ੍ਹਾਂ ਕਿਸੇ ਨੂੰ ਖਬਰ ਮਿਲ ਜਾਵੇ ਕਿ ਤੇਰੀ ਦਸ ਕ੍ਰੋੜ ਦੀ ਲਾਟਰੀ ਨਿਕਲੀ ਹੈ, ਤਾਂ ਉਸ ਖਬਰ ਵਿਚੋਂ ਸੁਖ ਦੀ, ਅਨੰਦ ਦੀ ਲਹਿਰ ਨਿਕਲਦੀ ਹੈ। ਲੇਕਿਨ ਬਾਅਦ ਵਿਚ ਉਹ ਸੁਖ ਕਾਇਮ ਨਹੀਂ ਰਿਹਾ ਕਰਦਾ।

ਪੁੱਤਰ ਮਿਲ ਗਿਆ, ਕੋਈ ਹੋਰ ਮਨ ਦੀ ਚਾਹੀ ਹੋਈ ਚੀਜ਼ ਮਿਲ ਗਈ, ਉਹ ਥੋੜ੍ਹੀ ਦੇਰ ਬਾਅਦ ਹਟ ਜਾਂਦੀ ਹੈ। ਸੋ ਇਹਦੇ ਵਿਚ ਸ਼ਾਂਤੀ ਨਹੀਂ ਮਿਲਦੀ।

ਦੂਜਾ ਅਨੰਦ ਹੁੰਦਾ ਹੈ, ਸ਼ਾਸਤਰ ਪੜ੍ਹਨ ਦਾ, ਪੁਸਤਕਾਂ ਪੜ੍ਹਨ ਦਾ। ਚੰਗੀ ਪੁਸਤਕ ਹੱਥ ਵਿਚ ਆ ਗਈ ਤਾਂ ਸੋਚਦਾ ਹੈ ਕਿ ਬੜਾ ਅਨੰਦ ਆ ਰਿਹਾ ਹੈ। ਭਜਨ ਕਰਨ ਦਾ ਅਨੰਦ ਹੋਇਆ ਕਰਦਾ ਹੈ। ਪਰ ਸਭ ਤੋਂ ਸ੍ਰੇਸ਼ਟ ਅਨੰਦ ਜੋ ਹੈ, ਉਸ ਨੂੰ ਬ੍ਰਹਮ ਅਨੰਦ ਕਹਿੰਦੇ ਹਨ। ਜਿਸਨੂੰ ਗਿਆਨ ਹੋ ਜਾਂਦਾ ਹੈ ਅਤੇ ਜਿਸ ਨੂੰ ਇਹ ਅਨੰਦ ਆ ਜਾਵੇ –

***'ਜੋ ਜਨ ਨਿਰਦਾਵੈ ਰਹੈ .........॥ ਪੰਨਾ – 1373***

desireless (ਨਿਰਇੱਛਤ) ਸਟੇਜ ਤੇ ਪਹੁੰਚ ਜਾਵੇ।

***......... ਸੋ ਗਨੈ ਇੰਦ੍ਰ ਸੋ ਰੰਕ॥ ਪੰਨਾ – 1373***

ਉਹ ਕਿਸੇ ਦੀ ਖੁਸ਼ਾਮਦ ਨਹੀਂ ਕਰਿਆ ਕਰਦਾ ਕਿਉਂਕਿ ਉਹ ਪਰਮ ਅਨੰਦ ਵਿਚ ਹੈ।

ਇਕ ਵਾਰੀ ਪੋਰਸ ਨੂੰ ਸਿਕੰਦਰ ਨੇ ਕਿਹਾ ਕਿ ਮੈਂ ਕਿਸੇ ਸੰਤ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਪ੍ਰੋਗਰਾਮ ਬਣਾ ਲਿਆ ਤੇ ਸੰਤਾਂ ਨੂੰ ਮਿਲਣ ਚਲੇ ਗਏ। ਜਦੋਂ ਨੇੜੇ ਚਲੇ ਗਏ ਤਾਂ ਸਿਕੰਦਰ ਕਹਿਣ ਲੱਗਾ ਕਿ ਇਹਨਾਂ ਸੰਤਾਂ ਨੂੰ ਦਸਿਆ ਨਹੀਂ ਕਿ ਅਸੀਂ ਆ ਰਹੇ ਹਾਂ? ਮੈਂ ਸਾਰੀ ਦੁਨੀਆਂ ਨੂੰ ਜਿੱਤਣ ਤੋਂ ਬਾਅਦ ਆਇਆ ਹਾਂ, ਸੰਤਾਂ ਨੇ ਮੇਰਾ ਕੋਈ ਸੁਆਗਤ ਹੀ ਨਹੀਂ ਕੀਤਾ। ਪੋਰਸ ਕਹਿਣ ਲੱਗਾ, ਮਹਾਰਾਜ! ਸੰਤ ਤਾਂ ਕਿਸੇ ਨੂੰ invitation (ਸੱਦਾ ਪੱਤਰ) ਨਹੀਂ ਦਿੰਦੇ, ਸੰਤਾਂ ਦੀ ਆਪਣੀ ਮੌਜ ਹੁੰਦੀ ਹੈ। ਦਿਲ ਕਰੇ ਤਾਂ ਚਲੇ ਜਾਂਦੇ ਹਨ, ਜੇਕਰ ਅੰਦਰੋਂ ਆਵਾਜ਼ ਨਾ ਆਵੇ ਤਾਂ ਨਹੀਂ ਜਾਂਦੇ, ਭਾਵੇਂ ਕੋਈ ਜ਼ੋਰ ਲਾਈ ਜਾਵੇ। ਇਸੇ ਤਰ੍ਹਾਂ ਕਿਸੇ ਦੇ ਆਉਣ ਤੇ ਰੋਕ ਨਹੀਂ, ਕਿਸੇ ਦੇ ਜਾਣ ਤੇ ਰੋਕ ਨਹੀਂ, ਏਥੇ ਕੋਈ ਵੱਡਾ ਨਹੀਂ, ਕੋਈ ਛੋਟਾ ਨਹੀਂ। ਸਿਕੰਦਰ ਤੁਰਿਆ ਜਾ ਰਿਹਾ ਹੈ ਤੇ ਸੰਤਾਂ ਦੇ ਕੋਲ ਪਹੁੰਚ ਗਿਆ। ਸਰਦੀਆਂ ਦਾ ਮਹੀਨਾ ਸੀ। ਉਹ ਸੂਰਜ ਵੱਲ ਮੂੰਹ ਕਰਕੇ ਧੁੱਪ ਲੈ ਰਹੇ ਸਨ। ਆਪਣੀ ਝੌਂਪੜੀ ਦੇ ਕੋਲ ਬੈਠੇ ਸਨ। ਸਿੰਕਦਰ ਕੋਲ ਜਾ ਕੇ ਕਹਿਣ ਲੱਗਾ, ਇਹੋ ਸੰਤ ਹੈ? ਗੁੱਸਾ ਆ ਗਿਆ, ਤੇ ਸਿਕੰਦਰ ਕਹਿਣ ਲੱਗਾ ਕਿ ਮੇਰੇ ਆਇਆਂ ਤੇ ਉਠ ਕੇ ਖੜ੍ਹਾ ਨਹੀਂ ਹੋਇਆ, ਐਨਾ ਗੁਸਤਾਖ? ਗੁਸੇ ਨਾਲ ਤਲਵਾਰ ਕੱਢ ਲਈ ਕਿ ਮੈਂ ਹੁਣੇ ਇਸ ਸੰਤ ਨੂੰ ਕਤਲ ਕਰ ਦੇਣਾ ਹੈ। ਜਿਹੜਾ ਬੰਦਾ ਅਭਿਮਾਨੀ ਹੁੰਦਾ ਹੈ ਉਸਦੀ ਹਉਮੈ ਨੂੰ ਜਦੋਂ ਠੇਸ ਪਹੁੰਚਦੀ ਹੈ ਤਾਂ ਪਾਗਲਾਂ ਦੀ ਤਰ੍ਹਾਂ ਹੋ ਜਾਂਦਾ ਹੈ। ਇਸਨੇ ਤਲਵਾਰ ਕੱਢ ਲਈ ਤੇ ਸੰਤ ਮੁਸਕਰਾ ਪਏ। ਉਹਨਾਂ ਦੀ ਦ੍ਰਿਸ਼ਟੀ ਵਿਚ ਕੋਈ ਐਸੀ ਕਸ਼ਿਸ਼ ਸੀ ਕਿ ਇਹਦੇ ਅੰਦਰ ਕੁਝ ਹੋਣ ਲਗ ਪਿਆ, ਹੌਲੀ ਹੌਲੀ ਨੇੜੇ ਚਲਾ ਗਿਆ। ਸੰਤਾਂ ਨੇ ਕਿਹਾ, "ਆਪਣੀ ਤਲਵਾਰ ਨੂੰ ਮਿਆਨ ਵਿਚ ਪਾ ਲੈ, ਤੈਨੂੰ ਕਿਹੜੀ ਗੱਲ ਦਾ ਗੁੱਸਾ ਆ ਗਿਆ? ਕੀ ਇਹ ਤੇਰੀ ਤਲਵਾਰ ਲੱਖਾਂ ਬੰਦਿਆਂ ਦਾ ਖੂਨ ਪੀ ਕੇ ਅਜੇ ਰੱਜੀ ਨਹੀਂ? ਤੈਨੂੰ ਕਿਸ ਗੱਲ ਦੀ ਐਨੀ ਨਰਾਜ਼ਗੀ ਹੈ?" ਕਹਿਣ ਲੱਗਾ, "ਮੈਂ ਤੁਹਾਡੇ ਦਰਸ਼ਨ ਕਰਨ ਆਇਆ ਹਾਂ, ਮੇਰੇ ਸਵਾਗਤ ਵਾਸਤੇ ਤੁਸੀਂ ਕੋਈ ਗੱਲ ਨਹੀਂ ਕੀਤੀ।" ਸੰਤਾਂ ਨੇ ਕਿਹਾ, "ਸਾਨੂੰ ਕੀ ਲੋੜ ਹੈ ਉਠ ਕੇ ਖੜ੍ਹੇ ਹੋਣ ਦੀ? ਜੇ ਤੇਰਾ ਗੁਲਾਮ ਆ ਜਾਏ, ਕੀ ਤੂੰ ਉਠ ਕੇ ਖੜ੍ਹਾ ਹੁੰਦਾ ਹੈਂ?" ਕਹਿਣ ਲੱਗਾ, "ਨਹੀਂ।" "ਜੇ ਕਰ ਤੇਰੇ ਗੁਲਾਮ ਦਾ ਵੀ ਗੁਲਾਮ ਆ ਜਾਏ, ਫੇਰ ਖੜ੍ਹਾ ਹੋਏਂਗਾ?" ਕਹਿੰਦਾ, "ਬਿਲਕੁਲ ਨਹੀਂ।" "ਜੇਕਰ ਅੱਗੋਂ ਹੋਰ ਗੁਲਾਮ ਦਾ ਵੀ ਗੁਲਾਮ ਆ ਜਾਏ, ਫੇਰ?" ਕਹਿਣ ਲੱਗਾ ਮੈਂ ਤਾਂ ਕਿਸੇ ਵਾਸਤੇ ਵੀ ਨਹੀਂ ਖੜ੍ਹਾ ਹੁੰਦਾ ਕਿਉਂਕਿ ਮੈਂ ਸਾਰੀ ਦੁਨੀਆਂ ਦਾ ਵਿਜੈਤਾ ਹਾਂ। ਸੰਤ ਕਹਿਣ ਲੱਗੇ, ਬੱਸ ਇਹੋ ਗੱਲ ਸਾਡੇ ਨਾਲ ਹੈ। ਪੋਰਸ ਨੇ ਬੇਨਤੀ ਕੀਤੀ, "ਮਹਾਰਾਜ! ਤੁਸੀਂ ਕ੍ਰਿਪਾ ਕਰਕੇ ਗੱਲ ਸਮਝਾ ਦਿਓ।" ਕਹਿਣ ਲੱਗੇ, "ਕੀ ਤੂੰ ਸੁਣ ਸਕੇਂਗਾ?" ਕਹਿਣ ਲੱਗਾ, "ਹਾਂ।" ਸੰਤ ਕਹਿੰਦੇ, "ਕੀ ਤੈਨੂੰ ਯੂਨਾਨ ਵਿਚ ਰੋਟੀ ਨਹੀਂ ਮਿਲੀ? ਕੁਲੀ, ਗੁਲੀ ਜੁਲੀ ਤਿੰਨ ਚੀਜ਼ਾਂ ਦੀ ਲੋੜ ਹੁੰਦੀ ਹੈ। ਦੁਨੀਆਂ ਨੂੰ ਕਿਉਂ ਮਾਰਦਾ ਫਿਰਦਾ ਹੈਂ? ਕਿਹੜੀ ਚੀਜ਼ ਹੈ ਜਿਹੜੀ ਤੈਨੂੰ ਲਈ ਫਿਰਦੀ ਹੈ?" ਸਿਕੰਦਰ ਚੁਪ ਕਰ ਗਿਆ। ਕਹਿਣ ਲੱਗੇ, ਤੇਰੇ ਅੰਦਰ ਲੋਭ ਹੈ, ਹਵਸ ਹੈ ਕਿ ਮੈਂ ਸਾਰੀ ਦੁਨੀਆਂ ਨੂੰ ਫਤਹਿ ਕਰ ਲਵਾਂ। ਪਰਮਾਤਮਾ ਨੇ ਤੇਰੇ ਮਨ ਨੂੰ ਹਰਕਤ ਦਿਤੀ ਹੈ, ਬੁੱਧੀ ਤੇ ਜਲਵਾ ਪਾਇਆ ਹੈ, ਬੁਧੀ ਨੇ ਤੇਰੇ ਮਨ ਨੂੰ ਹਰਕਤ ਦਿਤੀ ਹੈ, ਮਨ ਨੇ ਤੇਰੇ ਸਰੀਰ ਨੂੰ ਹਰਕਤ ਦਿਤੀ ਹੈ। ਇਸੇ ਕਰਕੇ ਤੂੰ ਆਪਣੇ ਸਰੀਰ ਕਰਕੇ ਸਾਡੇ ਕੋਲ ਆਇਆ ਹੈਂ, ਹੁਣ ਜਿਹੜਾ ਲੋਭ ਹੈ ਜਿਸ ਕਰਕੇ ਤੂੰ ਐਨੇ ਬੇ-ਕਸੂਰੇ ਬੰਦੇ ਮਾਰ ਦਿਤੇ, ਉਹ ਸਾਡੀਆਂ ਖੜਾਵਾਂ ਦੇ ਹੇਠਾਂ ਪਿਆ ਹੈ। ਖੜਾਵਾਂ ਸਾਡੀ ਸੇਵਾ ਕਰਦੀਆਂ ਹਨ ਅਤੇ ਲੋਭ ਖੜਾਵਾਂ ਦਾ ਗੁਲਾਮ ਹੈ। ਉਹਦਾ ਗੁਲਾਮ ਹੈ ਤੇਰਾ ਮਨ ਜਿਸ ਅੰਦਰ ਦੁਨੀਆਂ ਜਿੱਤਣ ਦਾ ਸੰਕਲਪ ਪੈਦਾ ਹੋਇਆ, ਤੇਰੇ ਮਨ ਦੀ ਗੁਲਾਮ ਹੈ ਤੇਰੀ ਬੁੱਧੀ, ਇਨ੍ਹਾਂ ਦੀ ਗੁਲਾਮੀ ਕੀਤੀ ਤੇਰੇ ਸਰੀਰ ਨੇ; ਹੁਣ ਤੂੰ ਆਪੇ ਹੀ ਸੋਚ ਲੈ ਕਿ ਤੂੰ ਗੁਲਾਮਾਂ ਦੇ ਗੁਲਾਮ ਦਾ ਵੀ ਗੁਲਾਮ ਹੈਂ। ਤੇਰੇ ਆਇਆਂ ਤੇ ਕੀ ਅਸੀਂ ਉਠ ਕੇ ਖੜ੍ਹੇ ਹੋਈਏ? ਕੋਈ ਸਤਿਪੁਰਸ਼ ਆ ਜਾਵੇ, ਬ੍ਰਹਮ ਨੂੰ ਜਾਨਣ ਵਾਲਾ ਆ ਜਾਵੇ, ਅਸੀਂ ਉਹਦੇ ਚਰਨਾਂ ਤੇ ਸੀਸ ਨਿਛਾਵਰ ਕਰ ਦਿਆਂਗੇ, ਇਕ ਦੁਨੀਆਂਦਾਰ ਵਾਸਤੇ ਨਹੀਂ। ਫੁਰਮਾਨ ਹੈ –

***ਜੋ ਜਨ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕੁ॥***
***ਪੰਨਾ – 1373***

ਕਿਉਂਕਿ ਵਾਸ਼ਨਾ ਖਤਮ ਹੋ ਗਈ। ਜਿਸਨੇ ਵਾਸ਼ਨਾ ਖਤਮ ਕਰ ਲਈ, ਉਹ ਪਰਮ ਅਨੰਦ ਵਿਚ ਹੋਇਆ ਕਰਦਾ ਹੈ। ਇਕ ਇੱਛਾ ਹੀ ਆਦਮੀ ਨੂੰ ਜੀਵਨ ਮਰਨ ਦੇ ਚੱਕਰ ਵਿਚ ਲਈ ਫਿਰਦੀ ਹੈ। ਜਦੋਂ ਤਕ ਵਾਸ਼ਨਾ ਹੈ, ਆਦਮੀ ਜੰਮਦਾ ਮਰਦਾ ਰਹੇਗਾ ਤੇ ਦੁਖੀ ਰਹੇਗਾ, ਪਰਮਸ਼ਾਂਤੀ ਦੀ ਪ੍ਰਾਪਤੀ ਨਹੀਂ ਹੁੰਦੀ। ਵਾਸ਼ਨਾ ਇਕ ਕਿਸਮ ਦੀ ਨਹੀਂ ਹੈ, ਇਸਦੇ ਹਜ਼ਾਰਾਂ ਰੂਪ ਹਨ।

ਸੋ ਅੰਮ੍ਰਿਤਰਾਏ ਜੀ ਕਹਿਣ ਲੱਗੇ ਕਿ ਸੁਜਾਨ ਰਾਇ! ਕਿਸ ਤਰ੍ਹਾਂ ਸ਼ਾਂਤੀ ਆ ਸਕਦੀ ਹੈ? ਤੈਨੂੰ ਨਾਮ ਨਹੀਂ ਪ੍ਰਾਪਤ ਹੋਇਆ। ਸੁਜਾਨ ਰਾਇ ਕਹਿਣ ਲੱਗਾ ਕਿ ਨਾਮ ਕਿਥੋਂ ਪ੍ਰਾਪਤ ਹੁੰਦਾ ਹੈ? ਤਾਂ ਦੱਸਿਆ ਕਿ ਨਾਮ ਪੂਰੇ ਗੁਰੂ ਤੋਂ ਬਗੈਰ ਪ੍ਰਾਪਤ ਨਹੀਂ ਹੁੰਦਾ, ਪੂਰੇ ਗੁਰੂ ਤੋਂ ਬਗੈਰ ਮੁਕਤੀ ਪ੍ਰਾਪਤ ਨਹੀਂ

ਹੁੰਦੀ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਇਸ ਤਰ੍ਹਾਂ ਹੈ –

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।।***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।।***

***ਪੰਨਾ – 59***

ਅੰਮ੍ਰਿਤਰਾਏ ਜੀ ਨੇ ਕਿਹਾ ਕਿ ਜੇ ਸਾਡੀ ਗੱਲ ਨਹੀਂ ਮੰਨਦੇ ਤਾਂ ਬ੍ਰਹਮਾ ਨੂੰ, ਨਾਰਦ ਨੂੰ, ਵੇਦ ਵਿਆਸ ਜੀ ਨੂੰ, ਸੁਖਦੇਵ ਨੂੰ ਪੁਛ ਲਓ; ਜਿੰਨੇ ਵੀ ਤਤਬੇਤੇ ਮਹਾਂਪੁਰਸ਼ ਹੋਏ ਹਨ, ਕਿਸੇ ਨੂੰ ਪੁਛ ਲਓ, ਬਗੈਰ ਗੁਰੂ ਤੋਂ ਗਿਆਨ ਨਹੀਂ ਹੁੰਦਾ ਤੇ ਗਿਆਨ ਤੋਂ ਬਿਨਾਂ ਮੁਕਤੀ ਨਹੀਂ ਹੁੰਦੀ। ਨਾਮ ਕੇਵਲ ਗੁਰੂ ਕੋਲ ਹੋਇਆ ਕਰਦਾ ਹੈ।

***ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥***

***ਪੰਨਾ – 40***

ਮਿਲਦਾ ਕਿਸ ਤਰ੍ਹਾਂ ਹੈ?

***ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥***

***ਪੰਨਾ – 40***

ਜਦੋਂ ਸੇਵਾ ਕਰਦਾ ਹੈ, ਮੁਰਦੇ ਵਾਲੀ ਬਿਰਤੀ ਧਾਰਨ ਕਰਦਾ ਹੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

***ਪੰਨਾ – 1102***

ਇਹਦੇ ਦੋ ਅਰਥ ਲੈਂਦੇ ਹਨ – ਜਿਹੜਾ ਤਾਂ ਚੰਮਵਾਦੀ ਹੈ, ਸਰੀਰਵਾਦੀ ਹੈ, ਉਹਦੇ ਵਾਸਤੇ ਤਾਂ ਕਹਿੰਦੇ ਹਨ ਕਿ ਤੂੰ ਮਰਨਾ ਕਬੂਲ ਕਰ ਲੈ। ਭਾਵੇਂ ਤੈਨੂੰ ਕਿਤੇ ਵੀ ਸੁੱਟ ਦਿੱਤਾ ਜਾਵੇ। ਜਿਹੜਾ ਗਿਆਨਵਾਨ ਹੈ, ਉਹਦੇ ਵਾਸਤੇ ਕਹਿੰਦੇ ਹਨ ਕਿ ਤੇਰੇ ਅੰਦਰ ਇਕ ਚੀਜ਼ ਹੈ ਜੋ ਤੈਨੂੰ ਤੰਗ ਕਰ ਰਹੀ ਹੈ। ਜੇ ਤੂੰ ਮਰ ਵੀ ਜਾਵੇਂ, ਸਰੀਰ ਵੀ ਦੇ ਦੇਵੇਂ, ਤਾਂ ਵੀ ਤੇਰੀ ਮੁਕਤੀ ਨਹੀਂ ਹੋਣੀ, ਕਿਉਂਕਿ ਤੇਰੇ ਅੰਦਰ ਅਜੇ ਤਿਆਗ ਨਹੀਂ ਹੋਇਆ, ਤੂੰ ਫੇਰ ਵੀ ਜਿਊਂਦਾ ਹੈਂ, ਤੇਰਾ ਸੂਖਸ਼ਮ ਸਰੀਰ ਜੀਊਂਦਾ ਹੈ, ਤੇਰਾ ਕਾਰਨ ਸਰੀਰ ਜੀਊਂਦਾ ਹੈ। ਕਹਿਣ ਲੱਗਾ ਕਿ ਜੇ ਸੀਸ ਵੱਢ ਦਿਤਾ ਜਾਵੇ ਤਾਂ ਮੈਂ ਮਰਦਾ ਨਹੀਂ? ਕਹਿੰਦੇ, ਨਹੀਂ, ਤੂੰ ਨਹੀਂ ਮਰਦਾ, ਤੂੰ ਤਾਂ ਜੀਊਂਦਾ ਹੀ ਰਹਿੰਦਾ ਹੈਂ। ਇਹਦੇ ਨਾਲ ਤੇਰੀ ਇਕ ਮਸ਼ੀਨ ਟੁਟੇਗੀ, ਜਿਸਨੂੰ ਤੂੰ ਮਰਨਾ ਕਹਿੰਦਾ ਹੈਂ। ਤੇਰਾ ਸਥੂਲ ਸਰੀਰ ਮਰ ਗਿਆ, ਕੀ ਹੋਇਆ? ਪੰਜ ਤੱਤ ਆਪਣੇ ਤੱਤਾਂ ਵਿਚ ਚਲੇ ਗਏ, ਬਾਕੀ ਤਾਂ ਕੁਝ ਵੀ ਨਹੀਂ ਵਿਗੜਿਆ, ਸੰਸਕਾਰ ਉਸੇ ਤਰ੍ਹਾਂ ਪਏ ਹਨ, ਪਾਪ ਪੁੰਨ ਦੇ ਬੀਜ ਵੀ ਉਵੇਂ ਜਿਵੇਂ ਪਏ ਹਨ, ਵੈਰ ਭਾਵ, ਮਿਤਰ ਭਾਵ, ਸਭ ਉਸੇ ਤਰ੍ਹਾਂ ਉਕਰੇ ਪਏ ਹਨ। ਜਿੰਨੀ ਦੇਰ ਤਕ ਤੇਰਾ ਅੰਤਸ਼ਕਰਣ ਜਿਊਂਦਾ ਹੈ, ਉਤਨੀ ਦੇਰ ਤਕ ਤੂੰ ਨਹੀਂ ਮਰਨਾ। ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ, ਮਨ, ਚਿਤ, ਬੁੱਧ ਤੇ ਅਹੰਭਾਵ – ਉਨੀਂ ਚੀਜ਼ਾਂ ਤੇਰੀਆਂ ਜੀਊਂਦੀਆਂ ਹਨ। ਉਹ ਕਿਸੇ ਵੀ ਤਰੀਕੇ ਨਾਲ ਨਹੀਂ ਮਰਦੀਆਂ ਭਾਵੇਂ ਟੁਕੜੇ ਟੁਕੜੇ ਕਰ ਦਿਤੇ ਜਾਣ, ਸਰੀਰ ਨੂੰ ਭਾਵੇਂ ਰੱਤੀ ਰੱਤੀ ਕਰਕੇ ਕੱਟ ਦੇ, ਤਾਂ ਵੀ ਨਹੀਂ ਮਰਦੀਆਂ ਕਿਉਂਕਿ ਉਹ ਸੂਖਮ ਤੱਤ ਕੱਟ ਵੱਢ ਨਹੀਂ ਹੁੰਦੇ, ਨਾ ਹੀ ਜਲਦੇ ਹਨ, ਨਾ ਸੁਕਦੇ ਹਨ। ਜੇਕਰ ਇੰਨਾ ਹੀ ਕਰ ਲਿਆ ਕਿ ਮੈਂ ਸੀਸ ਦੇ ਦਿਤਾ ਤੇ ਮਰ ਗਿਆ; ਸਿਰ ਦਿਤੇ ਤੇ ਤਾਂ ਨਹੀਂ ਮਰਿਆ ਜਾਂਦਾ। ਤੂੰ ਅੰਦਰੋਂ ਜਿੰਨੀ ਦੇਰ ਤਕ ਫੈਸਲਾ ਨਹੀਂ ਕਰਦਾ ਕਿ ਮੈਂ ਮਰਨਾ ਹੈ, ਜਿੰਨੀ ਦੇਰ ਤੱਕ ਤੂੰ ਆਪਣੇ ਨਿਜ ਆਪੇ, ਆਪਣੀ ਹੋਂਦ ਨੂੰ ਖਤਮ ਕਰਨ ਦਾ ਫੈਸਲਾ ਨਹੀਂ ਕਰਦਾ, ਉਦੋਂ ਤਕ ਗੱਲ ਨਹੀਂ ਬਣਨੀ। ਏਸੇ ਕਰਕੇ ਕਿਹਾ ਹੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***

***ਪੰਨਾ – 1102***

ਨਿਜ ਆਪੇ ਦੇ ਨਾਲ ਜਿਊਂਦਾ ਰਹਿਣ ਦੀ ਆਦਤ ਛੱਡ ਦੇ, ਫੇਰ ਤੈਨੂੰ ਸਦਾ ਦੀ ਜ਼ਿੰਦਗੀ ਪ੍ਰਾਪਤ ਹੋ ਜਾਏਗੀ। ਹੁਣ ਤਾਂ ਤੂੰ ਜੰਮਦਾ ਮਰਦਾ ਹੈਂ, ਫੇਰ ਤੈਨੂੰ ਉਹ ਅਵਸਥਾ ਪ੍ਰਾਪਤ ਹੋ ਜਾਏਗੀ ਜਿਥੇ ਮੁੜ ਕੇ ਮਰਨਾ ਹੀ ਨਹੀਂ ਹੈ। ਸੋ ਇਹ ਮਰਨਾ ਕਬੂਲ ਕਰ ਲੈ –

***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

***ਪੰਨਾ – 1102***

ਪਹਿਲਾਂ ਮਰਣ ਕਬੂਲ ਕਰ ਲੈ, ਜਿੰਨੀ ਦੇਰ ਤਕ ਕਬੂਲ ਨਹੀਂ ਕਰਦਾ –

***ਮੁਰਦਾ ਹੋਇ ਮੁਰੀਦ ਨਾ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***

***ਭਾਈ ਗੁਰਦਾਸ ਜੀ, ਵਾਰ 3/18***

ਗੱਲਾਂ ਨਾਲ ਤਾਂ ਕੋਈ ਮੁਰਦਾ ਬਣਦਾ ਨਹੀਂ, ਸੱਚ-ਮੁੱਚ ਮੁਰਦਾ ਬਣਨਾ ਪੈਂਦਾ ਹੈ। ਸਤਿਗੁਰੂ ਦੀ ਮਰਜ਼ੀ ਵਿਚ ਚਲਨਾ ਪੈਂਦਾ ਹੈ। ਐਸ ਤਰ੍ਹਾਂ ਸੇਵਾ ਵਿਚ ਲਗਣਾ ਪੈਂਦਾ ਹੈ। ਫੇਰ ਗੁਰੂ ਕੀ ਕਰਦਾ ਹੈ?

(ਸਮਾਂ ਮਿਲਿਆ ਫਿਰ ਇਸ ਤੇ ਵੀਚਾਰ ਕਰਾਂਗੇ)

***ਧੰਨ ਵਡਭਾਗੀ ਵਡਭਾਗੀਆਂ, ਜੋ ਆਏ ਮਿਲੇ ਗੁਰਪਾਸ***

***ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮ ਦੇਇ ਆਧਾਰੁ॥***
***ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਿਧਾਰਿ॥***
***ਤਿਸਨਾ ਬੁਝੈ ਤਿਪਤਿ ਹੋਇ ਹਰਿ ਕੈ ਨਾਇ ਪਿਆਰਿ॥***
***ਨਾਨਕ ਗੁਰਮੁਖਿ ਪਾਈਐ ਹਰਿ ਅਪਨੀ ਕਿਰਪਾ ਧਾਰਿ॥***

***ਪੰਨਾ – 1417***

ਸੋ ਭਾਈ ਸੁਜਾਨ ਰਾਇ ਜੀ! ਗੁਰੂ ਦੀ ਸ਼ਰਨ ਵਿਚ ਜਾਣਾ ਪੈਂਦਾ ਹੈ। ਕਹਿਣ ਲੱਗਾ, ਮੈਨੂੰ ਕਿਸੇ ਪੂਰੇ ਗੁਰੂ ਦੀ ਦਸ ਪਾ ਦੇ। ਕਹਿਣ ਲੱਗੇ ਕਿ ਤੈਨੂੰ ਦਸ ਤਾਂ ਪਾਈ ਜਾਂਦੇ ਹਾਂ, ਐਸ ਵੇਲੇ ਦਸਵਾਂ ਗੁਰੂ ਨਾਨਕ ਸੰਸਾਰ ਦਾ ਉਧਾਰ ਕਰ

ਰਿਹਾ ਹੈ ਤੇ ਬਹੁਤ ਉਚੀ ਆਵਾਜ਼ ਨਾਲ ਕਹਿ ਰਿਹਾ ਹੈ –

*ਹਮ ਇਹ ਕਾਜ ਜਗਤ ਮੋ ਆਏ।*
*ਧਰਮ ਹੇਤ ਗੁਰਦੇਵ ਪਠਾਏ।*
*ਜਹਾਂ ਤਹਾਂ ਤੁਮ ਧਰਮ ਬਿਥਾਰੋ।*
*ਦੁਸਟ ਦੋਖੀਅਨਿ ਪਕਰਿ ਪਛਾਰੋ॥ ਬਚਿਤ੍ਰ ਨਾਟਕ*

ਜਿੰਨੀ ਸੰਸਾਰ ਦੇ ਅੰਦਰ, ਮਨੁੱਖ ਦੇ ਅੰਦਰ ਦੁਸ਼ਟਤਾਈ ਹੈ – ਜੋ ਦੁਸ਼ਟਤਾਈ ਪਰਮੇਸ਼ਰ ਨਾਲੋਂ ਤੋੜਦੀ ਹੈ, ਅਸੀਂ ਉਸਨੂੰ ਖਤਮ ਕਰਨ ਆਏ ਹਾਂ ਅਤੇ ਸੰਤ ਬਿਰਤੀ ਨੂੰ ਉਬਾਰਨ ਵਾਸਤੇ ਆਏ ਹਾਂ। ਸੋ ਐਸੇ ਸਤਿਗੁਰੂ, ਜਿਥੋਂ ਅਸੀਂ ਆਏ ਹਾਂ – ਅਨੰਦਪੁਰ ਸਾਹਿਬ ਤੋਂ, ਉਥੇ ਨਿਵਾਸ ਰਖਦੇ ਹਨ ਤੇ ਸੰਸਾਰ ਦਾ ਉਧਾਰ ਕਰ ਰਹੇ ਹਨ। ਭਾਈ ਸੁਜਾਨ ਰਾਇ ਕਹਿਣ ਲੱਗਾ ਕਿ ਮੈਂ ਵੀ ਤਾਂ ਕਾਫੀ ਸਾਰੇ ਸਾਧਨ ਕੀਤੇ ਹਨ। ਪ੍ਰੇਮੀਆਂ ਨੇ ਪੁਛਿਆ, ਤੂੰ ਕੀ ਕੀਤਾ ਹੈ? ਮੈਂ 'ਅਸ਼ਟ' ਸਾਧਨ ਕਰਦਾ ਰਿਹਾ ਹਾਂ। ਮੈਂ ਹੋਰ ਵੀ ਸਾਧਨ ਕੀਤੇ ਹਨ –

*ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਰਹਿਆ॥*
*ਪੰਨਾ – 642*

ਬਹੁਤ ਆਸਣ ਕੀਤੇ ਹਨ। ਸਿੱਧਾਂ ਨਾਲ ਮੇਰੀ ਜਾਣ ਪਛਾਣ ਹੋਈ ਹੈ। ਇਹਨਾਂ ਦਾ ਕੋਈ ਫਾਇਦਾ ਨਹੀਂ ਹੋਇਆ ਕਿਉਂਕਿ ਇਹਨਾਂ ਦਾ ਕੁਝ ਪਤਾ ਨਹੀਂ ਲਗਦਾ ਕਿ ਅਸ਼ਟ ਸਾਧਨ ਕੀ ਹੁੰਦੇ ਹਨ। ਉਸ ਨੂੰ 'ਅਸ਼ਟਾਂਗ ਯੋਗ' ਆਖਦੇ ਹਨ। ਪਹਿਲਾਂ ਏਹੀ ਪ੍ਰਚਲਿਤ ਹੋਇਆ ਸੀ। ਗੁਰੂ ਮਹਾਰਾਜ ਨੇ ਇਸ ਵਿਚ ਥੋੜ੍ਹੀ ਜਿਹੀ modification (ਤਬਦੀਲੀ) ਰੱਖੀ ਹੈ। ਇਸ ਨੂੰ ਬਦਲਿਆ ਤਾਂ ਨਹੀਂ ਪਰ ਉਸ ਵਿਚ addition (ਵਾਧਾ) ਹੋਰ ਕਰ ਦਿਤੀ, ਐਡੀਸ਼ਨ ਇਸ ਤਰ੍ਹਾਂ ਹੈ, ਜਿਵੇਂ ਗੁਰੂ ਮਹਾਰਾਜ ਜਗਨਨਾਥ ਦੇ ਮੰਦਰ ਜਾਂਦੇ ਹਨ, ਉਥੇ ਆਰਤੀ ਉਤਾਰੀ ਜਾ ਰਹੀ ਹੈ। ਮਹਾਰਾਜ ਬਾਹਰ ਬੈਠ ਗਏ, ਪਾਂਡਿਆਂ ਨੇ ਪੁਛਿਆ ਕਿ ਮਹਾਰਾਜ! ਤੁਸੀਂ ਆਰਤੀ ਵਿਚ ਵਿਸ਼ਵਾਸ ਨਹੀਂ ਰਖਦੇ?

ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਰਖਦੇ ਹਾਂ।

ਫੇਰ ਤੁਸੀਂ ਅੰਦਰ ਕਿਉਂ ਨਹੀਂ ਆਏ?

ਕਹਿਣ ਲੱਗੇ ਕਿ ਇਹ ਆਰਤੀ ਛੋਟੀ ਸੀ, ਅਸੀਂ ਵੱਡੀ ਆਰਤੀ ਦਾ ਉਚਾਰਨ ਕਰਦੇ ਹਾਂ। ਕਹਿੰਦੇ ਉਹ ਕਿਹੜੀ ਆਰਤੀ ਹੈ? ਗੁਰੂ ਨਾਨਕ ਦੇਵ ਜੀ ਨੇ ਕਿਹਾ, ਉਹ ਆਰਤੀ ਹੈ ਜਿਸ ਵਿਚ ਥਾਲ ਤਾਂ ਗਗਨ ਦਾ ਬਣਾਇਆ ਹੋਇਆ ਹੈ, ਦੀਵੇ ਉਹਦੇ ਵਿਚ ਤਾਰੇ ਹਨ, ਸੂਰਜ ਤੇ ਚੰਦ ਹਨ, ਧੂਪ ਉਹਦੀ 'ਮਲਿਆਗਰ ਪਰਬਤ' ਤੋਂ ਆਪੇ ਹੀ ਆ ਰਹੀ ਹੈ। ਸੋ ਐਸੀ ਆਰਤੀ ਜੋ ਹੈ, ਅਸੀਂ ਉਸ ਵਿਚ ਹਰ ਵਕਤ ਲਗੇ ਰਹਿੰਦੇ ਹਾਂ। ਤੁਸੀਂ ਤਾਂ ਦੀਵੇ ਥੋੜ੍ਹੀ ਦੇਰ ਜਾਲਦੇ ਹੋ। ਪਾਂਡੇ ਕਹਿਣ ਲੱਗੇ ਕਿ ਮਹਾਰਾਜ! ਕੀ ਸਾਡੇ ਵਾਲੀ ਆਰਤੀ ਗਲਤ ਹੈ? ਮਹਾਰਾਜ ਨੇ ਕਿਹਾ ਨਹੀਂ, ਇਹ ਵੀ ਹੈਗੀ। ਇਹ ਅਵਸਥਾ ਭੇਦ ਦੇ ਨਾਲ, ਜਿੰਨੀ ਦੇਰ ਤਕ ਆਦਮੀ ਨੂੰ ਨਿਰਗੁਣ ਬ੍ਰਹਮ ਦੀ ਸਮਝ ਨਹੀਂ ਆਉਂਦੀ, ਉਨੀਂ ਦੇਰ ਤਕ ਉਹ ਨਿਰਗੁਨ ਬ੍ਰਹਮ ਦੀ ਆਰਤੀ ਨਹੀਂ ਉਤਾਰ ਸਕਿਆ ਕਰਦਾ। ਉਨੀ ਦੇਰ ਤਕ ਤੁਹਾਡੀ ਆਰਤੀ ਹੀ ਠੀਕ ਹੈ। ਗੁਰੂ ਮਹਾਰਾਜ ਨੇ ਅਸ਼ਟਾਂਗ ਯੋਗ ਨੂੰ ਖੰਡਨ ਨਹੀਂ ਕੀਤਾ, ਸਿਰਫ ਉਸ ਵਿਚ ਥੋੜ੍ਹੀ ਜਿਹੀ ਤਬਦੀਲੀ ਕਰ ਦਿਤੀ ਹੈ, ਕੁਝ ਵਾਧੇ ਕਰ ਦਿਤੇ ਹਨ। ਇਸ ਤਰ੍ਹਾਂ ਹੁੰਦਾ ਹੈ ਕਿ ਪਹਿਲਾਂ ਇਸਦੀਆਂ ਅੱਠ ਰਹਿਤਾਂ ਹੁੰਦੀਆਂ ਹਨ। ਉਹਨਾਂ ਦੇ ਨਾਮ ਰੱਖੇ ਹੋਏ ਹਨ। ਇਕ ਦਾ ਨਾਮ ਯਮ ਹੈ, ਪਹਿਲੀ ਉਸ ਵਿਚ ਹੈ 'ਅਹਿੰਸਾ', ਮਨ ਦੇ ਨਾਲ, ਬੁਧੀ ਦੇ ਨਾਲ ਤੇ ਸਰੀਰ ਦੇ ਨਾਲ ਤੇ ਆਤਮਕ ਸ਼ਕਤੀ ਦੇ ਨਾਲ ਕਿਸੇ ਨੂੰ ਨੁਕਸਾਨ ਨਾ ਪਹੁੰਚਾਉਣਾ। ਅਹਿੰਸਾ ਤਿੰਨ ਪ੍ਰਕਾਰ ਦੀ ਹੁੰਦੀ ਹੈ। ਦੂਜਾ ਹੁੰਦਾ ਹੈ ਝੂਠ ਨਾ ਬੋਲਣਾ ਤੇ ਨਾ ਵਰਤਣਾ ਕਿ ਅੰਦਰ ਕੁਛ ਹੋਰ ਹੋਵੇ ਤੇ ਬਾਹਰੋਂ ਕੁਝ ਹੋਰ ਹੋਵੇ ਕਿਉਂਕਿ ਹੁਣ ਸਾਡੇ ਸਾਰਿਆਂ ਦੇ ਕਈ ਕਈ ਰੂਪ ਹਨ। ਅੰਦਰੋਂ ਅਸੀਂ ਹੋਰ ਹਾਂ ਤੇ ਬਾਹਰ ਦੁਨੀਆਂ ਨੂੰ ਦਿਖਾਉਣ ਵਾਲਾ ਰੂਪ ਹੋਰ ਹੈ ਤੇ ਸਾਰਿਆਂ ਤੋਂ ਚੋਰੀ ਸਾਡਾ ਹੋਰ ਰੂਪ ਹੈ। ਜੋ ਕੋਈ ਨਹੀਂ ਦੇਖਦਾ, ਇਹ ਝੂਠ ਦੀ ਜ਼ਿੰਦਗੀ ਹੋ ਗਈ।

*ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥*
*ਪੰਨਾ – 470*

ਕੂੜ ਰੋਮ ਰੋਮ ਵਿਚ ਰਚ ਕੇ ਸਾਨੂੰ ਗਲਤ ਰਸਤੇ ਪਾ ਰਿਹਾ ਹੈ।

ਸੋ ਤੀਸਰੀ ਹੁੰਦੀ ਹੈ ਚੋਰੀ, ਜੋ ਕਿ ਬੇਅੰਤ ਕਿਸਮ ਦੀ ਹੈ। ਇਕ ਤਾਂ ਕਿਸੇ ਦੇ ਖਿਆਲ ਚੋਰੀ ਕਰ ਲੈਣੇ, ਕਿਸੇ ਦੀ ਕਵਿਤਾ ਚੋਰੀ ਕਰ ਲੈਣੀ, ਕਿਸੇ ਦੀ ਚੀਜ਼ ਚੋਰੀ ਕਰ ਲੈਣੀ, ਬੇਅੰਤ ਚੀਜ਼ਾਂ ਹਨ ਜੋ ਕਿ ਚੋਰੀ ਕੀਤੀਆਂ ਜਾ ਸਕਦੀਆਂ ਹਨ। ਚੌਥਾ ਹੋਇਆ ਕਰਦਾ ਹੈ ਜਤ। ਸਾਰੇ ਹੀ ਇੰਦਰਿਆਂ ਦਾ, ਕੰਨਾਂ ਦਾ ਵੀ, ਅੱਖਾਂ ਦਾ ਵੀ, ਵਾਸ਼ਨਾ ਦਾ ਵੀ, ਜ਼ੁਬਾਨ ਦਾ ਵੀ; ਜਤ ਕਿੱਡਾ ਹੁੰਦਾ ਹੈ। ਰਾਜਾ ਹਰੀ ਚੰਦ ਹੋਇਆ ਹੈ। ਕੇਵਲ ਉਸ ਨੂੰ ਸੁਪਨਾ ਆਇਆ ਸੀ, ਕਿ ਉਸਨੇ ਸੁਪਨੇ ਵਿਚ ਵਿਸ਼ਵਾਮਿਤ੍ਰ ਨੂੰ ਰਾਜ ਦਾਨ ਕਰ ਦਿਤਾ ਸੀ। ਦੂਜੇ ਦਿਨ ਹੀ ਵਿਸ਼ਵਾਮਿਤ੍ਰ ਆ ਗਿਆ ਕਿਉਂਕਿ ਉਹ ਵੀ ਅੰਤਰਜਾਮੀ ਸੀ। ਰਾਜੇ ਹਰੀਚੰਦ ਨੂੰ ਕਹਿਣ ਲੱਗੇ ਕਿ ਤੁਸੀਂ ਮੈਨੂੰ ਰਾਜ ਕਿਉਂ ਨਹੀਂ ਦਾਨ ਕਰਦੇ। ਉਹਨੇ ਇਹ ਨਹੀਂ ਕਿਹਾ ਕਿ ਮੈਨੂੰ ਸੁਪਨਾ ਆਇਆ ਸੀ। ਉਸਨੇ ਸਾਰਾ ਰਾਜ ਦਾਨ ਕਰ ਦਿਤਾ। ਐਸਾ ਜਤ ਸੀ ਉਸਦਾ। ਫੇਰ ਪੰਜਵੀਂ ਹੋਇਆ ਕਰਦੀ ਹੈ ਧੀਰਜ। ਔਖ ਹੋ ਜਾਵੇ, ਸੌਖ ਹੋ ਜਾਵੇ, ਕਿੰਨੀ ਵੀ ਤਾਕਤ ਹੋਵੇ, ਧੀਰਜ ਰਖ ਕੇ ਸਮਾਨ ਬਿਰਤੀ ਵਿਚ ਰਹਿਣਾ। ਛੇਵੀਂ ਹੋਇਆ ਕਰਦੀ ਹੈ ਖਿਮਾਂ। ਸਤਵੀਂ ਹੁੰਦੀ ਹੈ 'ਦਇਆ', ਅੱਠਵਾਂ ਹੁੰਦਾ ਹੈ – ਹਿਰਦੇ ਨੂੰ ਕੋਮਲ ਰਖਣਾ, ਸਖਤ ਨਾ ਬਣਾਉਣਾ, ਇਹਦੇ ਵਿਚ ਨਰਮਾਈ ਰਖਣੀ। ਨੌਵੀਂ ਹੁੰਦੀ ਹੈ– ਭੋਜਨ ਮਰਯਾਦਾ ਨਾਲ ਛਕਣਾ।

*ਅਲਪ ਅਹਾਰ ਸੁਲਪ ਸੁਲਪ ਸੀ ਨਿੰਦ੍ਰਾ*
*ਦਯਾ ਛਿਮਾ ਤਨ ਪ੍ਰੀਤਿ॥ ਪਾਤਿਸ਼ਾਹੀ ੧੦*

ਵਸਤ੍ਰ ਵੀ ਮਰਿਆਦਾ ਅਨੁਸਾਰ ਪਾਉਣੇ, ਮਰਿਆਦਾ ਦੇ ਨਾਲ ਬਾਤ ਚੀਤ ਕਰਨੀ। ਐਵੇਂ ਹੀ ਊਟ ਪਟਾਂਗ ਨਹੀਂ ਬੋਲੀ ਜਾਣਾ। ਦਸਵਾਂ ਹੋਇਆ ਕਰਦਾ ਹੈ, ਸਰੀਰ ਨੂੰ ਪਵਿਤ੍ਰ ਰਖਣਾ। ਮਨ ਨੂੰ ਪਵਿਤ੍ਰ ਰਖਣਾ, ਬੁੱਧੀ ਨੂੰ ਪਵਿਤ੍ਰ ਰੱਖਣਾ।

ਆਲਾ ਦੁਆਲਾ ਪਵਿਤ੍ਰ ਰਖਣਾ। ਇਹਨਾਂ ਦਸ ਚੀਜ਼ਾਂ ਦੇ ਸਮੂੰਹ ਨੂੰ ਇਕ ਨਾਮ ਦਿਤਾ ਹੈ, ਜਿਸ ਨੂੰ ਯਮ ਕਹਿੰਦੇ ਹਨ।

ਦੂਜਾ ਹੋਇਆ ਕਰਦਾ ਹੈ ਨੇਮ ਜਿਸ ਵਿਚ ਤਪ ਕਰਨਾ ਹੁੰਦਾ ਹੈ। ਤਪ ਵੀ ਤਿੰਨ ਪ੍ਰਕਾਰ ਦੇ ਹਨ। ਰਾਜਸੀ ਤਪ, ਤਾਮਸੀ ਤਪ ਤੇ ਸਾਂਤਕੀ ਤਪ। ਸਰੀਰ ਨੂੰ ਖੇਚਲ ਦੇ ਕੇ ਤਪ ਕਰਕੇ ਦੂਜੇ ਦਾ ਬੁਰਾ ਕਰਨਾ ਇਸ ਨੂੰ 'ਤਾਮਸੀ' ਤਪ ਕਹਿੰਦੇ ਹਨ। ਰਾਜਸੀ ਤਪ ਹੁੰਦਾ ਹੈ ਕਿ ਸਰੀਰ ਨੂੰ ਖੇਚਲ ਦੇ ਕੇ ਤਪ ਕਰਨਾ ਤੇ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਕਰਨ ਵਾਸਤੇ ਖੇਚਲ ਕਰਨੀ। ਇਸ ਨੂੰ ਰਾਜਸੀ ਤਪ ਆਖਦੇ ਹਨ। ਸਾਂਤਕੀ ਤਪ ਉਹ ਹੁੰਦਾ ਹੈ ਜਿਹੜਾ ਆਦਮੀ ਚਿਤ ਦੀ ਇਕਾਗਰਤਾ ਲਈ ਕਰਦਾ ਹੈ – ਭਜਨ ਬੰਦਗੀ ਵਾਸਤੇ। ਫਿਰ ਹੋਇਆ ਕਰਦਾ ਹੈ ਸੰਤੋਖ, ਸਾਰੇ ਇੰਦਰਿਆਂ ਦਾ ਸੰਤੋਖ ਧਾਰਨ ਕਰਨਾ। ਤੀਜੀ ਹੁੰਦੀ ਹੈ ਆਸਤਕ ਬੁੱਧੀ। ਆਸਤਕ ਹੋਣਾ ਬਹੁਤ ਔਖਾ ਹੈ। ਗੁਰੂ ਦੇ ਬਚਨ ਨੂੰ ਸੌ ਫੀ ਸਦੀ ਸੱਚ ਮੰਨਣਾ, ਆਸਤਕ ਭਾਵਨਾ ਰਖਣੀ। ਚੌਥਾ ਹੋਇਆ ਕਰਦਾ ਹੈ ਦਾਨ। ਦਾਨ ਵੀ ਤਿੰਨ ਕਿਸਮ ਦੇ ਹਨ। ਇਕ ਰਾਜਸੀ, ਇਕ ਤਾਮਸੀ, ਇਕ ਸਾਂਤਕੀ ਦਾਨ। ਤਾਮਸੀ ਦਾਨ ਉਹ ਹੁੰਦਾ ਹੈ ਜੋ ਆਪਣੀ ਸ਼ਕਤੀ ਤੋਂ ਵੱਧ ਕਰਨਾ ਤੇ ਉਹਦੇ ਵਿਚ ਮਾੜੀ ਵਾਸ਼ਨਾ ਰਖਣੀ। ਰਾਜਸੀ ਦਾਨ ਉਹ ਹੁੰਦਾ ਹੈ ਜਿਹੜਾ ਦਿਖਾ ਦਿਖਾ ਕੇ ਪੈਸੇ ਦੇਣੇ। ਸਾਂਤਕੀ ਦਾਨ ਉਹ ਹੁੰਦਾ ਹੈ ਜਿਹੜਾ ਚੁਪ ਕਰਕੇ ਦੇ ਦੇਣਾ। ਕਿਸੇ ਨੂੰ ਪਤਾ ਵੀ ਨਾ ਲੱਗਣ ਦੇਣਾ 'ਨੇਕੀ ਕਰ ਦਰਿਆ ਮੇਂ ਡਾਲ।' ਪੰਜਵੀ ਹੋਇਆ ਕਰਦੀ ਹੈ ਪੂਜਾ। ਪੂਜਾ ਬਾਹਰ ਵੀ ਹੁੰਦੀ ਹੈ, ਅੰਤਰੀਵ ਵੀ ਹੁੰਦੀ ਹੈ। ਇਕ ਨੂੰ ਬਹਿਰੰਗ ਪੂਜਾ ਕਹਿੰਦੇ ਹਨ, ਇਕ ਨੂੰ ਅੰਤਰੰਗ ਪੂਜਾ ਕਹਿੰਦੇ ਹਨ। ਛੇਵਾਂ ਹੋਇਆ ਕਰਦਾ ਹੈ ਕਿ ਨਿਤਨੇਮ, ਪਾਠ ਨੇਮ ਨਾਲ ਕਰਨਾ, ਨਿਤਨੇਮ ਨਾ ਟੁੱਟਣ ਦੇਣਾ। ਸੱਤਵਾਂ ਹੁੰਦਾ ਹੈ ਕਿ ਜ਼ਿੰਦਗੀ ਵਿਚ ਕਿਸੇ ਕਿਸਮ ਦਾ ਵੀ ਪਾਖੰਡ ਨਾ ਵੜਨ ਦੇਣਾ, ਨਾ ਦੁਨਿਆਵੀ ਤੇ ਨਾ ਰੂਹਾਨੀ, ਨਾ ਵਿਹਾਰ ਵਿਚ। ਅੱਠਵਾਂ ਹੋਇਆ ਕਰਦਾ ਹੈ ਬਿਰਤੀ ਨੂੰ ਸ਼ਾਂਤ ਰਖਣਾ, ਕ੍ਰੋਧ ਵਿਚ ਨਾ ਆਉਣ ਦੇਣਾ, ਲੋਭ ਵਿਚ ਨਾ ਆਉਣ ਦੇਣਾ, ਅਭਿਮਾਨ ਵਿਚ ਨਾ ਆਉਣ ਦੇਣਾ, ਨਿੰਦਿਆ ਚੁਗਲੀ ਵਿਚ ਨਾ ਆਉਣ ਦੇਣਾ ਸਗੋਂ ਮਿੱਠਾ ਬੋਲਣਾ। ਨੌਵਾਂ ਹੋਇਆ ਕਰਦਾ ਹੈ ਨਿਤਨੇਮ ਦਾ ਸਮਾਂ ਬੰਨ੍ਹਣਾ, ਉਸੇ ਵਕਤ ਰੋਜ਼ ਪਾਠ ਕਰਨਾ, ਸਮੇਂ ਨੂੰ ਸੰਭਾਲਣਾ।

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਪੰਨਾ – 305***

ਇਸ ਤੋਂ ਬਾਅਦ ਪਾਠ ਕਰਨਾ ਤੇ ਉਹਦੇ ਵਿਚ ਮੌਨ ਰਖਣਾ। ਕਈ ਜ਼ੁਬਾਨ ਦਾ ਮੌਨ ਰਖਦੇ ਹਨ। ਮਨ ਦੌੜਿਆ ਫਿਰਦਾ ਹੈ ਪਰ ਕਹਿੰਦੇ ਹਨ ਮੈਂ ਪਾਠ ਕਰਦਿਆਂ ਬੋਲਣਾ ਨਹੀਂ। ਜਦੋਂ ਪਾਠ ਕਰਦਾ ਹੈ ਉਦੋਂ ਮਨ ਦਾ, ਬੁਧੀ ਦਾ, ਇਸ਼ਾਰੇ ਦਾ, ਬੋਲਣ ਦਾ, ਚਾਰ ਮੌਨ ਰਖਣੇ ਪੈਂਦੇ ਹਨ। ਦਸਵਾਂ ਹੋਇਆ ਕਰਦਾ ਹੈ ਹੋਮ ਕਰਨਾ। ਸਭ ਤੋਂ ਵੱਡਾ ਹੋਮ ਹੁੰਦਾ ਹੈ ਕਿ ਭੁੱਖੇ ਦੀਆਂ ਆਂਦਰਾਂ ਦੇ ਵਿਚ ਅੰਨ ਪਹੁੰਚਾਉਣਾ। ਇਹ ਸਭ ਤੋਂ ਵੱਡਾ ਹੋਮ ਹੈ। ਇਸ ਨੂੰ ਬ੍ਰਹਮ ਹੋਮ ਆਖਦੇ ਹਨ।

ਇਸ ਤੋਂ ਅੱਗੇ ਹੁੰਦਾ ਹੈ ਤੀਸਰਾ 'ਆਸਣ' – ਆਰਾਮ ਦੇ ਨਾਲ ਬੈਠਣਾ, ਐਸਾ ਆਸਣ ਕਰਨਾ ਜਿਸ ਵਿਚ ਬਾਰ-ਬਾਰ ਗੋਡੇ ਨਾ ਹਿਲਾਉਣੇ ਪੈਣ। ਚੌਥਾ ਹੈ ਪ੍ਰਾਣਾਯਾਮ, ਜੋ ਯੋਗੀ ਕਰਦੇ ਹਨ। ਪਰ ਸਹਿਜ ਦਾ ਪ੍ਰਾਣਾਯਾਮ ਤਾਂ ਸਾਰੇ ਹੀ ਕਰਦੇ ਹਨ, ਇਸ ਤੋਂ ਅੱਗੇ ਹੁੰਦਾ ਹੈ ਪ੍ਰਤੀਹਾਰ। ਪ੍ਰਤੀਹਾਰ ਕਹਿੰਦੇ ਹਨ – ਇਕਾਂਤ ਵਿਚ ਭਜਨ ਕਰਨਾ, ਬਿਰਤੀ ਨੂੰ ਰੋਕਣਾ, ਸਪਰਸ਼, ਰੂਪ, ਰਸ, ਗੰਧ ਇਹਨਾਂ ਦੇ ਫੁਰਨੇ ਵਿਚ ਮਨ ਨੂੰ ਨਾ ਜਾਣ ਦੇਣਾ।

ਛੇਵਾਂ ਹੋਇਆ ਕਰਦਾ ਹੈ ਧਾਰਨਾ – ਮਨ ਨੂੰ ਬਾਰ-ਬਾਰ ਰੋਕਣਾ, ਨੱਠ ਜਾਂਦਾ ਹੈ ਫੇਰ ਰੋਕਣਾ, ਫੇਰ ਨੱਠੇ, ਫੇਰ ਰੋਕਣਾ। ਮਨ ਨੂੰ ਰੋਕ ਕੇ ਉਸਦਾ ਸਮਾਂ ਵਧਾਉਣਾ, ਇਕ ਮਿੰਟ ਰੋਕਣਾ, ਫੇਰ ਦੋ ਮਿੰਟ ਰੋਕਣਾ ਇਹ ਧਾਰਨਾ ਕਹਾਉਂਦੀ ਹੈ।

ਉਸ ਤੋਂ ਬਾਅਦ ਹੋਇਆ ਕਰਦਾ ਹੈ ਧਿਆਨ। ਜੇਕਰ ਅਸੀਂ ਮਨ ਨੂੰ ਲਗਾਤਾਰ 30 ਮਿੰਟ ਰੋਕੀਏ ਤਾਂ ਧਿਆਨ ਕਹਾਉਂਦਾ ਹੈ। ਧਿਆਨ ਹੁੰਦਾ ਹੈ ਕਿਸੇ 'ਧੇਅ' ਦਾ। ਤਸੱਬਰ ਕਿਸੇ ਚੀਜ਼ ਦਾ ਹੋਇਆ ਕਰਦਾ ਹੈ। ਉਸ ਨੂੰ ਧਾਰਨ ਕਰਨਾ, ਤੇ ਤੀਹ ਮਿੰਟ ਲਗਾਤਾਰ ਉਸ ਤੇ concentrate (ਇਕਾਗਰ) ਕਰਨਾ, ਧਿਆਨ ਜੋੜਨਾ।

ਇਸ ਤੋਂ ਬਾਅਦ ਹੁੰਦੀ ਹੈ ਸਮਾਧੀ। ਸਮਾਧੀ ਤਿੰਨ ਘੰਟੇ ਬਗੈਰ ਫੁਰਨੇ ਤੋਂ ਬੈਠ ਕੇ, ਆਪਣੇ ਧੇਅ ਦੇ ਵਿਚ ਲੀਨ ਹੋਣਾ, ਇਸ ਨੂੰ ਸਮਾਧੀ ਆਖਦੇ ਹਨ। ਸਮਾਧੀ ਵੀ ਦੋ ਤਰ੍ਹਾਂ ਦੀ ਹੁੰਦੀ ਹੈ। ਇਕ ਸਾਵਿਕਲਪ ਤੇ ਇਕ ਨਿਰਵਿਕਲਪ। ਇਕ ਵਿਚ ਗਿਆਨ ਹੁੰਦਾ ਹੈ। ਇਕ ਵਿਚ ਲੀਨ ਹੋਇਆ ਜਾਂਦਾ ਹੈ। ਸੋ ਕਹਿਣ ਲੱਗਾ ਕਿ ਮੈਂ ਇਹ ਚੀਜ਼ਾਂ ਕਰਦਾ ਹਾਂ। ਪ੍ਰੇਮੀ ਸੁਜਾਨ ਰਾਇ ਨੂੰ ਕਹਿਣ ਲੱਗੇ ਕਿ ਤੂੰ ਸਾਰੀਆਂ ਚੀਜ਼ਾਂ ਗੁਰੂ ਮਹਾਰਾਜ ਨੂੰ ਪੁਛ ਲੈ। ਕਹਿਣ ਲੱਗੇ ਜਿਹੜੀਆਂ ਗੱਲਾਂ ਤੂੰ ਦੱਸੀਆਂ ਹਨ, ਉਹ ਤਾਂ ਇਸ ਤਰ੍ਹਾਂ ਹੀ ਹਨ। ਪਰ ਮਹਾਰਾਜ ਨੇ ਇਹਦੇ ਵਿਚ ਥੋੜ੍ਹੀ ਜਿਹੀ ਬਦਲੀ ਕਰ ਦਿਤੀ। ਕਹਿਣ ਲੱਗਾ ਕਿਵੇਂ? ਮੈਨੂੰ ਸਮਝਾ ਦਿਉ। ਪ੍ਰੇਮੀ ਕਹਿਣ ਲਗੇ, 'ਯਮ' ਜਿਹੜਾ ਗੁਰੂ ਘਰ ਵਿਚ ਹੈ – ਸਹਿਜ ਮਾਰਗ ਦਾ, ਉਹ ਇਹ ਹੈ ਕਿ ਮਨ ਦੀ ਨਿਰਮਾਣਤਾ ਰਖਣੀ ਹੈ। ਗੁਣਾਂ ਦਾ ਅਭਿਮਾਨੀ ਨਹੀਂ ਹੋਣਾ। ਗੁਣ ਹੁੰਦਿਆਂ ਹੋਇਆਂ ਆਪਣੇ ਮਨ ਤੇ 'ਮੈਂ' ਧਾਰਨ ਨਹੀਂ ਕਰਨੀ। ਰਹਿਣਾ ਗੁਣੀ ਬਣ ਕੇ ਹੈ। ਦੂਜਾ ਨੇਮ ਹੁੰਦਾ ਹੈ – ਬਾਣੀ ਸੁਣਨੀ ਪੜ੍ਹਨੀ ਤੇ ਵੀਚਾਰਨੀ। ਤੀਜਾ ਇਕਾਂਤ ਹੁੰਦਾ ਹੈ – ਮਨ ਨੂੰ ਫੁਰਨਿਆਂ ਤੋਂ ਰੋਕਣਾ, ਵਾਸ਼ਨਾਂ ਸੂਖਮ ਕਰਨੀਆਂ, ਪੰਜਾਂ ਵਿਸ਼ਿਆਂ ਤੋਂ ਮਨ ਰੋਕਣਾ। ਆਤਮਾ ਦੀ ਵੀਚਾਰ ਕਰਨੀ। ਫੇਰ ਘਟ ਘਟ ਦੇ ਵਿਚ ਵਾਹਿਗੁਰੂ ਜਾਨਣਾ। ਇਹ ਸਾਡਾ ਏਕਾਂਤ ਦੇਸ਼ ਦਾ ਵਾਸਾ ਹੋਇਆ ਕਰਦਾ ਹੈ। ਆਸਣ ਵਿਚ ਸੁਖਾਲੇ ਬੈਠ ਕੇ, ਅਕਾਲ ਪੁਰਖ ਵਿਚ ਆਪਣੀ ਬਿਰਤੀ ਸਥਿਤ ਕਰਨੀ। ਕੁੰਭਕ ਹੋਇਆ ਕਰਦਾ ਹੈ ਸਤਸੰਗ ਦੇ ਬਚਨ, ਹਿਰਦੇ ਵਿਚ ਧਾਰਨ ਕਰਨਾ। ਆਤਮ ਪਸਾਰਾ

ਜਾਣਕੇ ਅਨਾਤਮ ਬਿਰਤੀ ਦਾ ਤਿਆਗ, ਆਤਮ ਬਿਰਤੀ ਨੂੰ ਹਿਰਦੇ ਵਿਚ ਧਾਰਨਾ, ਇਹ ਕੁੰਭਕ ਹੋਇਆ ਕਰਦਾ ਹੈ। ਰੇਚਕ ਹੋਇਆ ਕਰਦਾ ਹੈ ਦੂਜੇ ਨਾਲ ਈਰਖਾ, ਬਖੀਲੀ, ਨਫਰਤ, ਦੁਸ਼ਮਨੀ ਨਾ ਰੱਖਣੀ, ਹੰਕਾਰ ਤ੍ਰਿਸ਼ਨਾ, ਆਸਾ, ਅੰਦੇਸ਼ਾ, ਮਨ ਬੁੱਧੀ ਚਿਤ ਵਿਚੋਂ ਛੱਡ ਦੇਣੀ ਜਿਸ ਤਰ੍ਹਾਂ ਸੁਆਸ ਬਾਹਰ ਨੂੰ ਛੱਡੀਦਾ ਹੈ। ਇਸੇ ਤਰ੍ਹਾਂ ਇਹ ਚੀਜ਼ਾਂ ਛੱਡ ਦੇਣੀਆਂ, ਰੇਚਕ, ਪੂਰਕ, ਕੁੰਭਕ ਤਿੰਨੇ ਚੀਜ਼ਾਂ ਹੋਇਆ ਕਰਦੀਆਂ ਹਨ। ਰੇਚਕ ਹੁੰਦਾ ਹੈ, ਗੁਰੂ ਦੇ ਬਚਨਾਂ ਨੂੰ, ਸਿਧਾਤਾਂ ਨੂੰ ਅੰਦਰ ਧਾਰਨ ਕਰ ਲੈਣਾ।

ਇਸਦੇ ਬਾਅਦ ਹੁੰਦਾ ਹੈ ਧਿਆਨ, ਮਨ ਨੂੰ ਬਾਰ-ਬਾਰ ਰੋਕ ਕੇ, ਬਾਰ-ਬਾਰ ਰੋਕ ਕੇ ਗੁਰੂ ਦੇ ਸਿਧਾਂਤ ਵੱਲ ਨੂੰ ਲਾਉਣਾ, ਪ੍ਰਭੂ ਦੇ ਪਿਆਰ ਵਿਚ ਰਹਿ ਕੇ। ਧਿਆਨ ਹੁੰਦਾ ਹੈ ਕਿ ਗੁਰੂ ਦੇ ਸਿਧਾਂਤ ਨੂੰ ਹਿਰਦੇ ਵਿਚ ਟਿਕਾ ਕੇ, ਉਹਦਾ ਨਿਧਿਆਸਣ ਕਰਕੇ ਪੂਰਨ ਤੌਰ ਤੇ ਧਾਰਨ ਕਰਨਾ, ਤੇ ਸਤਸੰਗ ਦੇ ਉਪਦੇਸ਼ ਨੂੰ ਅੰਤਰੰਗ ਤੇ ਬਹਿਰੰਗ ਦੋਨੋਂ ਤਰੀਕਿਆਂ ਦੇ ਨਾਲ ਆਪਣੇ ਅੰਦਰ ਧਾਰਨਾ, ਅਖੀਰ ਸਮਾਧੀ ਹੋਇਆ ਕਰਦੀ ਹੈ। ਹਉਮੈਂ ਨੂੰ ਮੇਟ ਕੇ, ਪੰਜਾਂ ਕਿਸਮਾਂ ਦੇ ਭਰਮ - ਭੇਦ ਭਰਮ, ਵਿਕਾਰ ਭਰਮ, ਕਰਤੱਤੂ ਭਰਮ, ਸੰਗ ਭਰਮ, ਬ੍ਰਹਮ ਤੇ ਜਗਤ ਦਾ ਭਰਮ, ਇਹ ਸਾਰੇ ਭਰਮਾਂ ਨੂੰ ਦੂਰ ਕਰਕੇ, ਬ੍ਰਹਮ ਵਿਚ ਆਪਣੀ ਬਿਰਤੀ ਲੀਨ ਕਰਕੇ, ਕੋਈ ਦੂਜਾ ਨਾ ਦੇਖਣਾ।

***ਧਾਰਨਾ - ਏਕੋ ਕਹੀਐ ਨਾਨਕਾ,***
***ਏਕੋ ਕਹੀਐ ਨਾਨਕਾ -2, 2.***

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,***
***ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ॥***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥***
***ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,***
***ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥***
***ਅਕਾਲ ਉਸਤਤਿ***

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ - 1291***

ਐਸਾ ਉਪਦੇਸ਼ ਗੁਰੂ ਘਰ ਦਾ ਹੈ। ਕਹਿਣ ਲੱਗੇ ਸੁਜਾਨ ਰਾਇ! ਜਦੋਂ ਬਿਰਤੀ ਇਕੋ ਇਕ ਵਿਚ ਚਲੀ ਜਾਂਦੀ ਹੈ ਉਦੋਂ ਮਨ ਨੂੰ ਸ਼ਾਂਤੀ ਮਿਲ ਜਾਂਦੀ ਹੈ ਜਿਸ ਨੂੰ ਤੂੰ ਤਲਾਸ਼ ਕਰਦਾ ਫਿਰਦਾ ਹੈਂ। ਤੇਰੇ ਵੱਡੇ ਭਾਗ ਹਨ ਕਿ ਤੇਰੇ ਅੰਦਰ ਐਸਾ ਫੁਰਨਾ ਪੈਦਾ ਹੋਇਆ ਹੈ, ਕਿਉਂਕਿ ਬਿਰਤੀ ਸੰਸਾਰ ਦੇ ਫੁਰਨੇ ਤੋਂ ਉਪਰ ਨਹੀਂ ਲੰਘਦੀ। ਸਾਰਾ ਜੀਵਨ ਸੰਸਾਰ ਵਿਚ ਰਚ ਕੇ ਬਰਬਾਦ ਕਰ ਦਿੰਦਾ ਹੈ ਤੇ ਮ੍ਰਿਤੂ ਮੰਡਲ ਤੋਂ ਬਗੈਰ ਕੁਛ ਪ੍ਰਾਪਤ ਕੀਤਿਆਂ ਖਾਲੀ ਹੱਥ ਚਲਾ ਜਾਂਦਾ ਹੈ। ਕੁਝ ਵੀ ਖਟ ਕੇ ਨਹੀਂ ਜਾਂਦਾ ਤੇ ਸਾਰਾ ਜੀਵਨ ਬਿਰਥਾ ਚਲਾ ਜਾਂਦਾ ਹੈ, ਆਇਆ ਤਾਂ ਸੀ -

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥***
***ਪੰਨਾ - 251***

ਆਇਆ ਤਾਂ ਬੁਝਣ ਵਾਸਤੇ ਸੀ -

***ਯਾ ਜੁਗ ਮਹਿ ਏਕਹਿ ਕਉ ਆਇਆ॥***
***ਜਨਮਤ ਮੋਹਿਓ ਮੋਹਨੀ ਮਾਇਆ॥ ਪੰਨਾ - 251***

ਲੇਕਿਨ ਮਾਇਆ ਨੇ ਮੋਹ ਲਿਆ। ਮਾਇਆ ਵਿਚ ਲਗ ਕੇ ਸੰਸਾਰ ਜੀਵਨ ਬਿਰਥਾ ਗਵਾ ਕੇ ਤੁਰ ਜਾਇਆ ਕਰਦਾ ਹੈ। ਧੰਨ ਭਾਗ ਤੇਰੇ ਹਨ ਜਿਸ ਨੂੰ ਐਸੀ ਉਚੀ ਸੁਰਤ ਪ੍ਰਾਪਤ ਹੈ ਤੇ ਤੂੰ ਆਪਣੇ ਆਪ ਨੂੰ ਪਰਮ ਕਲਿਆਣ ਦੀ ਪ੍ਰਾਪਤੀ ਵਿਚ ਲਾਇਆ। ਹੁਣ ਤੂੰ ਗੁਰੂ ਮਹਾਰਾਜ ਕੋਲ ਜਾਹ ਭਾਈ, ਉਹ ਤੇਰੇ ਤੇ ਕ੍ਰਿਪਾ ਕਰਨਗੇ।

ਸੋ ਭਾਈ ਸੁਜਾਨ ਰਾਇ ਮਹਾਰਾਜ ਜੀ ਕੋਲ ਜਾਣ ਵਾਸਤੇ ਪ੍ਰੋਗਰਾਮ ਬਣਾਉਂਦਾ ਹੈ। ਘਰਵਾਲੀ ਨਾਲ ਸਲਾਹ ਕਰਦਾ ਹੈ। ਕਾਰੋਬਾਰ ਨੂੰ ਸੰਕੋਚਦਾ ਹੈ। ਹਰ ਵੇਲੇ ਮਨ ਵਿਚ ਖਿਚ ਪਈ ਰਹਿੰਦੀ ਹੈ। ਉਹ ਪ੍ਰੇਮੀ ਐਸੀ ਕੋਈ ਕਣੀ ਲਾ ਗਿਆ ਕਿ ਮਨ ਵਿਚ ਵੈਰਾਗ ਆਉਣ ਲਗ ਪਿਆ। ਅੰਦਰ ਅਣਡਿੱਠੀ ਧੂਅ ਪੈਦਾ ਹੋ ਗਈ। ਗੁਰੂ ਦੇ ਦਰਸ਼ਨਾਂ ਦੀ ਖਿੱਚ ਖਾਂਦਾ ਹੈ ਅਤੇ ਲੋਚਦਾ ਹੈ ਕਿ ਉਹ ਦਿਨ ਕਿਹੜਾ ਹੋਵੇ, ਜਿਸ ਦਿਨ ਮੈਂ ਜਾ ਕੇ ਅਨੰਦਪੁਰ ਸਾਹਿਬ ਦਸ਼ਮੇਸ਼ ਪਿਤਾ ਦੇ ਦਰਸ਼ਨ ਕਰਾਂਗਾ। ਅਣਡਿੱਠੀ ਸੂਰਤ ਮਨ ਵਿਚ ਸਮਾਅ ਗਈ, ਮੋਹਣੀ ਹੈ, ਬਾਰ-ਬਾਰ ਅੰਤਰ ਆਤਮੇਂ ਚਰਨਾਂ ਤੇ ਸੀਸ ਰਖਦਾ ਹੈ, ਬਗੈਰ ਬੇ-ਤਾਰ ਬਤਰਕੀ ਦੇ ਨਾਲ ਅੰਦਰੋਂ ਅੰਦਰ ਸੁਨੇਹੇ ਭੇਜਦਾ ਹੈ। ਬਾਰ-ਬਾਰ ਗੁਰੂ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ, ਸੱਚੇ ਪਾਤਸ਼ਾਹ ਆਪ ਕ੍ਰਿਪਾ ਕਰੋ। ਬਾਂਹ ਫੜ ਕੇ ਮੈਨੂੰ ਇਸ ਮਾਇਆ ਤੋਂ ਕੱਢ ਲਓ, ਮੈਂ ਨਿਕਲ ਨਹੀਂ ਸਕਦਾ। ਸੋ ਯਤਨ ਕਰਦਾ ਹੈ। ਅਖੀਰ ਉਹ ਭਾਗਾਂ ਵਾਲਾ ਸਮਾਂ ਆ ਗਿਆ, ਜਿਸ ਦਿਨ ਇਸ ਨੇ ਪੱਕਾ ਮਨ ਬਣਾ ਲਿਆ, ਆਪਣੀ ਘਰਵਾਲੀ ਦਾ ਪੂਰਾ ਸਹਿਯੋਗ ਲਿਆ, ਉਸਨੇ ਵੀ ਕਹਿ ਦਿਤਾ ਕਿ ਤੁਸੀਂ ਜਾਓ ਗੁਰੂ ਸਾਹਿਬ ਕੋਲ, ਮੈਂ ਸੁਣਿਆ ਹੈ ਕਿ ਜਾਣਾ ਤਾਂ ਆਪਣੇ ਵੱਸ ਹੁੰਦਾ ਹੈ, ਵਾਪਸ ਭੇਜਣਾ ਗੁਰੂ ਦੇ ਵਸ ਹੁੰਦਾ ਹੈ। ਸੁਜਾਨ ਰਾਇ ਨੇ ਆਪਣੀ ਘਰਵਾਲੀ ਨੂੰ ਕਿਹਾ ਕਿ ਐਨੀ ਦੇਰ ਦਾ ਵਿਛੋੜਾ ਕੀ ਤੂੰ ਸਹਿ ਲਏਂਗੀ? ਕਹਿੰਦੀ ਕੋਈ ਗੱਲ ਨਹੀਂ। ਜਦੋਂ ਤੁਸੀਂ ਕਿਸੇ ਥਾਂ ਤੇ ਪਹੁੰਚ ਜਾਓਂਗੇ ਤਾਂ ਮੈਨੂੰ ਵੀ ਪੁਚਾ ਦਿਓਂਗੇ ਕਿਉਂਕਿ ਮੈਂ ਤੁਹਾਡੀ ਅਰਧਾਂਗਨੀ ਹਾਂ। ਕਹਿਣ ਲੱਗੀ ਤੁਸੀਂ ਜਾਓ, ਮੈਂ ਬਾਲ ਬੱਚੇ ਸੰਭਾਲ ਲਵਾਂਗੀ। ਤੁਸੀਂ ਜਾ ਕੇ ਗੁਰੂ ਦੀ ਕਾਰ ਕਮਾਓ ਤੇ ਭਜਨ ਕਰੋ। ਉਸ ਵੇਲੇ ਸਾਧ ਸੰਗਤ ਜੀ! ਅੰਦਰ ਖਿੱਚ ਪੈਦਾ ਹੋ ਗਈ। ਮਨ ਵਿਚ ਕਹਿਣ ਲੱਗਾ ਕਿ ਜਿਹੜਾ ਲੰਬਾ ਰਸਤਾ ਹੈ, ਇਹ ਕੁਝ ਹੀ ਕਦਮ ਚਲ ਕੇ ਥੋੜ੍ਹੇ ਸਮੇਂ ਵਿਚ ਮੁਕ ਜਾਵੇ। ਉਹਦੀ ਐਸੀ ਬਿਰਤੀ ਬਣ ਗਈ।

***ਧਾਰਨਾ - ਖੰਭ ਵਿਕਦੇ ਹੋਣ ਬਜਾਰੀਂ, ਖੰਭ ਵਿਕਦੇ।***

***ਖੰਭ ਵਿਕਦੇ ਹੋਣ ਬਜਾਰੀਂ***
***ਗੁਰਾਂ ਨੂੰ ਮੈਂ ਉਡ ਕੇ ਮਿਲਾਂ ਪਿਆਰਿਓ!***
***ਖੰਭ ਵਿਕਦੇ ਹੋਣ ਬਜਾਰੀਂ,.........।***

***ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥***
***ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥***
***ਪੰਨਾ - 1426***

ਐਸੀਆਂ ਮਨ ਦੀਆਂ ਭਾਵਨਾਵਾਂ ਲੈ ਕੇ ਗੁਰੂ ਸਾਹਿਬ ਕੋਲ ਪਹੁੰਚ ਗਿਆ। ਮਹਾਰਾਜ ਜੀ ਤਖਤ ਤੇ ਬਿਰਾਜਮਾਨ ਹਨ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ, ਗੁਰੂ ਮਹਾਰਾਜ ਦਾ ਪ੍ਰਕਾਸ਼ ਉਤਸਵ ਮਨਾਉਣ ਵਾਸਤੇ ਪਹੁੰਚੀ ਹੋਈ ਸੀ। ਬੇਅੰਤ ਭੀੜ ਹੈ, ਪਰ ਜਦੋਂ ਦਰਸ਼ਨ ਕੀਤੇ ਤਾਂ ਹੈਰਾਨ ਰਹਿ ਗਿਆ ਕਿ ਇਹੋ ਮੂਰਤ ਤਾਂ ਅੰਦਰ ਸਮਾਈ ਹੋਈ ਸੀ। ਭੁੱਲ ਗਿਆ ਸਭ ਕੁਝ, ਅੱਗੇ ਚਲਣਾ ਵੀ ਭੁੱਲ ਗਿਆ। ਹੱਕਾ ਬੱਕਾ ਰਹਿ ਗਿਆ। ਸੁੱਧ ਬੁੱਧ ਭੁੱਲ ਗਈ। ਵਿਸਮਾਦ ਦੀ ਲਹਿਰ ਅੰਦਰ ਚਲ ਪਈ ਅਤੇ ਉਸ ਵਿਸਮਾਦ ਦੇ ਅੰਦਰ ਮਸਤ ਹੋ ਗਿਆ। ਪਤਾ ਨਹੀਂ ਲਗਦਾ ਕਿ ਕੀ ਕਰੇ। ਅਖੀਰ ਗੁਰੂ ਮਹਾਰਾਜ ਨੇ ਦੇਖਿਆ, ਦਿਲ ਦੀ ਤਾਰ ਪਾਤਸ਼ਾਹ ਤਕ ਪਹੁੰਚੀ, ਇਸ਼ਾਰਾ ਕੀਤਾ ਕਿ ਜਿਹੜਾ ਉਹ ਪ੍ਰੇਮੀ ਖੜ੍ਹਾ ਹੈ, ਉਸ ਨੂੰ ਲੈ ਕੇ ਆਓ। ਨੇੜੇ ਆ ਗਿਆ। ਚਰਨਾਂ ਤੇ ਧਾ ਕੇ ਪੈ ਗਿਆ, ਬਹੁਤ ਵੈਰਾਗ ਕੀਤਾ। ਗੁਰੂ ਮਹਾਰਾਜ ਨੇ ਸੁਜਾਨ ਰਾਇ ਨੂੰ ਕੋਲ ਬਿਠਾ ਲਿਆ, ਸਾਹਮਣੇ ਬਿਠਾ ਲਿਆ। ਕਹਿਣ ਲੱਗੇ ਗੁਰਮੁਖਾ! ਬਚਨ ਕਰ, ਤੈਨੂੰ ਕੀ ਚਾਹੀਦਾ ਹੈ? ਉਸ ਵੇਲੇ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦਾ ਹੈ -

***ਧਾਰਨਾ - ਏਹੋ ਮੇਰੀ ਓ, ਬੇਨਤੀ ਗੁਰਾ - 2, 2***
***ਮੈਨੂੰ ਮਿਲ ਜਾਏ ਨਾਮ ਅਧਾਰਾ - 2***

ਮਹਾਰਾਜ! ਮੈਂ ਦੁਨੀਆਂ ਮੰਗਣ ਨਹੀਂ ਆਇਆ। ਜੋ ਆਪ ਕੋਲ ਸਭ ਤੋਂ ਕੀਮਤੀ ਚੀਜ਼ 'ਨਾਮ' ਹੈ, ਉਹ ਲੈਣ ਆਇਆ ਹਾਂ, ਮੈਂ ਬਹੁਤ ਕੁਝ ਕਰਿਆ ਹੈ।

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥***
***ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥***
***ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥***
***ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥***
***ਪੰਨਾ - 641***

ਪਾਤਸ਼ਾਹ! ਮੈਂ ਕੇਵਲ ਵਿਵੇਕ ਬੁਧੀ ਨੂੰ ਲੈਣ ਵਾਸਤੇ ਆਇਆ ਹਾਂ। ਮਹਾਰਾਜ ਜੀ! ਇਹਦੀ ਦਾਤ ਦੇ ਦਿਓ। ਮੇਰੀ ਕੋਈ ਸੇਵਾ ਨਹੀਂ ਹੈ। ਪਰ ਮੰਗ ਸਭ ਤੋਂ ਆਖਰੀ ਅਤਿ ਉਤਮ ਹੈ। ਮਹਾਰਾਜ ਨੇ ਇਸ ਨੂੰ ਉਤਮ ਜਗਿਆਸੂ ਲਿਖਿਆ ਹੈ। ਮਹਾਰਾਜ ਅੰਤਰਮੁਖ ਹੋ ਗਏ। ਕਹਿਣ ਲਗੇ ਸੁਜਾਨ ਰਾਇ, ਇਹ ਮੰਗ ਸਾਡੇ ਤੋਂ ਕੋਈ ਕੋਈ ਮੰਗਦਾ ਹੈ। ਕੋਈ ਪੁੱਤਰ ਮੰਗਦਾ ਹੈ, ਕੋਈ ਜ਼ਮੀਨ ਮੰਗਦਾ ਹੈ, ਕੋਈ ਕ੍ਰਿਪਾ ਮੰਗਦਾ ਹੈ, ਕੋਈ ਕੁਝ ਮੰਗਦਾ ਹੈ, ਕੋਈ ਕੁਝ ਮੰਗਦਾ ਹੈ। ਜਿਹੜੀ ਮੰਗ ਤੂੰ ਮੰਗੀ ਹੈ ਇਹ ਤਾਂ ਬੜੀ ਉਤਮ ਮੰਗ ਹੈ। ਇਸ ਨੂੰ ਤਾਂ ਕੇਵਲ ਉਤਮ ਜਗਿਆਸੂ ਹੀ ਮੰਗਦਾ ਹੈ। ਇਸ ਨੂੰ ਸੰਸਾਰੀ ਆਦਮੀ ਨਹੀਂ ਮੰਗ ਸਕਿਆ ਕਰਦੇ। ਸੁਜਾਨ ਰਾਇ ਨੂੰ ਗੁਰੂ ਜੀ ਨੇ ਸਾਹਮਣੇ ਬਿਠਾ ਲਿਆ ਤੇ ਕਿਹਾ, ਬੋਲ 'ਵਾਹਿਗੁਰੂ'! ਵਾਹਿਗੁਰੂ ਕਹਾ ਦਿਤਾ। ਵਾਹਿਗੁਰੂ ਕਹਿਣ ਦੀ ਦੇਰ ਹੀ ਸੀ, ਤਨ ਮਨ ਦੇ ਅੰਦਰ ਇਕ ਕਰੰਟ ਨਿਕਲ ਗਈ। ਰੋਮ ਰੋਮ ਦੇ ਵਿਚੋਂ ਆਪੇ ਹੀ ਨਾਮ ਦੀ ਧੁਨੀ ਆਉਣ ਲਗ ਪਈ। ਜਿਥੇ ਮਿਹਨਤਾਂ ਨਾਲ ਪਹੁੰਚਿਆ ਜਾਂਦਾ ਹੈ, ਉਥੇ ਮਹਾਰਾਜ ਨੇ ਦ੍ਰਿਸ਼ਟੀ ਨਾਲ ਹੀ ਪੁਚਾ ਦਿਤਾ ਅਤੇ ਬਚਨ ਕੀਤਾ ਕਿ ਜਿਹੜਾ 'ਵਾਹਿਗੁਰੂ' ਹੈ ਇਸ ਨੂੰ ਸਮਝ ਪਹਿਲਾਂ। ਜਿੰਨਾਂ ਕੁਝ ਤੈਨੂੰ ਨਜ਼ਰ ਆਉਂਦਾ ਹੈ, ਜਿੰਨਾ ਕੁਝ ਤੂੰ ਦੇਖਦਾ ਹੈਂ। ਜਿਸਦਾ ਰੂਪ ਹੈ, ਰੰਗ ਹੈ, ਇਸਦੇ ਪਿਛਲੇ ਪਾਸੇ ਇਕ ਸ਼ਕਤੀ ਹੈ - ਨਿਰਾਕਾਰ। ਇਹ ਮਾਇਆ ਦੇ ਪੜਦੇ ਤੋਂ ਲਾਂਭੇ ਹੈ। ਇਸ ਨੂੰ ਵਾਹਿਗੁਰੂ ਆਖਦੇ ਹਨ। ਕੋਈ ਉਸ ਨੂੰ ਰਾਮ ਕਹਿੰਦਾ ਹੈ, ਕੋਈ ਅੱਲਾ ਕਹਿੰਦਾ ਹੈ ਪਰ ਉਸਦਾ ਕੋਈ ਨਾਮ ਨਹੀਂ ਹੈ।,ਉਸਦਾ ਕੋਈ ਰੂਪ ਨਹੀਂ, ਰੇਖ ਨਹੀਂ, ਰੰਗ ਨਹੀਂ ਪਰ ਆਹ ਜਿਹੜਾ ਮਾਇਆ ਦਾ ਪੜਦਾ ਜੀਵ ਦੀ ਹੋਸ਼, ਸੁਰਤ ਉਤੇ ਤਣਿਆ ਹੋਇਆ ਹੈ ਇਸ ਨੇ ਭੁਲੇਖਾ ਪਾ ਕੇ, ਇਸ 'ਪਰਮ' ਪਰੀਪੂਰਨ ਸੱਤਾ ਨੂੰ ਜੀਵ ਬਣਾ ਦਿਤਾ ਜਿਸ ਨਾਲ ਭੁਲੇਖਾ ਪੈ ਗਿਆ। ਇਹ ਭੁਲੇਖਾ ਕੱਢ ਦੇ।

ਇਸ ਦੇ ਪੰਜ ਰੂਪ ਹੋਇਆ ਕਰਦੇ ਹਨ। ਪਹਿਲਾ ਭੇਦ ਹੋਇਆ ਕਰਦਾ ਹੈ ਕਿ ਮੈਂ ਹੋਰ ਹਾਂ, ਵਾਹਿਗੁਰੂ ਹੋਰ ਹੈ ਤੇ ਆਪਣੇ ਆਪ ਨੂੰ ਜੀਵ ਸਮਝਦਾ ਹੈ। ਜਿਸ ਤਰ੍ਹਾਂ ਕਿ ਸੂਰਜ ਦਾ ਪਰਛਾਵਾਂ ਸਾਰੇ ਘੜਿਆਂ ਵਿਚ ਪੈ ਰਿਹਾ ਹੈ। ਜੇਕਰ ਪਾਣੀ ਨੂੰ ਹਿਲਾ ਦੇਈਏ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਸੂਰਜ ਹਿਲ ਰਿਹਾ ਹੈ ਪਰ ਸੂਰਜ ਤਾਂ ਨਹੀਂ ਹਿਲ ਰਿਹਾ। ਕੇਵਲ ਪਾਣੀ ਹਿਲ ਰਿਹਾ ਹੈ। ਇਸੇ ਤਰ੍ਹਾਂ ਜਦੋਂ ਮਾਇਆ ਦੀ ਵਿਆਧੀ ਪੈਂਦੀ ਹੈ, ਅਵਿਦਿਆ ਦੀ ਉਪਾਧੀ ਆਤਮਾ ਦੇ ਵਿਚ ਪੈਂਦੀ ਹੈ, ਉਸ ਵੇਲੇ ਇਸ ਤਰ੍ਹਾਂ ਲਗਦਾ ਹੈ ਕਿ ਮੇਰਾ ਆਤਮਾ ਬਹੁਤ ਦੁਖੀ ਹੋ ਰਿਹਾ ਹੈ, ਸੁਖੀ ਹੋ ਰਿਹਾ ਹੈ। ਦੁਖ ਸੁਖ ਨੂੰ ਮਹਿਸੂਸ ਕਰਦਾ ਹੈ, ਮਾਨ ਅਪਮਾਨ ਨੂੰ ਮਹਿਸੂਸ ਕਰਦਾ ਹੈ, ਹਾਣ ਤੇ ਲਾਭ ਨੂੰ ਮਹਿਸੂਸ ਕਰਦਾ ਹੈ, ਨਿੰਦਿਆ ਤੇ ਉਸਤਤ ਨੂੰ ਮਹਿਸੂਸ ਕਰਦਾ ਹੈ। ਲੇਕਿਨ ਆਤਮਾ ਦੁਖੀ ਸੁਖੀ ਨਹੀਂ ਹੁੰਦਾ। ਕੇਵਲ ਮਾਇਆ ਕਰਕੇ ਚਿਤ ਦੁਖੀ ਹੁੰਦਾ ਹੈ। ਤੂੰ ਇਸ ਤੋਂ ਪਰ੍ਹੇ ਹੈਂ। ਗੁਰਮੁਖਾ! ਮਾਇਆ ਦੀ ਉਪਾਧੀ, ਜਿਸ ਤਰ੍ਹਾਂ ਬਲੌਰ ਦੇ ਕੋਲ ਲਾਲ ਰੰਗ ਦਾ ਫਲ ਰਖ ਦੇਈਏ, ਤਾਂ ਉਹ ਬਲੌਰ ਵੀ ਲਾਲ ਰੰਗ ਦਾ ਹੀ ਪ੍ਰਤੀਤ ਦੇਵੇਗਾ। ਇਸ ਤਰ੍ਹਾਂ ਜਦੋਂ ਬੁੱਧੀ ਆਤਮਾ ਤੋਂ ਸਤਾ ਪ੍ਰਾਪਤ ਕਰਦੀ ਹੈ ਤਾਂ ਆਤਮ ਤੱਤ ਤੋਂ ਪ੍ਰਤੀਬਿੰਬਤ ਹੁੰਦੀ ਹੈ, ਉਸ ਸਮੇਂ ਸਮੁੱਚਤਾ (ਸਮਸ਼ਟਤਾ), ਵਿਚ ਪ੍ਰਤੀਤ ਦਿੰਦੀ ਹੈ। ਆਤਮ ਤੱਤ ਅੱਡੋ ਅੱਡ ਪ੍ਰਤੀਤ ਦਿੰਦਾ ਹੈ ਅਤੇ ਜੀਵ ਭਾਵ ਪੈਦਾ ਹੋ ਜਾਇਆ ਕਰਦਾ ਹੈ। ਉਹੋ ਆਤਮ ਸਤਾ ਬੁੱਧੀ ਮੰਡਲ ਵਿਚ ਸਮੁੱਚਤਾ ਤੋਂ ਵੱਖ ਹੋ ਕੇ ਵਖਰਾ ਤੱਤ ਬਣਿਆ ਭਾਸਦਾ ਹੈ। ਇਸ ਭ੍ਰਾਂਤੀ ਕਰਕੇ ਹੀ ਆਤਮ ਸਤਾ ਜੀਵ ਬਣ ਜਾਂਦੀ ਹੈ। ਆਤਮਾ ਜੀਵ ਨਹੀਂ ਬਣਦੀ ਪਰ ਪ੍ਰਤੀਬਿੰਬ, (ਪਰਛਾਵਾਂ) ਜੀਵ ਬਣ ਜਾਇਆ ਕਰਦਾ ਹੈ। ਜੀਵ ਬਣ ਕੇ ਫੇਰ ਉਹ

ਦੁਖ ਸੁਖ ਮੰਨਦੀ ਹੈ। ਅਮੀਰ, ਗਰੀਬ, ਕਾਲਾ, ਗੋਰਾ ਐਸੀਆਂ ਚੀਜ਼ਾਂ ਮੰਨਦੀ ਹੈ। ਕਰਤਾ ਮੈਂ ਹਾਂ, ਭੋਗਦਾ ਮੈਂ ਹਾਂ। ਕਰਤਾ, ਭੋਗਤਾ ਹੋ ਕੇ ਹੰਗਤਾ ਵਿਚ ਆ ਕੇ ਫੇਰ ਜਨਮ ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ। ਲੇਕਿਨ ਇਹ ਤੇਰੇ ਆਤਮ ਸਰੂਪ ਵਿਚ ਨਹੀਂ ਹੈ। ਇਹ ਬੁੱਧੀ ਦੀ ਆਤਮ ਸਮੀਪਤਾ ਕਰਕੇ, ਭਾਸਣ ਲਗ ਗਿਆ ਅਤੇ ਪਰਪੱਕ ਹੋ ਗਿਆ, ਅਧਿਆਸ ਹੋ ਗਿਆ ਕਿ ਮੈਂ ਜੀਵ ਹਾਂ। ਮਰਦਾ ਜੰਮਦਾ ਹਾਂ।

ਦੂਸਰਾ ਸੰਗ ਦਾ ਭੇਦ ਹੋਇਆ ਕਰਦਾ ਹੈ। ਉਹ ਇਸ ਤਰ੍ਹਾਂ ਹੈ ਕਿ ਜੋ ਅਖੰਡ ਬ੍ਰਹਮ ਹੈ, ਮਾਇਆ ਦੀ ਉਪਾਧੀ ਨੇ ਆਤਮਾ ਨੂੰ ਜੀਵ ਬਣਾ ਦਿਤਾ। ਜਿਸ ਕਰਕੇ ਇਹ ਹਿੰਦੂ ਬਣ ਗਿਆ, ਸਿਖ ਬਣ ਗਿਆ, ਆਪਣੇ ਆਪ ਨੂੰ ਮੁਸਲਮਾਨ ਕਹਿੰਦਾ ਹੈ, ਈਸਾਈ ਕਹਿੰਦਾ ਹੈ, ਪੰਜਾਬੀ, ਬੰਗਾਲੀ, ਮਦਰਾਸੀ ਆਦਿ ਕਹਿੰਦਾ ਹੈ, ਆਪੇ ਹੀ ਆਪ ਬਣ ਗਿਆ, ਮਾਨੋ ਇਥੇ ਕੋਈ ਦੂਜਾ ਹੈ ਹੀ ਨਹੀਂ। ਅਮੀਰ ਲਗਦਾ ਹੈ, ਗਰੀਬ ਬਣਦਾ ਹੈ।

***ਸਹਸ ਘਟਾ ਮਹਿ ਏਕੁ ਅਕਾਸੁ॥***
***ਘਟ ਫੂਟੇ ਤੇ ਓਹੀ ਪ੍ਰਗਾਸੁ॥ ਪੰਨਾ – 736***

ਸਾਰਿਆਂ ਘੜਿਆਂ ਦੇ ਅੰਦਰ ਇਕੋ ਹੀ ਅਸਮਾਨ, space ਪਈ ਹੋਈ ਹੈ ਪਰ ਵਖਰੀ ਵਖਰੀ ਲਗਦੀ ਹੈ। ਜਦੋਂ ਇਹ ਟੁਟ ਜਾਂਦੇ ਹਨ ਤਾਂ ਇਕੋ ਹੀ ਰਹਿ ਜਾਂਦਾ ਹੈ, ਕੋਈ ਦੂਜਾ ਨਹੀਂ ਹੁੰਦਾ, ਨਾ ਰਹਿੰਦਾ ਹੈ।

***ਬਾਜੀਗਰਿ ਜੈਸੇ ਬਾਜੀ ਪਾਈ॥***
***ਨਾਨਾ ਰੂਪ ਭੇਖ ਦਿਖਲਾਈ॥***
***ਸਾਂਗੁ ਉਤਾਰਿ ਥੰਮਿਓ ਪਾਸਾਰਾ॥***
***ਤਬ ਏਕੋ ਏਕੰਕਾਰਾ॥ ਪੰਨਾ – 736***

ਅਗਲਾ ਭਰਮ ਹੁੰਦਾ ਹੈ, ਜਿਸ ਨੂੰ ਵਿਕਾਰ ਭਰਮ ਆਖਦੇ ਹਨ। ਜਿਵੇਂ ਹਨੇਰੇ ਵਿਚ ਰੱਸੀ ਪਈ ਹੋਵੇ, ਪਰ ਇਸ ਤਰ੍ਹਾਂ ਲਗੇਗਾ ਕਿ ਸੱਪ ਪਿਆ ਹੋਇਆ ਹੈ। ਜਦੋਂ ਚਾਨਣਾ ਹੋ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਇਹ ਤਾਂ ਰੱਸੀ ਪਈ ਹੈ। ਇਸੇ ਤਰ੍ਹਾਂ ਦੇ ਨਾਲ ਚੰਗਾ ਮੰਦਾ ਸੁਖ ਦੁਖ ਦੇਣ ਵਾਲਾ, ਸੰਸਾਰ ਪ੍ਰਤੀਤ ਹੁੰਦਾ ਹੈ। ਜਦੋਂ ਇਹਦਾ ਨਾਸ਼ ਹੋ ਜਾਂਦਾ ਹੈ ਤਾਂ ਕੀ ਦੇਖਦਾ ਹੈ। ਏਥੇ ਤਾਂ ਕੋਈ ਦੂਜਾ ਹੈ ਹੀ ਨਹੀਂ। ਕੇਵਲ ਇਕੋ ਇਕ ਨਜ਼ਰ ਆਉਂਦਾ ਹੈ।

***ਧਾਰਨਾ – ਤੂੰ ਹੀ ਤੂੰ ਹੀ ਮੋਹਿਨਾ – 4, 2***
***ਈਤਹਿ ਊਤਹਿ ਘਟ ਘਟ ਘਟਿ ਘਟਿ***
***ਤੂੰ ਹੀ ਤੂੰ ਹੀ ਮੋਹਿਨਾ।***

ਜਦੋਂ ਦਿਬਯ ਨੇਤਰ ਖੁਲ੍ਹਦੇ ਹਨ, ਮਹਾਰਾਜ ਇਸ ਨੂੰ ਬਿਅੰਨ ਅੱਖੜੀਆਂ ਵੀ ਕਹਿੰਦੇ ਹਨ, ਕੋਈ sixth sense ਵੀ ਕਹਿੰਦੇ ਹਨ, ਜਦੋਂ ਉਹ ਖੁਲ੍ਹ ਗਈ ਫੇਰ –

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥***
***ਪੰਨਾ – 293***

ਮਹਾਰਾਜ ਕਹਿਣ ਲੱਗੇ, "ਗੁਰਮੁਖਾ! ਇਹ ਵਿਕਾਰ ਦਾ ਭਰਮ ਹੋ ਗਿਆ ਹੈ। ਰੱਸੀ ਵਿਚ ਸੱਪ ਨਜ਼ਰ ਆਉਂਦਾ ਹੈ। ਜਦੋਂ ਚਾਨਣਾ ਹੋ ਜਾਂਦਾ ਹੈ, ਸੱਪ ਗਾਇਬ ਹੋ ਜਾਂਦਾ ਹੈ, ਜਿਹੜੀ ਚੀਜ਼ ਹੈ ਹੀ ਨਹੀਂ, ਉਹਨੇ ਕੀ ਗਾਇਬ ਹੋਣਾ ਹੈ। ਗਾਇਬ ਤਾਂ ਉਹ ਚੀਜ਼ ਹੁੰਦੀ ਹੈ ਜਿਹੜੀ ਹੋਵੇ। ਇਹ ਪਹਿਲਾਂ ਵੀ ਰੱਸੀ ਸੀ, ਹਨ੍ਹੇਰੇ ਕਰਕੇ ਸੱਪ ਲਗਦਾ ਸੀ, ਜਦੋਂ ਚਾਨਣਾ ਹੋ ਗਿਆ, ਫੇਰ ਰੱਸੀ ਹੋ ਗਈ। ਜਿਸ ਤਰ੍ਹਾਂ ਸਿੱਪੀ ਪਈ ਹੋਵੇ, ਚੰਦ ਦੀ ਚਾਨਣੀ ਵਿਚ ਚਾਂਦੀ ਲਗਦੀ ਸੀ। ਜਦੋਂ ਨਿਰਣਾ ਕਰਕੇ ਦੇਖਿਆ ਤਾਂ ਸੋਝੀ ਆਈ ਕਿ ਚਾਂਦੀ ਤਾਂ ਹੈ ਹੀ ਨਹੀਂ ਸੀ। ਇਸੇ ਤਰ੍ਹਾਂ ਸੰਸਾਰ ਲਗਦਾ ਹੈ, ਅਗਿਆਨ ਦੂਰ ਹੋਣ ਤੇ ਕੇਵਲ ਵਾਹਿਗੁਰੂ ਹੀ ਨਜ਼ਰ ਆਉਂਦਾ ਹੈ।

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ – 1291***

ਬਾਕੀ ਇਹ ਬ੍ਰਹਮ ਅਤੇ ਜਗਤ ਦੀ ਭਿੰਨਤਾ ਲਗਦੀ ਹੈ ਕਿ ਜਗਤ ਵਖਰਾ ਹੈ ਤੇ ਵਾਹਿਗੁਰੂ ਵੀ ਵਖਰਾ ਹੈ। ਮਹਾਰਾਜ ਕਹਿਣ ਲੱਗੇ ਕਿ ਇਹਦਾ ਵੀ ਨਿਰਣਾ ਕਰੀਐ – 'ਕਨਕ ਕਟਕ ਜੈਸੇ ਭੂਲ ਪਰਿਓ' ਜਿਵੇਂ ਸੋਨਾ ਹੈ, ਸੋਨੇ ਦੇ ਹਜ਼ਾਰਾਂ ਗਹਿਣੇ ਬਣਾ ਦਿਤੇ। ਉਹ ਪਹਿਲਾਂ ਵੀ ਸੋਨਾ ਸੀ, ਜਦੋਂ ਉਸਦੇ ਗਹਿਣੇ ਬਣ ਗਏ, ਤਾਂ ਵੀ ਸੋਨਾ ਹੈ। ਜਦੋਂ ਗਹਿਣੇ ਫੇਰ ਢਾਲ ਦਿਤੇ ਜਾਣਗੇ ਤਾਂ ਵੀ ਉਹ ਸੋਨਾ ਰਹੇਗਾ, ਸੋ ਇਹ ਸੋਨੇ ਦਾ ਪ੍ਰਮਾਣ ਹੈ, ਇਸੇ ਤਰ੍ਹਾਂ ਪਾਣੀ ਹੈ–

***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥***
***ਪੰਨਾ – 485***

ਬੁਲਬੁਲਾ ਜਲ ਤੋਂ ਅੱਡ ਨਹੀਂ ਹੁੰਦਾ। ਕਿਰਿਆ ਕਰਕੇ ਵਖਰਾ ਦਿਸਦਾ ਹੈ ਪਰ ਹੈ ਤਾਂ ਜਲ ਹੀ। ਮਹਾਰਾਜ ਨੇ ਫੁਰਮਾਇਆ, ਗੁਰਮੁਖਾ! ਗੁਰੂ ਘਰ ਦੇ ਅੰਦਰ ਨਾਮ ਦਾਨ ਇਸ਼ਨਾਨ, ਨਾਮ ਜਪਣਾ, ਦਾਨ ਕਰਨਾ ਤੇ ਇਸ਼ਨਾਨ ਕਰਨਾ; ਮਨ ਦਾ ਇਸ਼ਨਾਨ ਕਰਾਉਣਾ, ਬੁੱਧੀ ਦਾ ਇਸ਼ਨਾਨ ਕਰਾਉਣਾ, ਆਤਮਕ ਇਸ਼ਨਾਨ ਕਰਨਾ, ਸਰੀਰ ਦਾ ਇਸ਼ਨਾਨ ਕਰਨਾ। ਇਸੇ ਤਰ੍ਹਾਂ ਕਰਮ, ਉਪਾਸ਼ਨਾ, ਗਿਆਨ, ਵਿਗਿਆਨ, ਚਾਰ ਚੀਜ਼ਾਂ ਹਨ। ਪਹਿਲਾਂ ਸ਼ੁਭ ਕਰਮ ਕਰਨ ਨਾਲ ਆਦਮੀ ਦੇ ਮਨ ਦੀ ਮੈਲ ਦੂਰ ਹੁੰਦੀ ਹੈ। ਫੇਰ ਇਸ ਤੋਂ ਬਾਅਦ ਧਿਆਨ ਕਰਨਾ, ਉਪਾਸ਼ਨਾ ਕਰਨੀ, ਉਪਾਸ਼ਨਾ ਦੇ ਨਾਲ ਮਨ ਦੀ ਵਿਖਸ਼ੇਪਤਾ ਦੂਰ ਹੁੰਦੀ ਹੈ, ਫੇਰ ਜਿਹੜੇ ਅਸੀਂ ਬਚਨ ਕਰਦੇ ਹਾਂ, ਇਸ ਨੂੰ ਗਿਆਨ ਕਹਿੰਦੇ ਹਨ। ਇਹਦੇ ਨਾਲ ਮਨ ਤੋਂ ਪੜਦਾ ਦੂਰ ਹੁੰਦਾ ਹੈ। ਇਸ ਤੋਂ ਬਾਅਦ ਵਿਗਿਆਨ ਹੈ। ਵਿਗਿਆਨ ਕਰਨ ਵਾਸਤੇ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਪੰਨਾ – 305***

ਅੰਮ੍ਰਿਤ ਵੇਲੇ ਜਾਗਿਆ ਕਰ, ਸੰਸਾਰ ਦੇ ਅੰਦਰ, ਸੱਤਿ ਤੇ ਅਸੱਤਿ ਨੂੰ ਜਾਣ ਲੈ। ਜਿਨਾਂ ਨਾਮ ਤੇ ਰੂਪ ਹੈ, ਸਭ ਅਸਤਿ ਹੈ। ਜਿਸਦਾ ਨਾਮ ਤੇ ਰੂਪ ਨਹੀਂ ਹੈ ਉਹ ਵਾਹਿਗੁਰੂ ਹੈ, ਉਸ ਨੂੰ ਬ੍ਰਹਮ ਆਖਦੇ ਹਨ। ਰਾਮ, ਅੱਲਾ, ਵਾਹਿਗੁਰੂ ਕੋਈ ਨਾਮ ਰਖ

ਲਓ, ਇਸ ਨੂੰ ਆਤਮਾ ਆਖਦੇ ਹਨ। ਫਿਰ ਉਹ ਇਕੋ ਸਾਰੇ ਹੀ ਪਰੀਪੂਰਨ ਹੈ। ਸੋ ਇਹਦੇ ਨਾਲ ਆਦਮੀ ਦੇ ਅੰਦਰ ਭੁਲੇਖਾ ਪੈਂਦਾ ਹੈ ਜਿਸ ਨੂੰ ਦੂਰ ਕਰਨ ਵਾਸਤੇ ਭਜਨ ਕਰਨਾ ਹੈ।

ਪਹਿਲਾਂ ਵਿਵੇਕ ਬਿਰਤੀ ਧਾਰਨ ਕਰਨੀ ਹੈ ਤੇ ਵੈਰਾਗ ਵਿਚ ਆਉਣਾ ਹੈ। ਰਾਗ ਕਹਿੰਦੇ ਹਨ – ਕਿਸੇ ਚੀਜ਼ ਦੀ ਪਕੜ ਨੂੰ, attachment ਨੂੰ; ਤੇ ਵੈਰਾਗ ਕਹਿੰਦੇ ਹਨ – detachment (ਨਿਰਮੋਹਤਾ) ਨੂੰ। ਸੋ ਸਭ ਚੀਜ਼ਾਂ ਦੀ ਪਕੜ ਛੱਡਣੀ ਹੈ। ਵਰਤਣੀਆਂ ਸਭ ਹਨ ਪਰ ਮੋਹ ਨਹੀਂ ਪਾਉਣਾ। ਫੇਰ ਤੀਜਾ ਹੋਇਆ ਕਰਦਾ ਹੈ, ਮਨ ਵਿਚ ਤੀਬਰ ਇੱਛਾ ਕਿ ਨਿਧਿਆਸਣ ਕਰਕੇ ਇਸ ਪਦਵੀ ਨੂੰ ਅੰਦਰ ਧਾਰਨ ਕਰਕੇ, ਤੱਤ ਪਦ ਤੇ ਪਹੁੰਚ ਜਾਣਾ। ਬਾਕੀ ਤੂੰ ਸਾਧਨ ਦਸੇ ਹੀ ਹਨ ਕਿ ਮੈਂ ਅਸ਼ਟਾਂਗ ਯੋਗ ਕਰਦਾ ਰਿਹਾ ਹਾਂ। ਗੁਰਮਤਿ ਯੋਗ ਬਾਰੇ ਵੀ ਤੂੰ ਦਸਿਆ ਹੈ। ਤੈਨੂੰ ਜੋ ਅੰਮ੍ਰਿਤ ਰਾਇ ਕਵੀ ਨੇ ਦਸਿਆ ਹੋਇਆ ਹੈ, ਉਹ ਠੀਕ ਹੈ। ਉਵੇਂ ਜਿਵੇਂ ਹੀ ਕਰਿਆ ਕਰ। ਹੁਣ ਤੂੰ ਜਿਸ ਤਰ੍ਹਾਂ ਸਾਡੇ ਬਚਨ ਸੁਣੇ ਹਨ– ਤੂੰ ਸੁਣਨ ਦੀ ਅਵਸਥਾ ਵਿਚ ਆ ਗਿਆ। ਹੁਣ ਤੂੰ ਮੰਨ ਲੈ। ਫਿਰ ਇਸਦਾ ਨਿਧਿਆਸਨ ਕਰੀਂ, ਫੇਰ practice (ਅਭਿਆਸ) ਕਰੀਂ। ਉਹ ਛੇਤੀਂ ਛੇਤੀਂ ਨਹੀਂ ਹੋਣੀ। ਕਦੀ ਝਲਕਾਰਾ ਵੱਜ ਗਿਆ, ਉਸ ਝਲਕਾਰੇ ਨੂੰ ਪੱਕੀ ਤੌਰ ਤੇ ਹਾਸਲ ਕਰੀਂ। ਸੋ ਅਖੰਡ ਸਿਮਰਨ ਕਰੀਂ, ਨਾਮ ਜਪੀਂ। ਸੋ ਇਹ ਜਿਹੜੀ ਅਖੰਡ ਜੋਤ ਹੈ, ਇਹ ਜਦੋਂ ਮਾਇਆ ਦੇ ਅੰਦਰ ਪ੍ਰਵੇਸ਼ ਕਰਦੀ ਹੈ, ਫਿਰ ਇਹਦੀਆਂ ਅੱਠ ਪੁਰੀਆਂ ਹਨ, ਜਿਹਨਾਂ ਦੇ ਅੰਦਰ ਦਿਨ ਰਾਤ ਚਲਦੀ ਰਹਿੰਦੀ ਹੈ।

ਪਹਿਲੀ ਹੈ – ਪੰਜ ਕਰਮ ਇੰਦਰੇ, ਦੂਜੀ ਇਸਦੀ ਪੁਰੀ ਹੈ – ਪੰਜ ਗਿਆਨ ਇੰਦਰੇ, ਤੀਜੀ ਪੁਰੀ ਹੈ – ਪੰਜ ਪ੍ਰਾਣ, ਚੌਥੇ ਹੁੰਦੇ ਹਨ – ਪੰਜ ਸੂਖਸ਼ਮ ਭੂਤ, ਫੇਰ ਪੰਜਵੀਂ ਹੁੰਦੀ ਹੈ ਅੰਤਸ਼ਕਰਣ, ਮਨ, ਚਿਤ, ਬੁਧ ਤੇ ਅਹੰਕਾਰ। ਛੇਵੀਂ ਹੋਇਆ ਕਰਦੀ ਹੈ ਅਵਿਦਿਆ, ਸੱਤਵੀਂ ਹੋਇਆ ਕਰਦੀ ਹੈ ਵਾਸ਼ਨਾ ਤੇ ਅੱਠਵੀਂ ਹੁੰਦੀ ਹੈ ਅਸਥੂਲ ਕਰਮ। ਸੋ ਇਹਨਾਂ ਦੇ ਵਿਚ ਦਿਨ ਰਾਤ ਆਤਮਦੇਵ ਘੁੰਮਦਾ ਹੈ ਤੇ ਪੰਜ ਕੋਸ਼ਾਂ ਨਾਲ ਇਹਦੇ ਤੇ ਪੜਦਾ ਪਿਆ ਹੋਇਆ ਹੈ।

ਪਹਿਲਾਂ ਅੰਨਮਯ ਕੋਸ਼ ਹੁੰਦਾ ਹੈ। ਅੰਨਮਯ ਕੋਸ਼ ਸਰੀਰ ਨੂੰ ਕਹਿੰਦੇ ਹਨ। ਬੰਦਾ ਕਹਿੰਦਾ ਰਹਿੰਦਾ ਹੈ, ਮੇਰੇ ਪੁੱਤਰ ਮੇਰੇ ਧੀਆਂ। ਦੂਜਾ ਮਨੋਮਯ ਕੋਸ਼ ਹੁੰਦਾ ਹੈ। ਮਨੋਮਯ ਕੋਸ਼, ਪ੍ਰਾਨਮਯ ਕੋਸ਼, ਵਿਗਿਆਨਮਯ ਕੋਸ਼, ਇਹ ਤਿੰਨੇ ਹੀ ਸੂਖਸ਼ਮ ਸਰੀਰ ਨਾਲ ਸੰਬੰਧ ਰਖਦੇ ਹਨ। ਸਥੂਲ ਸਰੀਰ ਨਾਲ ਵੀ ਇਨ੍ਹਾਂ ਦਾ ਸੰਬੰਧ ਹੈ।

ਚੌਥਾ ਅਨੰਦਮਯ ਕੋਸ਼ ਹੈ ਜਿਹੜਾ ਕਾਰਣ ਸਰੀਰ ਨਾਲ ਸੰਬੰਧ ਰਖਦਾ ਹੈ। ਇਹਨਾਂ ਪੰਜਾਂ ਤੋਂ ਪਰ੍ਹੇ ਜਿਹੜੇ ਤੈਨੂੰ ਵਿਆਪਦੇ ਹਨ ਕਿ ਮੈਂ ਭੁਖਾ ਹਾਂ, ਪਾਣੀ ਦੀ ਪਿਆਸ ਲੱਗੀ ਹੋਈ ਹੈ, ਉਹ ਤੈਨੂੰ ਨਹੀਂ ਲੱਗੀ ਹੋਈ, ਤੇਰੇ ਪ੍ਰਾਣਾਂ ਨੂੰ ਲੱਗੀ ਹੋਈ ਹੈ। ਭੁੱਖ ਪਿਆਸ ਨੂੰ ਪ੍ਰਾਣ ਮੰਨਦੇ ਹਨ। ਮਨ ਬੁਧ ਚਿਤ ਨੂੰ ਇਹ ਨਹੀਂ ਲਗਿਆ ਕਰਦੀ, ਜੋ ਸੁਖ ਦੁਖ ਹੈ, ਇਸ ਨੂੰ ਚਿਤ ਮਹਿਸੂਸ ਕਰਿਆ ਕਰਦਾ ਹੈ, ਪਾਪ ਪੁੰਨ, ਹਾਣ ਲਾਭ, ਬੁਰਾ ਭਲਾ ਇਹ ਬੁੱਧੀ ਮਹਿਸੂਸ ਕਰਿਆ ਕਰਦੀ ਹੈ ਤੇ ਅਨੰਦ ਅਵਿਦਿਆ ਸਖੋਪਤੀ ਅਵਸਥਾ ਦਾ ਨਾਮ ਹੈ। ਇਹਨਾਂ ਸਾਰਿਆਂ ਤੋਂ ਪਰ੍ਹੇ, ਪੰਜਾਂ ਕੋਸ਼ਾਂ ਤੋਂ ਵੀ ਪਰ੍ਹੇ, ਪਰ੍ਹੇ ਤੋਂ ਵੀ ਪਰ੍ਹੇ, ਅਸੰਗ, ਤੇ ਨਿਰਾਕਾਰ, ਸੱਤ ਚਿਤ ਅਨੰਦ ਤੇਰਾ ਆਪਣਾ ਰੂਪ ਹੈ। ਉਸ ਰੂਪ ਦੇ ਅੰਦਰ ਤੇ ਪਰਮੇਸ਼ਰ ਦੇ ਅੰਦਰ ਕੋਈ ਫਰਕ ਨਹੀਂ ਹੈ। ਇਕੋ ਹੀ ਜੋਤ ਸਾਰਿਆਂ ਦੇ ਅੰਦਰ ਪਰੀਪੂਰਨ ਹੈ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਆਤਮ ਪਸਾਰਾ ਕਰਨੇਹਾਰਾ,***
***ਪ੍ਰਭ ਬਿਨਾਂ ਨਹੀਂ ਜਾਣੀਐ।***
***ਪ੍ਰਭ ਬਿਨਾਂ ਨਹੀਂ ਜਾਣੀਐ – 2, 2.***
***ਆਤਮ ਪਸਾਰਾ ਕਰਨੇਹਾਰਾ,........।***

***ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ॥***
***ਪੰਨਾ – 1325***

ਸਾਰੇ ਦੀ ਇਕੋ ਦ੍ਰਿਸ਼ਟੀ ਕਰ ਲੈ, ਇਹਦੇ ਵਿਚ ਦੂਜਾ ਨਾ ਦੇਖ –

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***
***ਪੰਨਾ – 272***

ਸੋ –

***ਆਤਮ ਰਾਮੁ ਸਭ ਏਕੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ॥***
***ਪੰਨਾ – 1325***

ਸਾਰੇ ਤੇਰੇ ਹੀ ਰੂਪ ਨੇ ਸੁਜਾਨ ਰਾਇ ਹੋਰ ਦੂਜਾ ਨਹੀਂ ਕੋਈ, ਇਹ ਜੋ ਗਿਆਨ ਹੈ, ਇਸ ਨੂੰ ਆਪਣੇ ਅੰਦਰ ਵੀ ਦੇਖ ਤੇ ਬਾਹਰ ਵੀ ਦੇਖ।

***ਧਾਰਨਾ– ਬਾਹਰ ਭੀਤਰ ਏਕੋ ਜਾਨੈ,***
***ਏਕੋ ਜਾਨੈ ਸਾਹਿਬ ਜੀ।***

***ਕਾਹੇ ਰੇ ਬਨ ਖੋਜਨ ਜਾਈ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥***
***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥***
***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥***
***ਪੰਨਾ – 684***

ਕਹਿਣ ਲੱਗੇ ਜੋ ਅੰਦਰ ਹੈ, ਓਹੀ ਬਾਹਰ ਹੈ। ਸਾਰੇ ਪਰੀਪੂਰਨ ਹੈ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

***ਸੋ ਅੰਤਰਿ ਸੋ ਬਾਹਰਿ ਅਨੰਤ॥***

***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***
***ਜੈਸੀ ਆਗਿਆ ਤੈਸਾ ਕਰਮੁ॥***
***ਪਉਣ ਪਾਣੀ ਬੈਸੰਤਰੁ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਪੰਨਾ - 294***

ਮਹਾਰਾਜ ਕਹਿਣ ਲੱਗੇ ਸੁਜਾਨ ਰਾਇ! ਦੇਖ, ਕੀ ਨਜ਼ਰ ਆਉਂਦਾ ਹੈ? ਕੋਈ ਥਾਂ ਐਸਾ ਨਹੀਂ ਹੈ ਜਿਥੇ ਵਾਹਿਗੁਰੂ ਨਹੀਂ ਹੈ। ਆਪ ਹੀ ਸਾਰੇ ਖੇਲ੍ਹ ਕਰ ਰਿਹਾ ਹੈ। ਆਪ ਹੀ ਪਰੀਪੂਰਨ ਹੋ ਕੇ ਸਾਰੇ ਕਰਤੱਵ ਕਰ ਰਿਹਾ ਹੈ। ਸੋ ਇਸ ਕਰਕੇ ਇਹਨਾਂ ਬਚਨਾਂ ਦੀ ਕਮਾਈ ਕਰ ਲੈ ਕਿਉਂਕਿ ਜਦੋਂ ਤਕ ਬਚਨ ਕਮਾਏ ਨਹੀਂ ਜਾਂਦੇ, ਉਨੀ ਦੇਰ ਤਕ ਸੁਣਨਾ ਕੋਈ ਮਾਅਨੇ ਨਹੀਂ ਰਖਦਾ। ਸੁਣਨਾ ਇਕ ਅਵਸਥਾ ਹੈ, ਬਹੁਤ ਉਚੀ ਅਵਸਥਾ ਹੈ। ਉਸ ਤੋਂ ਉਚਾ ਹੈ ਮੰਨਣਾ -

***ਮੰਨੇ ਕੀ ਗਤਿ ਕਹੀ ਨਾ ਜਾਇ॥ ਪੰਨਾ - 3***

ਮੰਨਣ ਤੋਂ ਉਚਾ ਹੈ ਨਿਧਿਆਸਣ, ਉਹਦੀ ਕਮਾਈ ਕਰਨੀ, ਬਚਨ ਨੂੰ ਸੱਤ ਕਰਕੇ ਮੰਨਣਾ।

ਇਕ ਵਾਰੀ ਪੰਜਵੇਂ ਪਾਤਸ਼ਾਹ ਕੋਲ ਸੰਗਤ ਆਈ ਕਿ ਮਹਾਰਾਜ ਸਾਨੂੰ ਕੋਈ ਰਾਹ ਨਹੀਂ ਲੱਭਦਾ। ਕਹਿਣ ਲੱਗੇ ਕਿਉਂ? ਸੰਗਤ ਕਹਿਣ ਲੱਗੀ ਮਹਾਰਾਜ! ਅਸੀਂ ਬਹੁਤ ਕੁਝ ਸੁਣਿਆ ਹੈ। ਕਰਮ ਵੀ ਕਰਦੇ ਹਾਂ, ਧਰਮ ਭੀ ਕਰਦੇ ਹਾਂ, ਤੀਰਥ ਯਾਤਰਾ ਵੀ ਕਰਦੇ ਹਾਂ, ਵੇਦ ਪਾਠ ਭੀ ਕਰਦੇ ਹਾਂ, ਸ਼ਾਸਤਰ ਭੀ ਪੜ੍ਹਦੇ ਹਾਂ। ਕ੍ਰਿਪਾ ਕਰਕੇ ਨਿਰਣੇ ਮੁਤਾਬਕ ਸਾਨੂੰ ਦਸੋ ਕਿ ਕੀ ਕੀਤਾ ਜਾਵੇ ਜਿਹਦੇ ਨਾਲ ਸਾਡਾ ਉਧਾਰ ਹੋ ਜਾਵੇ। ਮਹਾਰਾਜ ਨੇ ਫੁਰਮਾਇਆ, ਦੇਖੋ ਪ੍ਰੇਮੀਓਂ -

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥***
***ਸੰਤਹੁ ਸਾਗਰੁ ਪਾਰਿ ਉਤਰੀਐ॥ ਪੰਨਾ - 747***

ਜੇ ਤੁਸੀਂ ਪਾਰ ਲੰਘਣਾ ਹੈ ਤਾਂ ਤੁਸੀਂ ਸਤਿ ਬਚਨ ਸੁਣੋ। ਬਾਕੀ ਜਿਹੜੇ ਤੁਸੀਂ ਕਰਮ ਕਹਿੰਦੇ ਹੋ, ਇਹ ਕੋਈ ਫਲ ਨਹੀਂ ਦਿੰਦੇ।

***ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥***
***ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥***
***ਪੰਨਾ - 747***

ਬਾਕੀ ਜਿਹੜੇ ਵੇਦ ਕਹਿੰਦੇ ਹੋ -

***ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ ਪੜਿਆ ਮੁਕਤਿ ਨ ਹੋਈ॥***
***ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥***
***ਪੰਨਾ - 747***

***ਖਤ੍ਰੀ ਬ੍ਰਾਹਮਣ ਸੂਦ ਵੈਸ***
***ਉਪਦੇਸੁ ਚਹੁ ਵਰਨਾ ਕਉ ਸਾਝਾ॥***
***ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ***
***ਘਟਿ ਘਟਿ ਨਾਨਕ ਮਾਝਾ॥ ਪੰਨਾ - 747***

ਬਾਕੀ ਗੱਲਾਂ ਛੱਡੋ, ਜੋ ਮਹਾਂਪੁਰਸ਼ਾਂ ਦਾ ਬਚਨ ਹੈ, ਉਸ ਪਰਥਾਇ ਸਾਖੀ ਮਹਾਂਪੁਰਸ਼ ਬੋਲਦੇ ਹਨ, ਜਿਹੋ ਜਿਹੀ ਕਿਸੇ ਦੀ ਅਵਸਥਾ ਹੁੰਦੀ ਹੈ ਉਹਦੇ ਨਾਲ ਵੈਸੀ ਹੀ ਗੱਲ ਕਰਦੇ ਹਨ। ਸੋ ਤੁਸੀਂ ਬਚਨ ਕਮਾ ਲਓ, ਉਸ ਨਾਲ ਤੁਸੀਂ ਪਾਰ ਹੋ ਜਾਓਂਗੇ।

***ਸੰਤਹੁ ਸਾਗਰੁ ਪਾਰਿ ਉਤਰੀਐ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ***
***ਸੋ ਗੁਰ ਪਰਸਾਦੀ ਤਰੀਐ॥ ਪੰਨਾ - 747***

***ਧਾਰਨਾ - ਤਰ ਲੈ ਤੂੰ ਪਾਰ ਜੀ,***
***ਸਤਿਗੁਰ ਦਾ ਬਚਨ ਕਮਾ ਕੇ।***
***ਸਤਿਗੁਰ ਦਾ ਬਚਨ ਕਮਾ ਕੇ - 2, 2.***
***ਤਰ ਲੈ ਤੂੰ ਪਾਰ ਜੀ,........।***

ਬਚਨ ਦੀ ਕਮਾਈ ਕਰ ਲੈ ਗੁਰਮੁਖਾ, ਏਥੇ ਦੂਜਾ ਕੋਈ ਨਹੀਂ ਹੈ।

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥***
***ਪੰਨਾ - 1349***

ਬਚਨ ਦੀ ਕਮਾਈ ਕਰੇ, ਗੁਰੂ ਦੇ ਬਚਨ ਨੂੰ ਜੋ ਅਣਥਾ ਜਾਣਦਾ ਹੈ Importance (ਵਿਸ਼ੇਸ਼ਤਾ) ਨਹੀਂ ਦਿੰਦਾ, ਉਹ ਤਰ ਨਹੀਂ ਸਕਦਾ, ਡੁੱਬ ਜਾਇਆ ਕਰਦਾ ਹੈ। ਜਿਹੜਾ ਕਮਾਈ ਕਰ ਲਵੇ, ਭਾਵੇਂ ਪਰਮਾਰਥਕ ਬਚਨ ਹੋਣ, ਭਾਵੇਂ ਵਿਵਾਹਰਕ ਹੋਣ, ਉਹਦਾ ਭਲਾ ਹੀ ਭਲਾ ਹੋਇਆ ਕਰਦਾ ਹੈ।

ਇਕ ਵਾਰੀ ਦਸਵੇਂ ਪਾਤਸ਼ਾਹ ਮਹਾਰਾਜ ਵੇਲੇ ਦੂਰ ਦਰਾਜ ਦੱਖਣ ਵਿਚੋਂ ਇਕ ਰਾਜਾ (ਸੇਠ), ਜਿਸ ਦਾ ਨਾਮ ਵਿਸ਼ੰਬਰ ਦਾਸ ਸੀ, ਉਹ ਦਸ਼ਮੇਸ਼ ਪਿਤਾ ਦੇ ਦਰਸ਼ਨ ਕਰ ਗਿਆ ਸੀ। ਮਹਾਰਾਜ ਜੀ ਦੀ ਵਡਿਆਈ ਕਰਦਾ ਰਹਿੰਦਾ ਸੀ। ਉਸਦਾ ਪੁੱਤਰ ਵੈਰਾਗੀਆਂ ਦੀ ਸੰਗਤ ਕਰਦਾ ਹੁੰਦਾ ਸੀ। ਉਸਦੇ ਮਨ ਵਿਚ ਚਾਓ ਉਠਿਆ, ਉਸਨੇ ਪੁਛਿਆ, ਪਿਤਾ ਜੀ, ਤੁਹਾਡੇ ਗੁਰੂ ਕੌਣ ਹਨ? ਪਿਤਾ ਨੇ ਜਵਾਬ ਦਿਤਾ ਕਿ ਸਾਡੇ ਗੁਰੂ ਦਸ਼ਮੇਸ਼ ਪਿਤਾ ਹਨ ਜੋ ਅਨੰਦਪੁਰ ਸਾਹਿਬ ਵਿਚ ਹਨ। ਬਹੁਤ ਉਪਮਾ ਕੀਤੀ, ਨੇਤਰਾਂ ਵਿਚ ਜਲ ਆ ਗਿਆ, ਬਿਰਹਾ ਕੀਤਾ, ਇਸ ਨੇ ਦੇਖਿਆ ਕਿ ਐਸੇ ਸਤਿਗੁਰੂ ਹਨ ਤਾਂ ਮੈਂ ਕਿਉਂ ਨਾ ਉਹਨਾਂ ਨੂੰ ਗੁਰੂ ਧਾਰ ਲਵਾਂ? ਘਰ ਤੋਂ ਚਲ ਪਿਆ। ਪਿਤਾ ਨੇ ਛੇ ਸੌ ਰੁਪਏ ਦੇ ਦਿਤੇ ਕਿ ਇਹ ਤੂੰ ਗੁਰੂ ਜੀ ਨੂੰ ਮੱਥਾ ਟੇਕ ਲਈਂ। ਦੇਖੀਂ ਗੁਰੂ ਸ਼ਸਤਰਧਾਰੀ ਹੈ, ਕਿਧਰੇ ਉਹਨਾਂ ਦੀ ਕ੍ਰਿਆ ਤੇ ਸ਼ੰਕਾ ਨਾ ਕਰ ਲਈਂ। ਜਿਹੜਾ ਗੁਰੂ ਤੇ ਸ਼ੰਕਾ ਕਰ ਲਏ, ਉਹ ਨਰਕਾਂ ਨੂੰ ਚਲਾ ਜਾਂਦਾ ਹੈ। ਜੇ ਕੋਈ ਬ੍ਰਹਮ ਗਿਆਨੀ ਤੇ ਸ਼ੰਕਾ ਕਰ ਲਵੇ, ਤਾਂ ਵੈਰਾਗ ਦੀਆਂ ਛੇ ਕਲਾਂ ਨਸ਼ਟ ਹੋ ਜਾਇਆ ਕਰਦੀਆਂ ਹਨ। ਸ਼ੰਕਾ ਨਾ ਕਰੀਂ

ਬੇਟਾ। ਬੜਾ ਸਮਝਾ ਕੇ ਭੇਜਿਆ, ਬੜੇ ਚਾਓ ਦੇ ਨਾਲ ਅਨੰਦਪੁਰ ਸਾਹਿਬ ਆ ਗਿਆ। ਜਦੋਂ ਇਹ ਪਹੁੰਚਿਆ ਤਾਂ ਕੀ ਦੇਖਦਾ ਹੈ ਗੁਰੂ ਮਹਾਰਾਜ ਦੇ ਹੱਥ ਵਿਚ ਇਕ ਬਟੇਰਾ ਫੜਿਆ ਹੋਇਆ ਹੈ, ਦੂਜੇ ਹੱਥ ਵਿਚ ਬਾਜ ਫੜਿਆ ਹੋਇਆ ਹੈ ਅਤੇ ਉਹ ਜਿਊਂਦੇ ਬਟੇਰੇ ਦਾ ਮਾਸ ਬਾਜ ਨੂੰ ਖਵਾ ਰਹੇ ਹਨ। ਬਟੇਰਾ ਤੜਫ ਰਿਹਾ ਹੈ, ਚੀਂ ਚੀਂ ਕਰ ਰਿਹਾ ਹੈ। ਲੇਕਿਨ ਬਾਜ ਖਾਈ ਜਾ ਰਿਹਾ ਹੈ। ਮਨ ਵਿਚ ਗਿਲਾਨੀ ਆ ਗਈ ਕਿ ਗੁਰੂ ਇਹੋ ਜਿਹਾ ਹੈ? ਐਸਾ ਵੀ ਗੁਰੂ ਹੁੰਦਾ ਹੈ ਜੋ ਕਿ ਜੀਵਾਂ ਨੂੰ ਜਿਊਂਦਿਆਂ ਖਵਾ ਦੇਵੇ? ਇਹ ਕੈਸਾ ਗੁਰੂ ਹੈ, ਗਿਆਨ ਕਾਹਦਾ ਹੈ? ਇਸਦੇ ਮਨ ਵਿਚ ਸ਼ੰਕਾ ਹੋ ਗਿਆ। ਉਸ ਤੋਂ ਬਾਅਦ ਪਰੇਸ਼ਾਨ ਜਿਹਾ ਰਿਹਾ, ਉਥੇ ਕਈ ਦਿਨ ਰਿਹਾ ਪਰ ਮਨ ਨਾ ਮੰਨਿਆ, ਸੋਚਦਾ ਰਿਹਾ ਕਿ ਇਹ ਗੁਰੂ ਹਿੰਸਕ ਹੈ, ਸ਼ਸਤਰ ਰਖੇ ਹੋਏ ਹਨ। ਪਿਤਾ ਦੀਆਂ ਗੱਲਾਂ ਭੁੱਲ ਗਿਆ। ਅਖੀਰ ਛੇ ਸੌ ਰੁਪੈ ਮੱਥਾ ਟੇਕਿਆ, ਗੁਰੂ ਮਹਾਰਾਜ ਨੇ ਫੁਰਮਾਇਆ, ਜਾਹ ਭਾਈ ਸਾਡੀਆਂ ਖੁਸ਼ੀਆਂ ਤੁਹਾਡੇ ਤੇ, ਆਹ ਪ੍ਰਸ਼ਾਦ ਲੈ ਜਾ ਜੋ ਕਿ ਆਪਣੇ ਪਿਤਾ ਕੋਲ ਜਾ ਕੇ ਖੋਲ੍ਹੀਂ ਤੇ ਉਥੇ ਸਾਰੀ ਸੰਗਤ ਵਿਚ ਵੰਡ ਦੇਣਾ ਕਿਉਂਕਿ ਦੱਖਣ ਦੇਸ਼ ਵਿਚ ਤੇਰਾ ਪਿਤਾ ਸਾਡਾ ਸਭ ਤੋਂ ਪਿਆਰਾ ਸਿੱਖ ਹੈ। ਪ੍ਰਸ਼ਾਦ ਲੈ ਕੇ ਟੁਰ ਪਿਆ, ਜਦੋਂ ਰੋਪੜ ਲੰਘਿਆ, ਤਾਂ ਅੱਗੇ ਮੁਰਿੰਡੇ ਦੇ ਕੋਲ ਇਕ ਮਾਜਰੀ ਪਿੰਡ ਹੈ, ਉਹਦੇ ਪਿਛਲੇ ਪਾਸੇ ਆਇਆ, ਤਾਂ ਸੋਚਦਾ ਹੀ ਟੁਰਿਆ ਆਉਂਦਾ ਹੈ ਕਿ ਜੇਕਰ ਮੈਂ ਏਥੋਂ ਛੇ ਸੌ ਰੁਪਏ ਦੀ ਕੋਈ ਚੀਜ਼ ਲੈ ਜਾਂਦਾ, ਤਾਂ ਹੁਣ ਕਿੰਨਾਂ ਰੁਪਿਆ ਬਣ ਜਾਣਾ ਸੀ। ਮੈਂ ਤਾਂ ਐਵੇਂ ਹੀ ਹਿੰਸਕ ਗੁਰੂ ਨੂੰ ਮੱਥਾ ਟੇਕ ਦਿਤਾ, ਕੋਈ ਲੈਣ ਨਹੀਂ, ਕੋਈ ਦੇਣ ਨਹੀਂ। ਲਕੀਰ ਨੂੰ ਪਿਟਦੀ ਹੈ ਦੁਨੀਆਂ, ਸਾਡੇ ਪਿਤਾ ਜੀ ਭੀ ਲਕੀਰ ਦੇ ਫਕੀਰ ਹਨ। ਏਸੇ ਤਰ੍ਹਾਂ ਹੀ ਕਰਦਾ ਆਇਆ, ਚਿਤ ਉਦਾਸ ਹੋਇਆ ਹੋਇਆ ਹੈ। ਇਕ ਹੋਰ ਗੱਲ ਹੋਈ। ਪਿਛਲੇ ਪਾਸੇ ਬੈਠ ਕੇ ਪ੍ਰਸ਼ਾਦ ਖੋਲ੍ਹ ਕੇ ਦੇਖਣ ਲਗ ਪਿਆ। ਜਦੋਂ ਖੋਲ੍ਹਿਆ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਮਾਸ ਹੈ। ਪਰ ਫੇਰ ਯਾਦ ਆ ਗਿਆ ਕਿ ਮੇਰੇ ਪਿਤਾ ਨੇ ਕਿਹਾ ਸੀ ਕਿ ਪ੍ਰਸ਼ਾਦ ਲਿਆਈਂ। ਸੋ ਮੈਂ ਲੈ ਹੀ ਜਾਂਦਾ ਹਾਂ। ਰਸਤੇ ਵਿਚ ਇਕ ਗੁਰਸਿਖ ਮਿਲਿਆ, ਜਿਸ ਦਾ ਨਾਮ ਭਾਈ ਧਿਆਨ ਸਿੰਘ ਸੀ। ਉਸਨੇ ਪੁਛਿਆ, ਪ੍ਰੇਮੀਆਂ! ਕਿਥੋਂ ਆਇਆ ਹੈਂ? ਸਚਮੁਚ ਉਹ ਗੁਰਸਿਖ ਸੀ ਜਿਸ ਤਰ੍ਹਾਂ ਦੇ ਗੁਰਸਿਖ ਹੋਇਆ ਕਰਦੇ ਹਨ, ਭੇਖਧਾਰੀ ਨਹੀਂ ਸੀ ਉਹ। ਅਤਿਥੀ ਦੀ ਸੇਵਾ ਕਰਨ ਵਾਲਾ ਸੀ। ਪਛਾਣ ਲਿਆ ਕਿ ਇਹ ਕੋਈ ਦੂਰ ਦੇਸ਼ ਦਾ ਬੰਦਾ ਹੈ, ਬੋਲੀ ਤੋਂ ਵੀ ਕੋਈ ਵਾਕਫ ਨਹੀਂ ਲਗਦਾ। ਇਸ ਨੂੰ ਪ੍ਰਸ਼ਾਦ ਪਾਣੀ ਪੁਛਿਆ ਜਾਵੇ, ਸ਼ਾਮ ਵੀ ਹੋਈ ਹੋਈ ਹੈ।

ਗੁਰੂ ਘਰ ਦੇ ਅੰਦਰ ਅਤਿਥੀ ਸੇਵਾ ਸਭ ਤੋਂ ਵੱਡੀ ਲਿਖੀ ਹੋਈ ਹੈ। ਅੰਨ ਦੀ ਸੇਵਾ, ਲੰਗਰ ਦੀ ਸੇਵਾ ਸਭ ਤੋਂ ਸ੍ਰੇਸ਼ਟ ਸੇਵਾ ਹੈ। ਕਿਤੇ ਵਕਤ ਮਿਲਿਆ ਤਾਂ ਇਹਦੀ ਗੱਲ ਵੀ ਕਰਾਂਗੇ। ਪੁਛਿਆ, ਗੁਰਮੁਖਾ! ਤੇਰਾ ਚਿਤ ਕਿਉਂ ਉਦਾਸ ਹੈ? ਤੂੰ ਮੇਰੇ ਨਾਲ ਘਰ ਚਲ, ਨਾਲੇ ਹੁਣ ਸੂਰਜ ਵੀ ਛਿਪਣ ਵਾਲਾ ਹੈ। ਘਰ ਲਿਆ ਕੇ ਬੜੀ ਸੇਵਾ ਕੀਤੀ। ਆਪ ਮਲ ਮਲ ਕੇ ਇਸ਼ਨਾਨ ਕਰਾਇਆ, ਰਹਿਰਾਸ ਦਾ ਪਾਠ ਕੀਤਾ, ਅਰਦਾਸ ਕੀਤੀ। ਫੇਰ ਸੋਹਣਾ ਵਧੀਆ ਬਿਸਤਰਾ ਦਿਤਾ ਆਰਾਮ ਵਾਸਤੇ। ਪੁਛਿਆ, ਤੂੰ ਕਿਥੋਂ ਆਇਆ ਹੈਂ? ਕਹਿਣ ਲੱਗਾ ਕਿ ਮੈਂ ਅਨੰਦਪੁਰ ਸਾਹਿਬ ਗੁਰੂ ਜੀ ਨੂੰ ਮਿਲ ਕੇ ਆਇਆ ਹਾਂ। "ਹੈਂ?" ਗੁਰੂ ਨੂੰ ਮਿਲਕੇ ਤਾਂ ਲਾਲੀਆਂ ਚੜ੍ਹੀਆਂ ਹੁੰਦੀਆਂ ਹਨ। ਤੇਰਾ ਮੂੰਹ ਕਿਉਂ ਉਦਾਸ ਹੈ? ਤੇਰੇ ਮੂੰਹ ਤੇ ਕਿਉਂ ਝੁਰੜੀਆਂ ਪਈਆਂ ਹੋਈਆਂ ਹਨ? ਕੀ ਤੇਰਾ ਕੁਝ ਗੁਆਚ ਗਿਆ ਹੈ? ਪ੍ਰੇਮੀਆਂ ਗੁਰੂ ਨੂੰ ਤਾਂ ਸਾਲ ਵਿਚ ਇਕ ਵਾਰੀ ਵੀ ਮਿਲ ਲਈਏ ਤਾਂ ਪੂਰਾ ਸਾਲ ਨਸ਼ਾ ਨਹੀਂ ਉਤਰਦਾ। ਪਰ ਤੂੰ ਕਿਉਂ ਐਨਾ ਉਦਾਸ ਹੈਂ? ਦਸ਼ਮੇਸ਼ ਪਿਤਾ ਦੇ ਦਰਸ਼ਨ ਕੀਤੇ ਹੋਣ ਤਾਂ ਐਨੀ ਉਦਾਸੀ? ਜਦੋਂ ਉਸਨੂੰ ਬਾਰ-ਬਾਰ ਪੁਛਿਆ ਤਾਂ ਕਹਿਣ ਲੱਗਾ, ਮੈਂ ਕੀ ਦੱਸਾਂ, ਮੇਰਾ ਮਨ ਨਹੀਂ ਮੰਨਿਆ ਗੁਰੂ ਤੇ। ਕਹਿਣ ਲੱਗੇ, ਹੈਂ ਤੇਰਾ ਮਨ ਗੁਰੂ ਨਾਨਕ ਤੇ ਨਹੀਂ ਮੰਨਿਆ ਤਾਂ ਹੋਰ ਕਿਥੇ ਮੰਨਣਾ ਹੈ? ਕਹਿਣ ਲੱਗੇ ਉਹ ਤਾਂ ਐਸ ਤਰ੍ਹਾਂ ਕਰਦੇ ਸੀ, ਬਾਜ ਤੇ ਬਟੇਰੇ ਬਾਰੇ ਦਸਿਆ। ਭਾਈ ਧਿਆਨ ਸਿੰਘ ਜੀ ਕਹਿਣ ਲਗੇ ਉਹ ਤਾਂ ਸਤਿਗੁਰੂ ਦੀ ਕਿਰਿਆ ਹੋਇਆ ਕਰਦੀ ਹੈ। ਤੂੰ ਇਸ ਭੇਤ ਨੂੰ ਨਹੀਂ ਸਮਝ ਸਕਿਆ। ਜੋ ਕੁਝ ਗੁਰੂ ਕਰਦਾ ਹੈ ਸਭ ਠੀਕ ਕਰਦਾ ਹੈ। ਗੱਲਾਂ ਬਾਤਾਂ ਕਰਦਿਆਂ ਭਾਈ ਹਰਿ ਗੋਪਾਲ ਨੇ ਦੱਸਿਆ ਕਿ ਮੈਂ ਗੁਰੂ ਨੂੰ ਛੇ ਸੌ ਰੁਪਏ ਮੱਥਾ ਟੇਕ ਦਿਤੇ ਹਨ ਅਤੇ ਮੈਨੂੰ 'ਗੁਰੂ ਕੀਆਂ ਖੁਸ਼ੀਆਂ' ਬਚਨ ਮਿਲਿਆ ਹੈ। ਮੇਰਾ ਚਿੱਤ ਪ੍ਰਸੰਨ ਨਹੀਂ ਹੋਇਆ। ਭਾਈ ਧਿਆਨ ਸਿੰਘ ਨੇ ਸੋਚਿਆ ਕਿ ਇਹ ਪ੍ਰੇਮੀ ਤਾਂ ਅਸ਼ਰਧਕ ਹੈ, ਗੁਰੂ ਅਸੀਸਾਂ, ਬਚਨਾਂ ਦੀ ਇਹਨੂੰ ਕੋਈ ਕਦਰ ਨਹੀਂ। ਧਿਆਨ ਸਿੰਘ ਜੀ ਨੇ ਹਰਿਗੋਪਾਲ ਨੂੰ ਕਿਹਾ ਕਿ ਆਪਣੇ ਧਨ ਦੀ ਚਿੰਤਾ ਨਾ ਕਰ, ਇਹ ਗੁਰੂ ਬਚਨ ਮੈਨੂੰ ਵੇਚ ਦੇ, ਮੈਂ ਹੋਰ ਵਧ ਕੇ ਮੁੱਲ ਦੇ ਦੇਵਾਂਗਾ। ਪ੍ਰੇਮੀਆਂ! ਗੁਰੂ ਦਾ ਬਚਨ ਤਾਂ ਸਾਰੀ ਜ਼ਿੰਦਗੀ ਦੀ ਕਮਾਈ ਦੇ ਕੇ ਭੀ ਮਿਲ ਜਾਵੇ ਤਾਂ ਭੀ ਸਸਤਾ ਹੈ। ਹਰਿਗੋਪਾਲ ਨੇ ਕਿਹਾ ਕਿ ਤੂੰ ਮੁੱਲ ਦੇ ਕੇ ਗੁਰਬਚਨ ਪ੍ਰਾਪਤ ਕਰ ਲੈ। ਇਹ ਗੱਲ ਸੋਚ ਕੇ ਭਾਈ ਧਿਆਨ ਸਿੰਘ ਨੇ ਬਚਨ ਮੁੱਲ ਲੈਣ ਲਈ ਮਨ ਬਣਾ ਲਿਆ।

ਭਾਈ ਧਿਆਨ ਸਿੰਘ ਸਵੇਰੇ ਹੀ ਸ਼ਾਹ ਕੋਲ ਚਲਿਆ ਗਿਆ ਤੇ ਕਹਿਣ ਲੱਗਾ ਕਿ ਇਹ ਗਹਿਣੇ ਹਨ ਮੇਰੀ ਘਰਵਾਲੀ ਦੇ। ਉਦੋਂ ਦਾ ਛੇ ਸੌ ਰੁਪਿਆ ਅੱਜ ਦੇ ਪੰਜਾਹ ਹਜ਼ਾਰ ਰੁਪਏ ਵਰਗਾ ਸੀ, ਉਦੋਂ ਇਕ ਰੁਪਏ ਦੇ ਸਾਢੇ ਚਾਰ ਮਣ ਦਾਣੇ ਆਉਂਦੇ ਸੀ। ਕਹਿਣ ਲਗਿਆ, ਐਨੀ ਰਕਮ? ਗਹਿਣੇ ਦੇ ਦਿਤੇ, ਪੁੱਤਰ ਗਹਿਣੇ ਕਰ ਦਿਤਾ, ਇਸਤਰੀ ਗਹਿਣੇ ਕਰ ਦਿਤੀ, ਇਕੱਲਾ ਹੀ ਰਹਿ ਗਿਆ, ਪੂਰੇ ਕਰ ਲਏ ਛੇ ਸੌ ਪੰਜ ਰੁਪਏ। ਕਹਿਣ ਲੱਗੇ ਲੈ ਗੁਰਮੁਖਾ ਛੇ ਸੌ ਰੁਪਏ, ਆਹ ਫੜ ਤੇ ਮੈਨੂੰ ਗੁਰੂ ਦਾ ਬਚਨ ਵੇਚ ਦੇ, ਚੂਲੀ ਛਡ ਦੇ। ਜਲ ਲਿਆ ਦਿਤਾ। ਹਰਿਗੋਪਾਲ ਕਹਿਣ ਲੱਗਾ ਕਿ ਭਾਈ ਮੈਂ ਬਚਨ ਵੇਚਿਆ। ਵੇਚ ਕੇ ਘਰ ਨੂੰ ਤੁਰ ਪਿਆ। ਜਾਂਦੇ ਜਾਂਦੇ ਨੇ ਦੁਕਾਨ ਵਾਲੇ ਕੋਲੋਂ ਸਮਾਨ ਖਰੀਦ ਲਿਆ, ਉਹ ਅੱਗੇ ਜਾ ਕੇ ਵੇਚ ਦਿਤਾ, ਦੋ ਹਜ਼ਾਰ ਰੁਪਏ ਹੋ ਗਏ, ਉਥੋਂ ਫੇਰ ਖਰੀਦ

ਲਿਆ ਤੇ ਅਗਲੀ ਮੰਜ਼ਲ ਤੇ ਵੇਚ ਦਿਤਾ। ਘਰ ਪਹੁੰਚਦੇ ਨੂੰ ਦਸ ਹਜ਼ਾਰ ਰੁਪਏ ਹੋ ਗਏ। ਖੁਸ਼ ਹੋ ਗਿਆ, ਕਹਿਣ ਲਗਾ ਗੁਰੂ ਨੂੰ ਛੇ ਸੌ ਰੁਪਏ ਦੇ ਕੇ ਖੁਸ਼ੀਆਂ ਲੈ ਲਈਆਂ, ਕੀ ਸੀ ਖੁਸ਼ੀਆਂ? ਜਦੋਂ ਪਿਤਾ ਨੇ ਪੁਛਿਆ, ਜਿਸਮ ਢਿੱਲਾ ਜਿਹਾ ਹੋਇਆ ਪਿਆ ਹੈ। ਕਹਿਣ ਲੱਗਾ ਪਿਤਾ ਜੀ ਇਹ ਦਸ ਹਜ਼ਾਰ ਰੁਪਏ ਫੜੋ। ਗੁਰੂ ਦੇ ਦਰਸ਼ਨ, ਦਰਸ਼ਨ ਤਾਂ ਕਾਹਦੇ ਸੀ, ਤੁਹਾਡੇ ਛੇ ਸੌ ਰੁਪੈ ਦਾ ਦਸ ਹਜ਼ਾਰ ਬਣ ਗਿਆ। ਪਿਤਾ ਨੇ ਪੁਛਿਆ, ਕੀ ਹੋਇਆ? ਕਹਿਣ ਲੱਗਾ, ਮੇਰਾ ਗੁਰੂ ਤੇ ਮਨ ਨਹੀਂ ਮੰਨਿਆ। ਉਹ ਤਾਂ ਹਿੰਸਕ ਗੁਰੂ ਹੈ। ਜਿਊਂਦਾ ਬਟੇਰਾ ਹੀ ਬਾਜ ਨੂੰ ਖਲਾ ਦਿਤਾ। ਬਿਸ਼ੰਭਰ ਦਾਸ ਨੇ ਕੰਨਾਂ ਤੇ ਹੱਥ ਰਖ ਲਿਆ। ਕਹਿਣ ਲੱਗਾ, ਪੁਤਰ! ਤੂੰ ਇਹੋ ਜਿਹਾ ਨਾਸਤਕ ਹੈਂ? ਮੇਰੇ ਸਤਿਗੁਰੂ ਦੀ ਨਿੰਦਿਆ ਕਰਦਾ ਹੈਂ? ਪੁਛਿਆ, ਕੀ ਦਿਤਾ ਹੈ ਉਹਨਾਂ ਨੇ? ਪ੍ਰਸ਼ਾਦ ਨਹੀਂ ਦਿਤਾ? ਕਹਿੰਦਾ, ਲਿਆਂਦਾ ਹੈ, ਮਾਸ ਦਾ ਪ੍ਰਸ਼ਾਦ ਹੈ, ਮੈਂ ਤਾਂ ਲੜ ਫੜ ਕੇ ਹੀ ਲਿਆਇਆ ਹਾਂ। ਪਿਤਾ ਨੇ ਕਿਹਾ, ਖੋਲ੍ਹ ਤਾਂ। ਕਹਿਣ ਲੱਗਾ ਤੁਸੀਂ ਆਪੇ ਹੀ ਖੋਲ੍ਹ ਲਓ। ਜਦੋਂ ਪਿਤਾ ਨੇ ਖੋਲ੍ਹਿਆਂ ਤਾਂ ਦੇਖਿਆ, ਕੜਾਹ ਪ੍ਰਸ਼ਾਦ ਵਿਚੋਂ ਸੁਗੰਧੀਆਂ ਆ ਰਹੀਆਂ ਹਨ। ਹੈਰਾਨ ਹੋ ਗਿਆ। ਪਿਤਾ ਨੇ ਕਿਹਾ, ਪੁਤਰਾ! ਭੁਲ ਪੈ ਗਈ ਤੇਰੇ ਮਨ ਵਿਚ, ਸਮਰੱਥ ਗੁਰੂ ਵਿਚ ਤੂੰ ਦੋਸ਼ ਕੱਢ ਦਿਤਾ। ਪਿਤਾ ਨੇ ਪੁਛਿਆ ਕਿ ਕੋਈ ਹੋਰ ਵੀ ਗੱਲ ਕਹੀ ਸੀ ਗੁਰੂ ਜੀ ਨੇ? ਤਾਂ ਦੱਸਿਆ ਕਿ ਜਦੋਂ ਮੈਂ ਛੇ ਸੌ ਰੁਪੈ ਮੱਥਾ ਟੇਕਿਆ ਸੀ ਤਾਂ ਗੁਰੂ ਸਾਹਿਬ ਨੇ ਕਿਹਾ ਸੀ - ਸਾਡੀਆਂ ਖੁਸ਼ੀਆਂ। ਪਿਤਾ ਨੇ ਕਿਹਾ ਉਹ ਕਿਥੇ ਹਨ? ਤਾਂ ਕਹਿਣ ਲੱਗਾ, ਉਹ ਤਾਂ ਰਾਹ ਵਿਚ ਵੇਚ ਆਇਆਂ। ਪੁਛਿਆ, ਕਿਥੇ? ਤਾਂ ਦਸਿਆ ਕਿ ਮਾਜਰੀ ਦਾ ਧਿਆਨ ਸਿੰਘ ਸੀ, ਉਸ ਕੋਲ ਵੇਚ ਆਇਆਂ। ਭਾਈ ਵਿਸੰਬਰ ਦਾਸ ਨੂੰ ਇਤਨਾ ਦੁਖ ਹੋਇਆ ਕਿ ਕੁਝ ਨਹੀਂ ਖਾਧਾ ਪੀਤਾ। ਕਹਿਣ ਲੱਗਾ ਚਲ ਮੇਰੇ ਨਾਲ ਵਾਪਸ। ਬਹੁਤ ਵੈਰਾਗ ਕੀਤਾ, ਅਰਦਾਸਾਂ ਕੀਤੀਆਂ। ਗੁਰੂ ਨਾਨਕ ਪਾਤਸ਼ਾਹ! ਤੁਸੀਂ ਸਾਡੇ ਬਾਬੇ ਨੂੰ ਕਿਹਾ ਸੀ ਕਿ ਅਸੀਂ ਸਦਾ ਹੀ ਤੁਹਾਡੇ ਸਿਰ ਤੇ ਹੱਥ ਰਖਾਂਗੇ। ਮੇਰਾ ਪੁਤਰ ਭੁਲ ਗਿਆ। ਸਿੱਖੀ ਜਾ ਰਹੀ ਹੈ ਸਾਡੇ ਘਰ 'ਚੋਂ, ਕ੍ਰਿਪਾ ਕਰੋ ਸਾਡੇ ਘਰ ਵਿਚੋਂ ਸਿਖੀ ਨਾ ਜਾਣ ਦਿਓ, ਤੇਰਾ ਪਿਆਰ ਨਾ ਜਾਵੇ।

ਛੇਤੀਂ ਛੇਤੀਂ ਕੰਮ ਖਤਮ ਕਰਕੇ ਪੁਤਰ ਨੂੰ ਵਾਪਸ ਲੈ ਕੇ ਤੁਰ ਪਿਆ। ਨਾਲ ਹੋਰ ਵੀ ਸੰਗਤ ਚੱਲ ਪਈ। ਸਿੱਧਾ ਪਿੰਡ ਮਾਜਰੀ ਧਿਆਨ ਸਿੰਘ ਪਾਸ ਆਇਆ। ਬਾਰ ਬਾਰ ਧਿਆਨ ਸਿੰਘ ਪਾਸ ਬੇਨਤੀਆਂ ਕਰਦਾ ਹੈ ਕਿ ਆਪਣਾ ਛੇ ਸੌ ਰੁਪਿਆ ਵਾਪਸ ਲੈ ਲੈ, ਬਲਕਿ ਹਜ਼ਾਰ ਰੁਪਿਆ ਲੈ ਲੈ ਅਤੇ ਉਹ ਗੁਰੂ ਦਾ ਬਚਨ ਵਾਪਸ ਮੋੜ ਦੇ। ਭਾਈ ਧਿਆਨ ਸਿੰਘ ਨੇ ਕਿਹਾ ਕਿ ਮੈਂ ਬਚਨ ਵਾਪਸ ਨਹੀਂ ਮੋੜਨਾ। ਭਾਵੇਂ ਤੂੰ ਸਾਰੀ ਦੁਨੀਆਂ ਸੋਨੇ ਦੀ ਬਣਾ ਦੇ। ਮੈਂ ਸੌਦਾ ਕੀਤਾ ਹੈ, ਖੋਹਿਆ ਨਹੀਂ। ਤੂੰ ਜਾ ਕੇ ਗੁਰੂ ਤੋਂ ਹੋਰ ਬਚਨ ਲੈ ਲੈ। ਭਲਾ ਗੁਰੂ ਦਾ ਬਚਨ ਮਿਲਦਾ ਹੈ ਕਿਸੇ ਨੂੰ? ਅਖੀਰ ਅਨੰਦਪੁਰ ਸਾਹਿਬ ਆ ਗਏ, ਬਹੁਤ ਵੈਰਾਗ ਕੀਤਾ। ਭਾਈ ਧਿਆਨ ਸਿੰਘ ਨੂੰ ਵੀ ਨਾਲ ਹੀ ਲੈ ਆਏ।

ਗੁਰੂ ਮਹਾਰਾਜ ਬੜੇ ਪ੍ਰਸੰਨ ਹੋਏ ਤੇ ਪੁਛਿਆ, ਦੱਸ ਭਾਈ ਧਿਆਨ ਸਿੰਘ! ਕਿਸ ਤਰ੍ਹਾਂ ਹੋਈ ਸੀ? ਮਹਾਰਾਜ ਰੋਟੀ ਇਕ ਡੰਗ ਜੁੜਦੀ ਸੀ, ਇਕ ਡੰਗ ਨਹੀਂ ਸੀ ਜੁੜਦੀ। ਇਸਨੇ ਬਚਨ ਵੇਚਿਆ, ਗਹਿਣੇ ਕੁਝ ਬਣਾਏ ਹੋਏ ਸੀ, ਉਹ ਵੇਚੇ, ਘਰਵਾਲੀ ਗਹਿਣੇ ਕੀਤੀ, ਪੁਤਰ ਗਹਿਣੇ ਕੀਤਾ। ਸਾਰਾ ਪਰਿਵਾਰ ਗਹਿਣੇ ਕਰ ਦਿਤਾ, ਮਹਾਰਾਜ! ਸੱਤਵੇਂ ਦਿਨ ਜਦੋਂ ਮੈਂ ਹਲ ਚਲਾ ਰਿਹਾ ਸੀ, ਹਲ ਨਾਲ ਕੋਈ ਬਰਤਨ ਅਟਕਿਆ, ਜਦੋਂ ਦੇਖਿਆ ਤਾਂ ਉਸ ਵਿਚੋਂ ਬਹੁਤ ਧਨ ਪ੍ਰਾਪਤ ਹੋਇਆ। ਪਹਿਲਾਂ ਮੈਂ ਆਪ ਜੀ ਕੋਲ ਲਿਆਇਆ ਤੇ ਦਸਿਆ ਕਿ ਸੱਚੇ ਪਾਤਸ਼ਾਹ! ਆਪ ਦੇ ਬਚਨ ਕਰਕੇ ਇਹ ਧਨ ਦੀ ਗਾਗਰ ਮਿਲੀ ਹੈ, ਮੇਰੇ ਵਾਸਤੇ ਕੀ ਹੁਕਮ ਹੈ? ਆਹ ਦਸਵੰਧ ਬਣਦਾ ਹੈ, ਸਾਰਾ ਹੀ ਤੁਹਾਡਾ ਹੈ। ਗੁਰੂ ਮਹਾਰਾਜ ਨੇ ਫੁਰਮਾਇਆ ਕਿ ਦੱਸਵਾਂ ਹਿੱਸਾ ਸਾਨੂੰ ਦੇ ਜਾ ਤੇ ਨੱਬੇ ਤੂੰ ਰਖ, ਤੂੰ ਸਿਖੀ ਕਮਾ ਲਈ, ਬਚਨ ਪਾਲ ਲਿਆ, ਤੇਰੇ ਉਤੇ ਸਾਡੀਆਂ ਹੋਰ ਖੁਸ਼ੀਆਂ। ਬਿਸੰਬਰ ਦਾਸ ਮਹਾਰਾਜ ਕੋਲ ਰੋ ਰੋ ਬੇਨਤੀਆਂ ਕਰ ਰਿਹਾ ਹੈ। ਮਹਾਰਾਜ ਕਹਿਣ ਲਗੇ ਕੋਈ ਨਾ ਬਿਸ਼ੰਭਰ ਦਾਸ। ਪਹਿਲੇ ਜਾਮੇ ਵਿਚ ਤੇਰੇ ਨਾਲ ਸਾਡਾ ਬਚਨ ਸੀ ਕਿ ਅਸੀਂ ਤੈਨੂੰ ਦਸਵੇਂ ਜਾਮੇ ਵਿਚ ਮਿਲਾਂਗੇ। ਤੈਨੂੰ ਯਾਦ ਨਹੀਂ ਪਰ ਸਾਨੂੰ ਯਾਦ ਹੈ। ਇਹ ਤੇਰਾ ਪੁਤਰ ਭਰੋਸੇ ਦਾ ਕੁਝ ਹੌਲਾ ਸੀ। ਇਸ ਕਰਕੇ ਡੋਲ ਗਿਆ। ਕੋਈ ਗੱਲ ਨਹੀਂ, ਅਸੀਂ ਇਹਦਾ ਸ਼ੰਕਾ ਦੂਰ ਕਰ ਦਿੰਦੇ ਹਾਂ। ਮਹਾਰਾਜ ਨੇ ਕਿਹਾ, ਸੁਣ ਪ੍ਰੇਮੀਆ, ਇਹ ਜਿਹੜਾ ਬਟੇਰਾ ਸੀ, ਇਸਨੇ ਸਾਡੀ ਸੁਗੰਧ ਖਾਧੀ ਸੀ। ਇਸਨੇ ਅਸਾਡੀ ਜਾਮਨੀ ਦੇ ਕੇ ਸ਼ਾਹ ਤੋਂ ਪੈਸਾ ਉਧਾਰ ਲੈ ਲਿਆ, ਰਕਮ ਬਹੁਤ ਵੱਡੀ ਸੀ ਇਹ ਵਾਪਸ ਦੇਣ ਵੇਲੇ ਮੁਕਰ ਗਿਆ। ਇਸਨੇ ਕਸਮ ਖਾ ਕੇ ਪੈਸਾ ਲਿਆ ਸੀ। ਇਸਨੇ ਬੇਅੰਤ ਜਨਮ ਧਾਰੇ, ਹੁਣ ਸਾਡੀ ਜਾਮਨੀ ਸੀ। ਸੋ ਅੱਜ ਇਹ ਬਾਜ ਤੇ ਬਟੇਰਾ ਦੋਨੋਂ ਇਕੱਠੇ ਹੋ ਗਏ। ਅਸੀਂ ਉਸ ਸਹੁੰ ਦਾ ਲੇਖਾ ਨਿਬੇੜਿਆ ਹੈ। ਉਹ ਬਾਜ ਵੀ ਉਸੇ ਵੇਲੇ ਮਰ ਗਿਆ, ਕਿਉਂਕਿ ਲੇਖਾ ਨਿਬੜ ਗਿਆ ਤਾਂ ਉਹ ਵੀ ਚਲਿਆ ਗਿਆ। ਇਹ ਸਾਡੇ ਹੱਥੋਂ ਹੀ ਨਿਬੜਨਾ ਸੀ। ਕਿਉਂਕਿ ਤੇਰੇ ਵਿਚ ਅਕਲ ਘੱਟ ਸੀ ਤਾਂ ਤੈਨੂੰ ਸ਼ੰਕਾ ਹੋ ਗਿਆ। ਭਾਵੇਂ ਦੁਨਿਆਵੀ ਬਚਨ ਹੋਵੇ, ਭਾਵੇਂ ਪਰਮਾਰਥਕ ਹੋਵੇ, ਗੁਰੂ ਦਾ ਬਚਨ ਤਾਂ ਤਾਰਦਾ ਹੀ ਤਾਰਦਾ ਹੈ।

ਉਸ ਵੇਲੇ ਬਚਨ ਹੋ ਗਿਆ ਕਿ ਸੁਜਾਨ ਰਾਇ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਨਹੀਂ ਹੈ। ਸਾਰੀਆਂ ਘਟਾਂ ਵਿਚ ਉਹ ਆਪੇ ਆਪ ਹੀ ਵਰਤਦਾ ਹੈ।

***ਧਾਰਨਾ - ਇਕ ਨੂਰ ਅੱਲਾ ਦਾ ਜੀ,***
***ਸਾਰੀ ਦੁਨੀਆਂ-ਸਾਰੀ ਦੁਨੀਆਂ -2, 2.***

***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥***
***ਲੋਗਾ ਭਰਮਿ ਨ ਭੂਲਹੁ ਭਾਈ॥***
***ਖਾਲਿਕੁ ਖਲਕ ਖਲਕ ਮਹਿ ਖਾਲਿਕੁ***
***ਪੂਰਿ ਰਹਿਓ ਸ੍ਰਬ ਠਾਂਈ॥***

*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥*
*ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥*
*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥*
*ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥*
*ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥*
***ਪੰਨਾ - 1350***

ਗੁਰੂ ਮਹਾਰਾਜ ਜੀ ਨੇ ਮਾਇਕ ਛੌੜ ਕੱਟ ਕੇ ਦਿਬਯ ਦ੍ਰਿਸ਼ਟ ਬਖਸ਼ ਦਿਤੀ, ਝਲਕਾਰਾ ਵੱਜਿਆ। ਸੰਸਾਰਕ ਦ੍ਰਿਸ਼ਟੀ ਬਦਲ ਗਈ। ਹੁਣ ਸੁਜਾਨ ਰਾਏ ਨੂੰ ਇਕੋ ਜੋਤਿ, ਪ੍ਰਭੂ ਹੀ ਨਜ਼ਰ ਆ ਰਿਹਾ ਹੈ। ਮਹਾਰਾਜ ਕਹਿਣ ਲਗੇ, ਸੁਜਾਨ ਰਾਇ ਹੁਣ ਤੂੰ ਜਾ। ਉਠ ਖਲੋਤਾ, ਸਰੂਰ ਚੜ੍ਹਿਆ ਪਿਆ ਹੈ। ਪਤਾ ਹੀ ਨਹੀਂ ਲਗ ਰਿਹਾ, ਪਰਮ ਪਦ ਦੀ ਮੰਜ਼ਲ ਵਿਚ ਪਹੁੰਚਾ ਦਿਤਾ ਕਿਉਂਕਿ ਰੱਬੀ ਸ਼ਕਤੀ ਦੇ ਬਗੈਰ ਨਹੀਂ ਕੋਈ ਪਹੁੰਚਾ ਸਕਦਾ। ਕੇਵਲ ਪੂਰਾ ਸਤਿਗੁਰੂ ਹੀ ਪਹੁੰਚਾ ਸਕਦਾ ਹੈ। ਇਸ ਨੂੰ ਨਾਮ ਕਹਿੰਦੇ ਹਨ। ਵਾਹਿਗੁਰੂ ਤੋਂ ਲੈ ਕੇ ਇਸ ਪ੍ਰਾਪਤੀ ਤੱਕ ਸਾਰੀ ਚੀਜ਼ ਨੂੰ ਨਾਮ ਕਹਿੰਦੇ ਹਨ। ਜਦੋਂ ਨਾਮ ਪ੍ਰਗਟ ਹੋ ਜਾਂਦਾ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥* ***ਪੰਨਾ - 293***

ਬਿਸਮਾਦ ਵਿਚ ਚਲਾ ਗਿਆ। ਲੂੰ ਲੂੰ ਵਿਚੋਂ ਵਾਹਿਗੁਰੂ ਵਾਹਿਗੁਰੂ ਆਪੇ ਹੀ ਹੋ ਰਿਹਾ ਹੈ। ਸੁਜਾਨ ਰਾਇ ਨੇ ਪੁਛਿਆ ਮਹਾਰਾਜ ਹੁਕਮ? ਤਾਂ ਮਹਾਰਾਜ ਨੇ ਫੁਰਮਾਇਆ ਕਿ ਜਿਧਰ ਨੂੰ ਮੂੰਹ ਹੈ, ਉਧਰ ਹੀ ਚਲਾ ਜਾ। ਮਹਾਰਾਜ! ਕਿੰਨੀ ਕੁ ਦੂਰ ਚਲਾ ਜਾਵਾਂ? ਕਹਿੰਦੇ ਹੁਕਮ ਲੈ ਕੇ ਜਾਵੇਂਗਾ। ਰੋਪੜ ਵੱਲ ਨੂੰ ਮੂੰਹ ਸੀ, ਉਸੇ ਵੇਲੇ ਨਮਸਕਾਰ ਕੀਤੀ। ਕੋਈ ਲਾਲਚ ਨਹੀਂ ਕੀਤਾ ਵਾਪਸ ਘਰ ਜਾਣ ਦਾ। ਹੁਕਮ ਦੀ ਕਮਾਈ ਕਰਨੀ ਸ਼ੁਰੂ ਕਰ ਦਿਤੀ ਕਿਉਂਕਿ ਸਭ ਤੋਂ ਵੱਡੀ ਜੋ ਸੇਵਾ ਹੈ, ਉਹ ਗੁਰੂ ਦਾ ਹੁਕਮ ਹੋਇਆ ਕਰਦਾ ਹੈ। ਇਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਆਗਿਆ ਸਮ ਨਹੀਂ ਜੀ, ਸਾਹਿਬ ਸੇਵਾ।***

ਤੁਰਿਆ ਜਾ ਰਿਹਾ ਹੈ। ਨਾ ਦਿਨ ਦੇਖਿਆ, ਨਾ ਰਾਤ ਦੇਖੀ, ਅਖੀਰ ਰੋਪੜ ਕੋਲ ਪਹੁੰਚ ਗਿਆ। ਉਥੇ ਗਿਰ ਗਿਆ, ਬਹੁਤ ਦੇਰ ਪਿਆ ਰਿਹਾ। ਆਲੇ ਦੁਆਲੇ ਦੇ ਲੋਕਾਂ ਨੇ ਦੇਖਿਆ ਕਿ ਆਹ ਕੌਣ ਗਿਰਿਆ ਪਿਆ ਹੈ। ਚੁੱਕ ਕੇ ਲੈ ਗਏ। ਜਾ ਕੇ, ਪਹਿਲਾਂ ਮੂੰਹ ਵਿਚ ਪਾਣੀ ਪਾਇਆ, ਆਰਾਮ ਨਾਲ ਬੈਠ ਗਿਆ, ਫੇਰ ਜਲ ਪਾਣੀ ਛਕਾਇਆ। ਆਵਾਜ਼ ਆ ਗਈ ਕਿ ਤੈਨੂੰ ਇਥੇ ਰਹਿਣ ਦਾ ਹੁਕਮ ਹੈ। ਕਿਉਂਕਿ ਜਦੋਂ ਗੁਰੂ ਦੇ ਨਾਲ ਇਕਮਿਕ ਹੋ ਜਾਂਦਾ ਹੈ ਤਾਂ ਗੁਰੂ ਹਰ ਵਕਤ ਨਾਲ ਰਹਿੰਦਾ ਹੈ -

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥*
*ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥* ***ਪੰਨਾ - 394***

ਉਹ ਤੈਨੂੰ ਸੰਭਾਲਦਾ ਹੈ ਤੂੰ ਉਹਨੂੰ ਹਰ ਵੇਲੇ ਯਾਦ ਰਖ ਤੇਰੇ ਅੰਦਰ ਬੋਲਦਾ ਹੈ।

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*
***ਪੰਨਾ - 1***

ਆਪਨਾ ਕੁਝ ਨਹੀਂ ਰਹਿੰਦਾ। ਜਿੰਨੇ ਬੰਧਨ ਹੁੰਦੇ ਹਨ, ਸਭ ਕੱਟ ਦਿੰਦਾ ਹੈ। ਮਹਾਰਾਜ ਨੇ ਇਕ ਸ਼ਬਦ ਵਿਚ 'ਬੰਧਨ' ਬਾਰੇ ਲਿਖਿਆ ਹੈ। ਬੰਧਨ ਮਾਤਾ ਦਾ, ਪਿਤਾ ਦਾ, ਪੁਤਰ ਦਾ, ਧਨ, ਨਾਰੀ, ਕਰਮ ਧਰਮ, ਰਿਸ਼ਤੇਦਾਰੀ, ਖੇਤ, ਵਣਜ, ਚਾਕਰੀ, ਵੇਦ, ਵਾਦ, ਅਹੰਕਾਰ, ਮੋਹ, ਵਿਕਾਰ ਇਹ ਸਭ ਬੰਧਨ ਹਨ। ਸਾਰੇ ਬੰਧਨ ਟੁੱਟ ਗਏ। ਰਹਿ ਗਿਆ ਕੇਵਲ ਗੁਰੂ। ਗੁਰੂ ਦੇ ਨਾਲ ਕੇਵਲ ਇਕਮਿਕ ਹੋਇਆ ਹੋਇਆ ਹੈ। ਸਾਰੀਆਂ ਗੰਢਾਂ ਖੁਲ੍ਹਣੀਆਂ ਸ਼ੁਰੂ ਹੋ ਗਈਆਂ। ਇਹ ਜਿੰਨੀਆਂ ਵੀ ਹਨ, ਗੰਢਾਂ ਹੋਇਆਂ ਕਰਦੀਆਂ ਹਨ। ਗੰਢ ਖੁਲ੍ਹਦੀ ਹੈ, ਤਰੱਕੀ ਹੁੰਦੀ ਹੈ। ਗੰਢ ਖੁਲ੍ਹਦੀ ਹੈ, ਬਿਰਤੀ ਆਤਮਾ ਵੱਲ ਨੂੰ ਜਾਂਦੀ ਹੈ।

ਪਹਿਲੀ ਹੋਇਆ ਕਰਦੀ ਹੈ ਅਵਿਦਿਆ ਦੀ ਗੰਢ। ਜੀਵ ਭਾਵ ਦੀ ਗੰਢ, ਹਿਰਦੇ ਦੀ ਗੰਢ, ਸੰਸੇ ਦੀ ਗੰਢ, ਕਰਮਾਂ ਦੀ ਗੰਢ, ਕਾਮਨਾ ਦੀ ਗੰਢ, ਜਨਮ ਦੀ ਗੰਢ, ਮਰਨ ਦੀ ਗੰਢ, ਸਾਰੀਆਂ ਗੰਢਾਂ ਖੁਲ੍ਹ ਕੇ, ਉਹ ਅਵਸਥਾ ਪ੍ਰਾਪਤ ਹੋ ਗਈ ਜਿਥੇ ਇਕੋ ਇਕ ਹੀ ਨਜ਼ਰ ਆਉਂਦਾ ਹੈ। ਮਸਤ ਹੋਇਆ ਹੋਇਆ ਹੈ ਵੈਦਗੀ ਵਿਚ। ਇਲਾਜ ਕਰਨਾ ਸ਼ੁਰੂ ਕਰ ਦਿਤਾ। ਲੋਕ ਦੂਰ ਦਰਾਜ ਤੋਂ ਆਉਂਦੇ ਹਨ। ਗੁਰੂ ਦੀ ਬਰਕਤ ਦੇ ਸਦਕੇ ਸ਼ਬਦ ਦੀ ਕਮਾਈ ਦੀ ਬਰਕਤ, ਕਹਿ ਦੇਣਾ, ਰਾਜ਼ੀ ਹੋ ਜਾਏਂਗਾ, ਆਹ ਦੁਆਈ ਖਾ ਲੈ, ਰਾਜ਼ੀ ਹੋ ਜਾਏਂਗਾ। ਦੂਰ ਦਰਾਜ ਤਕ ਖਬਰਾਂ ਫੈਲ ਗਈਆਂ ਕਿ ਐਸਾ ਵੈਦ ਆਇਆ ਹੈ ਜਿਹਦੀ ਦਵਾਈ ਨਾਲ ਬਿਮਾਰ ਜਲਦੀ ਹੀ ਠੀਕ ਹੋ ਰਹੇ ਹਨ। ਗੁਰੂ ਦਸ਼ਮੇਸ਼ ਪਿਤਾ ਦੀਆਂ ਸੰਗਤਾਂ ਆਉਂਦੀਆਂ ਹਨ, ਰੋਕ ਲੈਂਦੇ ਹਨ। ਅਨੰਦਪੁਰ ਸਾਹਿਬ ਜਾਣ ਤੋਂ ਪਹਿਲਾਂ ਪ੍ਰਸ਼ਾਦ ਪਾਣੀ ਛਕਾਉਂਦੇ ਹਨ। ਜਿਤਨੇ ਵੀ ਥੱਕੇ ਬੰਦੇ ਹੁੰਦੇ ਹਨ, ਸਭਨਾਂ ਨੂੰ ਦਾਰੂ ਦੇ ਕੇ ਰਾਜ਼ੀ ਕਰ ਦਿੰਦਾ ਹੈ। ਸਾਰੇ ਦੇਸ਼ ਵਿਚ ਜਸ ਫੈਲ ਗਿਆ। ਗੁਰੂ ਮਹਾਰਾਜ ਕੋਲ ਪ੍ਰੇਮੀ ਆ ਆ ਕੇ ਦਸਦੇ ਹਨ ਕਿ ਉਥੇ ਇਕ ਗੁਰਸਿੱਖ ਬੈਠਾ ਹੈ ਜਿਸਦੀ ਕਹਿਣੀ ਤੇ ਕਰਨੀ ਇਕ ਹੋਈ ਹੋਈ ਹੈ। ਮਹਾਰਾਜ! ਬਹੁਤ ਪਿਆਰਾ ਹੈ। ਗੁਰੂ ਜੀ ਸੁਣਦੇ ਹਨ, ਚੁਪ ਕਰ ਜਾਂਦੇ ਹਨ ਕਿਉਂਕਿ ਉਹਦੀ ਦ੍ਰਿਸ਼ਟੀ ਇਕ ਬਣ ਚੁਕੀ ਸੀ, ਉਸਦੀ ਦ੍ਰਿਸ਼ਟੀ ਵਿਚੋਂ ਦੂਜਾ ਖਤਮ ਹੋ ਗਿਆ ਸੀ, ਉਹ ਅਵਸਥਾ ਪ੍ਰਾਪਤ ਹੋ ਗਈ ਜਿਸ ਨੂੰ ਬ੍ਰਹਮ ਗਿਆਨੀ ਦੀ ਅਵਸਥਾ ਕਹਿੰਦੇ ਹਨ।

***ਧਾਰਨਾ - ਦੂਜਾ ਨਾ ਵੇਖਦੇ ,***
***ਪ੍ਰਭ ਜੀ ਬਿਨ ਬ੍ਰਹਮ ਗਿਆਨੀ -2, 2.***

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥*
***ਪੰਨਾ - 272***

ਇਕੋ ਨਜ਼ਰ ਆਉਂਦਾ ਹੈ। ਸੁਜਾਨ ਰਾਇ ਸੇਵਾ ਕਰ

(ਬਾਕੀ ਪੰਨਾ 52 ਤੇ)

# ਰੰਗਲੇ ਸੱਜਣ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

***ਨੋਟ*** :- ਪਾਠਕਾਂ ਦੀ ਵਿਸ਼ੇਸ਼ ਜਾਣਕਾਰੀ ਲਈ ਅੰਕਤ ਕੀਤਾ ਜਾਂਦਾ ਹੈ ਕਿ ਬੀਬੀ ਹਰਬੰਸ ਕੌਰ ਜੀ ਬੀਬੀ ਰਣਜੀਤ ਕੌਰ ਸਲਾਹਕਾਰ ਆਤਮ-ਮਾਰਗ ਅਤੇ ਚੇਅਰਮੈਨ ਆਤਮ-ਮਾਰਗ ਟਰੱਸਟ, ਸੰਤ ਵਰਿਆਮ ਸਿੰਘ ਜੀ ਦੀ ਪਤਨੀ ਦੇ ਤਾਏ ਜੀ ਦੀ ਲੜਕੀ ਸੀ ਅਤੇ ਬੀਬੀ ਰਣਜੀਤ ਕੌਰ ਦੇ ਪਿਤਾ ਜੀ (ਸੰਤ) ਭਾਈ ਹੀਰਾ ਸਿੰਘ ਜੀ ਦਾਊਦਪੁਰ ਵਾਲੇ ਹਨ। ਇਹਨਾਂ ਦਾ ਸੰਖੇਪ ਮਾਤਰ ਵਰਣਨ ਇਸ ਲੇਖ ਵਿਚ ਹੈ ਪਰ ਬਹੁਤ ਹੀ ਪ੍ਰੇਰਨਾ ਵਾਲਾ ਜੀਵਨ ਅਜੇ ਤੀਕਰ ਵੀ ਸੀਨਾ, ਬਸੀਨਾ ਲੋਕ ਕਥਾਵਾਂ ਦੇ ਰੂਪ ਵਿਚ ਸਿਆਣੇ ਬਜ਼ੁਰਗ ਕਰਦੇ ਰਹਿੰਦੇ ਹਨ।

## ਸਿਰੀ ਬੀਬੀ ਹਰਬੰਸ ਕੌਰ

ਅਸਾਡੇ ਗੁਰਪੁਰੀ ਨਿਵਾਸੀ ਵੀਰ ਸ੍ਰੀ ਮਾਨ ਸਰਦਾਰ ਜੋਗਿੰਦਰ ਸਿੰਘ ਜੀ ਰਾਏਪੁਰੀਏ ਦੀ ਸੁਪਤਨੀ ਦਾ ਸੰਖੇਪ ਜੀਵਨ ਚਰਿਤ੍ਰ।

ਇਹ ਬੀਬੀ ਦਾਊਦਪੁਰ ਵਿਖੇ ਪੁਸ਼ਤੋ ਪੁਸ਼ਤੀ ਸਿੱਖ ਘਰਾਣੇ ਵਿਚ ਪੈਦਾ ਹੋਈ। ਇਨ੍ਹਾਂ ਦੇ ਚਾਚਾ ਜੀ - ਸ੍ਰੀ ਮਾਨ ਸੰਤ ਹੀਰਾ ਸਿੰਘ ਜੀ, ਜੋ ਇਸ ਜਥੇ ਦੇ ਧਰਮੱਗ ਰੁਕਨ ਰਹੇ ਹਨ, ਬੜੇ ਹੀ ਉਚ ਕਮਾਈ ਵਾਲੇ, ਗੁਰਮਤਿ ਭਗਤੀ ਭਾਉ ਦੇ ਖਾਸ ਨਮੂਨੇ ਸਨ। ਉਨ੍ਹਾਂ ਦੇ ਹੱਥਾਂ ਵਿਚ ਹੀ ਇਹ ਹੋਣਹਾਰ ਭੁਝੰਗਣ ਜਨਮੀ, ਪਲੀ ਤੇ ਉਨ੍ਹਾਂ ਦੀ ਧਾਰਮਿਕ ਜੀਵਨੀ ਦਾ ਆਤਮ ਔਜੀ ਸਤਿਸੰਗ ਵਾਲਾ ਗੂੜ੍ਹਾ ਅਸਰ ਬਾਲਪਨ ਤੋਂ ਹੀ ਇਸ ਭੁਝੰਗਣ ਦੇ ਜੀਵਨ ਤੇ ਪੈਂਦਾ ਰਿਹਾ। ਭੁਝੰਗਣ ਦੇ ਜਨਮ ਲੈਣ ਸਾਰ ਹੀ ਸੰਤ ਸਰੂਪ ਇਸੇ ਭਾਈ ਹੀਰਾ ਸਿੰਘ ਜੀ ਦੇ ਮੁਖਾਰਬਿੰਦ ਤੋਂ ਸੁਤੇ ਸੁਭਾਅ ਹੀ ਇਹ ਬਚਨ ਸਫੁਰਨ ਹੋਇਆ ਕਿ ਇਹ ਬੱਚੀ ਬੜੇ ਹੀ ਧਰਮੱਗ ਜੀਵਨ ਵਾਲੀ ਹੋਵੇਗੀ ਤੇ ਸਿੱਖੀ ਸਿਦਕ ਦਾ ਖਾਸ ਨਮੂਨਾ ਹੋਵੇਗੀ।

ਜਦੋਂ ਇਹ ਭੁਝੰਗਣ ਯੁਵਕ ਅਵਸਥਾ ਨੂੰ ਪ੍ਰਾਪਤ ਹੋਈ ਤਾਂ ਸੰਤ ਭਾਈ ਹੀਰਾ ਸਿੰਘ ਜੀ ਦੀ ਸ਼ਫਾਇਤ (ਕ੍ਰਿਪਾ) ਨਾਲ ਇਸ ਭੁਝੰਗਣ ਦਾ ਅਨੰਦ ਕਾਰਜ ਪੂਰਨ ਗੁਰਮਤਿ ਅਨੁਸਾਰ ਸ੍ਰੀ ਮਾਨ ਭਾਈ ਜੋਗਿੰਦਰ ਸਿੰਘ ਜੀ ਨਾਲ ਹੋਇਆ। ਭਾਈ ਜੋਗਿੰਦਰ ਸਿੰਘ ਜੀ ਜਿਸ ਨਮੂਨੇ ਦੇ ਪ੍ਰੇਮ ਪੁਤਲੇ ਤੇ ਗੁਰਮਤਿ ਜੀਵਨ ਵਾਲੇ ਹੋਏ ਹਨ, ਇਹ ਸਮਾਚਾਰ ਤਾਂ ਉਨ੍ਹਾਂ ਦੇ ਜੀਵਨ ਬ੍ਰਿਤਾਂਤ ਵਿਚ ਲਿਖਿਆ ਜਾਵੇਗਾ। ਸ੍ਰੀ ਮਤੀ ਭੈਣ ਹਰਬੰਸ ਕੌਰ ਜੀ ਦੇ ਬੜੇ ਉਤਮ ਭਾਗ ਸਨ ਕਿ ਉਨ੍ਹਾਂ ਦਾ ਸੰਜੋਗ ਸ੍ਰੀ ਮਾਨ ਭਾਈ ਜੋਗਿੰਦਰ ਸਿੰਘ ਜੀ ਨਾਲ ਹੋਇਆ। ਗੁਰਮਤਿ ਸੰਜੋਗਤਿ ਇਸ ਦੰਪਤੀ ਦਾ ਮਾਇਆ ਕਰਕੇ ਚਾਹੇ ਬੜੀ ਹੀ ਗਰੀਬੀ ਵਾਲਾ ਹਾਲ ਸੀ,(ਭਾਈ ਜੋਗਿੰਦਰ ਸਿੰਘ ਜੀ ਦੀ ਕੋਠੀ ਪਿੰਡ ਬੰਡੂਗਰ ਆਪਣੇ 50 ਬਿਘੇ ਦੇ ਫਾਰਮ ਵਿਚ ਸੀ ਅਤੇ ਇਸ ਤੋਂ ਇਲਾਵਾ ਉਹਨਾਂ ਨੇ ਕਾਫੀ ਜ਼ਮੀਨ ਪਟਿਆਲੇ ਦੇ ਨਾਲ ਲਗਦੀ ਖਰੀਦ ਲਈ ਸੀ ਉਹ ਪਟਿਆਲਾ ਰਾਜ ਦੇ ਖਜ਼ਾਨਾ ਅਫਸਰ ਸਨ) ਪ੍ਰੰਤੂ ਨਾਮ ਰੂਪੀ ਸੱਚੇ ਧਨ ਨਾਲ ਮਾਲਾ ਮਾਲ ਤੇ ਨਿਹਾਲੋ ਨਿਹਾਲ ਸਨ। ਪ੍ਰਮਾਰਥਕ ਹਰਿਆ ਭਰਿਆ ਜੀਵਨ ਜੈਸਾ ਕਿ ਇਸ ਸੁਭਾਗ ਜੋੜੀ ਨੇ ਬਤੀਤ ਕੀਤਾ ਹੈ, ਉਹ ਆਪਣੀ ਨਜ਼ੀਰ ਇਕ ਆਪ ਹੀ ਸੀ। ਗੁਰੂ ਘਰ ਵਿਚ ਆਵਣ ਸਾਰ ਹੀ, ਖੰਡੇ ਦਾ ਅੰਮ੍ਰਿਤ ਛਕਣ ਸਾਰ ਹੀ ਇਨ੍ਹਾਂ ਦੋਹਾਂ (ਨਾਰ ਭਤਾਰ) ਦੀ ਬ੍ਰਿਤੀ ਅਖੰਡਾਕਾਰ (ਇਕ ਰਸ) ਹੋ ਗਈ ਸੀ ਅਤੇ ਅਖੰਡਾਕਾਰ ਹੀ ਰਹੀ। ਨਿਰੰਕਾਰੀ ਨਾਮ ਦੀ ਪ੍ਰਾਇਣਤਾ ਤੇ ਪ੍ਰਬਲਤਾ ਤਲੇ ਸੰਸਾਰੀ ਕਾਰ ਬ੍ਰਿਤੀ ਸੁਰਤੀ ਇਨ੍ਹਾਂ ਨੂੰ ਕਦੇ ਉਪਜਦੀ ਹੀ ਨਹੀਂ ਸੀ। ਭੈਣ ਸਿਰੀ ਹਰਬੰਸ ਕੌਰ ਜੀ ਨੇ ਗੁਰਮਤਿ ਸੰਜੋਗੀ ਜੀਵਨ ਧਾਰਨ ਕਰਨ ਸਾਰ ਹੀ ਹਰ ਪ੍ਰਕਾਰ ਘਰੋਗੀ ਪ੍ਰਬੰਧ ਨੂੰ ਐਸਾ ਸੰਭਾਲਿਆ ਕਿ ਦਿਨਾਂ ਵਿਚ ਹੀ ਨੌ ਨਿਧਾਂ, ਬਾਰ੍ਹਾਂ ਸਿੱਧਾਂ ਹੋ ਗਈਆਂ। ਸਕੀਮੀ ਤੇ ਗਰੀਬੀ ਪਲਟ ਕੇ ਰਾਜ ਭਾਗ ਦੀ ਲਹਿਰ ਬਹਿਰ ਵਰਤ ਗਈ। ਇਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਪਤੀ ਜੋਗਿੰਦਰ ਸਿੰਘ ਜੀ ਪਟਿਆਲਾ ਰਿਆਸਤ ਵਿਚ ਬੜਿਆਂ ਬੜਿਆਂ ਅਹੁਦਿਆਂ ਤੇ ਨਿਯੁਕਤ ਰਹੇ। ਮਾਇਕ ਗਰੀਬੀ ਭਾਵੇਂ ਦੂਰ ਹੋ ਗਈ ਸੀ, ਪ੍ਰੰਤੂ ਦਿਲ ਦੀ ਗਰੀਬੀ 'ਗੁਰਮਤਿ ਰਿਦੈ ਗਰੀਬੀ ਆਵੈ' ਦੇ ਮਹਾਂਵਾਕ ਅਨੁਸਾਰ ਐਸ਼੍ਵਰਜ ਦੇ ਹੁੰਦਿਆਂ ਵੀ ਸਦਾ ਕਾਇਮ

ਰਹੀ। ਸਿਰੀ ਭੈਣ ਹਰਬੰਸ ਕੌਰ ਜੀ ਰਹਿਤ ਬਹਿਤ ਵਿਚ ਗੁਰਸਿੱਖੀ ਵਾਲੀ ਰਹਿਣੀ ਬਹਿਣੀ ਕਹਿਣੀ ਦੇ ਖਾਸ ਨਮੂਨੇ ਸਨ। ਸੀਸ ਉਤੇ ਸੁਰਮਈ ਰੰਗ ਦੀ ਦਸਤਾਰ ਸਜਾਉਣ ਦਾ ਭਰੋਸਾ ਭਰਿਆ ਸਿਦਕ ਨਮੂਨਾ, ਸਾਰੀਆਂ ਸੰਗਤਾਂ ਵਿਚ ਉਨ੍ਹਾਂ ਦਾ ਪ੍ਰਸਿੱਧ ਸੀ। ਸਰੀਰਕ ਡੌਲ ਰਿਸ਼ਟ ਪੁਸ਼ਟ ਸਿੰਘਣੀਆਂ ਵਾਲੀ ਸੀ, ਸੀਸ-ਸ਼ੋਭ-ਸਜੀ-ਦਸਤਾਰ ਨਾਲ ਉਨ੍ਹਾਂ ਦਾ ਖਾਲਸਈ ਰੁਹਬ ਵਾਲਾ ਚਿਹਰਾ ਉਚ ਧਰਮੱਗਤਾ ਦਾ ਨਜ਼ਾਰਾ ਪੇਸ਼ ਕਰਦਾ ਸੀ।

ਘਰ ਬਾਹਰ ਦਾ ਸਾਰਾ ਕਾਰਜ ਆਪ ਨਿਬਾਹੁਣਾ ਅਤੇ ਆਪਣੀ ਨਿਗਰਾਨੀ ਵਿਚ ਨਜਿੱਠਣਾ। ਹਰ ਛਿਨ ਨਾਮ ਬਾਣੀ ਦੀ ਧੁਨੀ ਕੰਮ ਕਾਜ ਕਰਦਿਆਂ, ਤੁਰਦਿਆਂ ਫਿਰਦਿਆਂ ਸੁਤੇ ਹੀ ਮੁਖੋਂ ਧੁਨੀਅਤ ਹੁੰਦੀ ਰਹਿਣੀ। ਗੁਰਮਤਿ ਰਹਿਣੀ ਬਹਿਣੀ ਦਾ ਇਤਨਾ ਪ੍ਰਬਲ ਸਿਦਕ-ਭਰੋਸਾ ਗੁਰੂ ਘਰ ਦੀ ਕਿਸੇ ਹੋਰ ਬੀਬੀ ਭੈਣ ਪੁਰ ਅਸੀਂ ਨਹੀਂ ਦੇਖਿਆ। ਹਮੇਸ਼ਾ ਸੁਕੇਸ਼ੀ ਇਸ਼ਨਾਨ ਕਰਦੇ ਹੁੰਦੇ ਸਨ, ਇਸ਼ਨਾਨ ਦਾ ਨਿਯਮ ਤਾਂ ਉਨ੍ਹਾਂ ਨੇ ਪ੍ਰਸੂਤ ਸਮੇਂ (ਸੰਤਾਨ ਉਤਪਤੀ ਸਮੇਂ) ਵੀ ਨਹੀਂ ਛੱਡਿਆ। ਬੱਚਾ ਬੱਚੀ ਪੈਦਾ ਹੋਣ ਸਾਰ ਹੀ ਉਸੇ ਦਿਨ ਇਸ਼ਨਾਨ ਕਰ ਲੈਣਾ। ਡਾਕਟਰ ਆਦਿਕ ਚਾਹੇ ਕਿਤਨਾ ਹੀ ਕਹਿਣ, ਉਨ੍ਹਾਂ ਨੇ ਕਦੇ ਆਪਣਾ ਨਿਯਮ ਨਿਬਾਹੁਣ ਤੋਂ ਨਾ ਟਲਣਾ। ਇਸ ਸਿਦਕ ਭਰੋਸੇ ਦਾ ਇਹ ਪ੍ਰਤਾਪ ਸੀ ਕਿ ਉਨ੍ਹਾਂ ਦੀ ਸਿਹਤ ਨੂੰ ਕਦੇ ਵੀ ਤੱਤੀ ਵਾਉ ਦਾ ਝੋਲਾ ਝਮਕਾ ਨਹੀਂ ਵੱਜਿਆ। ਸੰਗਤ ਦੀ ਸੇਵਾ ਦਾ ਚਾਉ ਪਰਲੇ ਦਰਜੇ ਦਾ ਸੀ, ਲੰਗਰ ਹਰ ਵਕਤ ਚਲਦਾ ਰਹਿੰਦਾ ਸੀ। ਆਪਣੇ ਹੱਥੀਂ ਲੰਗਰ ਸਜਾਉਣਾ ਵਰਤਾਉਣਾ, ਸਾਰੇ ਪਰਿਵਾਰ ਨੂੰ ਵੀ ਸਰਚਾਉਣਾ, ਆਈਆਂ ਸੰਗਤਾਂ ਨੂੰ ਭੁੰਚਾਇ ਕੇ ਸੰਤੁਸ਼ਟ ਕਰ ਦੇਣਾ। ਉਸ ਮੁਬਾਰਕ ਹੱਥੋਂ ਵਰਤੇ ਵਰਤਾਏ ਭਾਂਡੇ ਵਿਚ ਕਦੇ ਤੋਟ ਨਹੀਂ ਆਉਂਦੀ ਸੀ।

ਭਜਨ ਅਤੇ ਭਜਨੀਕ ਸਿੰਘ ਦੀਆਂ ਰਮਜ਼ਾਂ ਪਛਾਨਣ ਵਿਚ ਬੜੇ ਹੀ ਪ੍ਰਬੀਨ ਸਨ। ਇਕ ਵਾਰ ਦਾ ਜ਼ਿਕਰ ਹੈ ਕਿ ਸਹਿਜ ਜੋਗੀ ਅਵਧੂਤ ਬਿਰਤੀਸਰ ਗੁਰਮੁਖ ਪਿਆਰੇ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਨੂੰ ਆਪਣੇ ਹੱਥੀਂ ਸਜਾਇਆ ਅੰਮ੍ਰਿਤ ਦਾ ਭੋਜਨ ਭੁੰਚਾ ਰਹੇ ਸਨ ਕਿ ਭੋਜਨ ਛਕਦੇ ਛਕਦੇ ਸਿਰੀ ਭਾਈ ਆਤਮਾ ਸਿੰਘ ਜੀ ਦੀ ਸੁਰਤੀ ਐਸੀ ਟਿਕੀ ਕਿ ਉਹ ਭੋਜਨ ਭੁੰਚਣਾ ਹੀ ਭੁੱਲ ਗਏ। ਮੁੱਖ ਵਿਚ ਗਰਾਹੀ ਪਾਉਣ ਹੀ ਨਾ ਅਤੇ ਐਵੇਂ ਮਚਾਕੇ ਮਾਰੀ ਜਾਣ। ਅੱਖੀਆਂ ਟਟਾਰੇ ਲੱਗੀਆਂ ਹੋਈਆਂ, ਚਿਹਰੇ ਤੇ ਨੂਰ ਦਾ ਖਿੜਾਓ ਛਾਇਆ ਹੋਇਆ। ਪਾਸ ਬੈਠੇ ਭਾਈ ਜੋਗਿੰਦਰ ਸਿੰਘ ਜੀ ਨੇ ਹੈਰਾਨ ਹੋ ਕੇ ਸਿਰੀ ਭੈਣ ਹਰਬੰਸ ਕੌਰ ਜੀ, ਨਿਜ ਸਪੁਤਨੀ ਤੋਂ ਪੁਛਿਆ ਕਿ ਇਹ ਗੁਰਮੁਖ ਪਿਆਰੇ ਕੀ ਕੌਤਕ ਵਰਤਾ ਰਹੇ ਹਨ ਕਿ ਮੁਖ ਵਿਚ ਪ੍ਰਸ਼ਾਦ ਪਾਉਂਦੇ ਹੀ ਨਹੀਂ, ਪਰੰਤੂ ਐਸਾ ਪ੍ਰਤੀਤ ਹੁੰਦਾ ਹੈ ਕਿ ਅਜ਼ਗੈਬੀ ਛਾਂਦਾ ਭੁੰਚ ਰਹੇ ਹਨ। ਸਿਰੀ ਭੈਣ ਹਰਬੰਸ ਕੌਰ ਨੇ ਉਤਰ ਵਿਚ ਆਖਿਆ, "ਹੈਰਾਨੀ ਵਾਲੀ ਕਿਹੜੀ ਗੱਲ ਹੈ, ਨਾਰੰਗਵਾਲ ਬੈਠੇ ਭਾਈ ਰਣਧੀਰ ਸਿੰਘ ਜੀ ਇਨ੍ਹਾਂ ਨੂੰ ਗੱਫੇ ਛਕਾ ਰਹੇ ਹਨ।" ਇਹ ਬਚਨ ਸੁਣ ਕੇ ਭਾਈ ਜੋਗਿੰਦਰ ਸਿੰਘ ਜੀ ਨੇ ਉਹ ਵੇਲਾ ਨੋਟ ਕਰ ਲਿਆ।

ਐਨ ਉਸੇ ਸਮੇਂ ਇਧਰ ਨਾਰੰਗਵਾਲ ਇਹ ਵਰਤਾਰਾ ਵਰਤਿਆ ਕਿ ਸਾਡੀ ਸਾਥਣ ਸਿਰੀ ਮਤੀ ਕਰਤਾਰ ਕੌਰ ਜੀ ਨੇ ਪ੍ਰੇਮ ਭੋਜਨ ਪ੍ਰਸ਼ਾਦ ਸਾਡੇ ਛਕਣ ਲਈ ਅੱਗੇ ਰੱਖਿਆ। ਮੈਂਡੇ ਮੁਖ ਵਿਖੇ ਇਕ ਦੋ ਗਰਾਹੀਆਂ ਹੀ ਗਈਆਂ ਹੋਣਗੀਆਂ ਕਿ ਨਿਜ ਛੱਕਣ ਛਕਾਈ ਵਲੋਂ ਤਾਂ ਮੁਖ ਮੁੜ ਗਿਆ, ਹੱਥ-ਹਿਲਾਈ ਅਜੇ ਹੋਈ ਜਾਵੇ। ਇਹ ਕੌਤਕ ਵੇਖ ਕੇ ਮੈਂਢੀ ਮਾਈ (ਜੋ ਪਾਸ ਬੈਠੀ ਸੀ) ਕਰਤਾਰ ਕੌਰ ਜੀ ਤੋਂ ਪੁੱਛਣ ਲੱਗੀ ਕਿ ਕੀ ਵਰਤਾਰਾ ਵਰਤ ਰਿਹਾ ਹੈ, ਮੇਰੀ ਸਮਝ ਵਿਚ ਨਹੀਂ ਆਉਂਦਾ। ਸਿਰੀ ਭੈਣ ਹਰਬੰਸ ਕੌਰ ਸਮਾਨ ਗੁਹਜ-ਰਮਜ਼ਾਂ ਬੁਝਣਹਾਰੀ ਸਿਰੀ ਮਤੀ ਕਰਤਾਰ ਕੌਰ ਜੀ ਨੇ ਤਤਕਾਲ ਹੀ ਉਤਰ ਦੇ ਕੇ ਮਾਈ ਜੀ ਦੀ ਨਿਸ਼ਾ ਕਰ ਦਿਤੀ ਕਿ ਹੈਰਾਨੀ ਵਾਲੀ ਕਾਹਦੀ ਗੱਲ ਹੈ, ਇਹ ਤਾਂ ਇਸ ਸਮੇਂ ਆਪਣੇ ਸਰਬਲੋਹੀ-ਬਾਟੇ ਦੇ ਸਾਂਝੀਵਾਲ ਭਾਈ ਆਤਮਾ ਸਿੰਘ ਜੀ ਨੂੰ, ਜੋ ਪਟਿਆਲੇ ਵਿਖੇ ਸਰਦਾਰ ਜੋਗਿੰਦਰ ਸਿੰਘ ਦੇ ਘਰ ਭੈਣ ਹਰਬੰਸ ਕੌਰ ਜੀ ਪਾਸ ਬੈਠੇ ਹਨ, ਗੱਫੇ ਛਕਾ ਰਹੇ ਹਨ। ਸਾਡੀ ਅੱਖ ਉਘੜੀ ਤੇ ਅਸੀਂ ਵੀ ਟਾਈਮ ਨੋਟ ਕਰ ਲਿਆ।

ਕੁਛ ਦਿਨ ਪਿਛੋਂ ਸਿਰੀ ਭੈਣ ਹਰਬੰਸ ਕੌਰ ਜੀ, ਸੰਤ ਹੀਰਾ ਸਿੰਘ ਜੀ, ਪਰਮ ਪਿਆਰੇ ਅਵਧੂਤ ਰਿਸ਼ੀ ਭਾਈ ਆਤਮਾ ਸਿੰਘ ਜੀ ਸਣੇ ਭਾਈ ਜੋਗਿੰਦਰ ਸਿੰਘ ਜੀ ਦੇ ਨਾਰੰਗਵਾਲ ਆ ਦਰਸ਼ਨ-ਪਜ਼ੀਰ ਹੋਏ। ਦੋਹਾਂ ਪਾਸਿਆਂ ਦੀਆਂ ਰਮਜ਼ਨੀ ਬੁਝਾਰਤਾਂ ਮਿਲਾਈਆਂ ਤਾਂ ਮਿਲ ਗਈਆਂ।

ਸਿਰੀ ਬੀਬੀ ਹਰਬੰਸ ਕੌਰ ਜੀ ਐਸੀ ਮਹੱਤਤਾ ਵਾਲੀ ਜਬਰ-ਜੰਗ ਸਿੰਘਣੀ ਹੋ ਗੁਜ਼ਰੀ ਹੈ ਕਿ ਉਨ੍ਹਾਂ ਦੇ ਧਾਰਮਕ ਰੁਹਬ ਦਾਬ ਦਾ ਸਿੱਕਾ ਪਟਿਆਲਾ ਨਿਵਾਸੀ ਸਮੂੰਹ ਅਹਿਲਕਾਰਨੀਆਂ ਸਰਦਾਰਨੀਆਂ ਦੇ ਉਪਰ ਬੜੀ ਪ੍ਰਭਤਾ ਨਾਲ ਬੈਠਾ ਹੋਇਆ ਸੀ, ਵਜ਼ੀਰਾਂ ਕਬੀਰਾਂ ਦੀਆਂ ਵਜ਼ੀਰਨੀਆਂ ਤੇ ਰਾਜ ਮਹੱਲਾਂ ਦੀਆਂ ਰਾਣੀਆਂ ਸਭ ਇਨ੍ਹਾਂ ਤੋਂ (ਸਿਰੀ ਬੀਬੀ ਹਰਬੰਸ ਕੌਰ ਜੀ ਤੋਂ) ਕਾਂਪ ਖਾਂਦੀਆਂ ਸਨ। ਹੋਰ ਸਭ ਸਰਦਾਰਨੀਆਂ ਨੂੰ ਮਹਿਲਾਂ ਵਿਚ ਬੁਲਾ ਲੈਂਦੀਆਂ ਸਨ, ਪ੍ਰੰਤੂ ਸਿਰੀ ਬੀਬੀ ਹਰਬੰਸ ਕੌਰ ਜੀ ਨੂੰ ਸੱਦਾ ਭੇਜਣ ਦੀ ਕਿਸੇ ਨੂੰ ਵੀ ਜੁਰਅਤ ਨਹੀਂ ਪੈਂਦੀ ਸੀ। ਪਤੀ-ਬ੍ਰਤ ਧਰਮ ਨੂੰ ਨਿਬਾਹੁਣ ਵਿਚ ਇਹ ਭੈਣ ਹਰਬੰਸ ਕੌਰ ਲਾਸਾਨੀ ਸੀ।

ਸਿਰੀ ਭਾਈ ਜੋਗਿੰਦਰ ਸਿੰਘ ਜੀ ਉਸ ਸਮੇਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਜਦੋਂ ਉਹ ਮੈਂਬਰ ਚੁਣੇ ਗਏ, ਗੌਰਮਿੰਟ ਗੋਰਾਸ਼ਾਹੀ ਦੇ ਬਰ-ਖਿਲਾਫ ਅਕਾਲੀ-ਪੰਥ ਦੀ ਐਜੀਟੇਸ਼ਨ ਬੜੇ ਜ਼ੋਰਾਂ ਤੇ ਸੀ। ਸ਼੍ਰੋਮਣੀ ਕਮੇਟੀ ਵਿਚ ਲਗਭੱਗ ਸਾਰੇ ਹੀ ਮੈਂਬਰਾਂ ਨੂੰ ਇਸ ਐਜੀਟੇਸ਼ਨ ਵਿਚ ਜੇਲ੍ਹਾਂ ਅੰਦਰ ਜਾਣਾ ਪਿਆ। ਉਨ੍ਹੀਂ ਦਿਨੀਂ ਸਰਦਾਰ ਜੋਗਿੰਦਰ ਸਿੰਘ ਜੀ ਦੀ ਸਰੀਰਕ ਸਿਹਤ ਬਹੁਤ ਕਮਜ਼ੋਰ ਸੀ। ਪਰੰਤੂ ਸਿਰੀ ਭੈਣ ਹਰਬੰਸ ਕੌਰ ਜੀ ਨੇ ਉਨ੍ਹਾਂ ਨੂੰ ਉਭਾਰਿਆ ਅਤੇ ਅਨਿੰਨ-ਪਤਨੀਆਂ ਵਾਲੀ ਹੱਲਾ-ਸ਼ੇਰੀ ਦੇ ਕੇ ਆਪਣੇ ਹੱਥੀਂ ਜੇਲ੍ਹ ਨੂੰ ਤੋਰਿਆ। ਤੋਰਨ ਲੱਗਿਆਂ ਸੁਤੇ-ਸੁਭਾਵ ਹੀ ਭੈਣ ਹਰਬੰਸ ਕੌਰ

ਜੀ ਦੇ ਨੇਤਰਾਂ ਵਿਚੋਂ ਹੰਝੂ ਵਹਿ ਤੁਰੇ। ਸਿਰੀ ਭਾਈ ਸਰਦਾਰ ਜੋਗਿੰਦਰ ਸਿੰਘ ਜੀ ਨੇ ਇਹ ਦ੍ਰਿਸ਼ ਦੇਖ ਕੇ ਬੜੀ ਹੈਰਾਨਗੀ ਨਾਲ ਪੁਛਿਆ ਕਿ ਡੋਲਣ ਦਾ ਕੀ ਕਾਰਨ ਹੈ, ਐਨੀ ਬਹਾਦਰੀ ਦਿਖਾ ਕੇ ਹੁਣ ਕਿਉਂ ਦ੍ਰਵੀਭੂਤ ਹੋ ਰਹੇ ਹੋ? ਸਿਰੀ ਭੈਣ ਹਰਬੰਸ ਕੌਰ ਜੀ ਨੇ ਹੱਸ ਕੇ ਉਤਰ ਦਿਤਾ ਕਿ ਬਹੁਤ ਛੇਤੀਂ ਮੇਲੇ ਹੋਣ ਦੀ ਕੋਈ ਸੰਭਾਵਨਾ ਨਹੀਂ, ਲੰਮੇ ਵਿਛੋੜੇ ਪੈਂਦੇ ਦਿਸਦੇ ਹਨ। ਸਰਦਾਰ ਜੋਗਿੰਦਰ ਸਿੰਘ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਉਤਰ ਦਿਤਾ ਕਿ ਸਾਡੀ ਸਿਹਤ ਬੜੀ ਰਿਸ਼ਟ ਪੁਸ਼ਟ ਹੈ, ਤੁਹਾਡੀਆਂ ਅਸੀਸਾਂ ਨਾਲ ਹੀ ਤਕੜੀ ਹੋ ਗਈ ਹੈ, ਤੁਸੀਂ ਸਾਡਾ ਕੀ ਫਿਕਰ ਕਰਦੇ ਹੋ?

ਅਸਲ ਵਿਚ ਸਿਰੀ ਭੈਣ ਹਰਬੰਸ ਕੌਰ ਜੀ ਨੂੰ ਆਪਣੇ ਅਕਾਲ ਚਲਾਣੇ ਦਾ ਭਵਿੱਖਤ ਚਮਤਕਾਰ ਦਿਸਿਆ ਸੀ, ਚਾਹੇ ਉਨ੍ਹਾਂ ਨੇ ਉਨ੍ਹਾਂ ਨੂੰ ਕਹਿ ਕੇ ਨਹੀਂ ਸੁਣਾਇਆ। ਪਰ ਜਦੋਂ ਸਰਦਾਰ ਜੋਗਿੰਦਰ ਸਿੰਘ ਜੀ ਜੇਲ੍ਹ ਤੋਂ ਰਿਹਾ ਹੋ ਕੇ ਵਾਪਸ ਘਰ ਆਏ, ਤਾਂ ਭੈਣ ਸਿਰੀ ਹਰਬੰਸ ਕੌਰ ਜੀ ਪਿਆਨੇ ਕਰ ਚੁੱਕੇ ਸਨ। ਸਰਦਾਰ ਜੋਗਿੰਦਰ ਸਿੰਘ ਜੀ ਨੂੰ ਆਪਣੀ ਅਨਿੰਨ ਪਤੀਬ੍ਰਤਾ ਪਤਨੀ ਦੇ ਵਿਛੋੜੇ ਦਾ ਸਦਮਾ ਬੜਾ ਅਸਹਿ ਹੋ ਕੇ ਗੁਜ਼ਰਿਆ, ਜਿਸ ਨੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਿਹਤ ਤੇ ਬੜਾ ਡੂੰਘਾ ਅਸਰ ਕੀਤਾ। ਤਦ ਪਸਚਾਤ ਉਹ ਜਿੰਨਾ ਚਿਰ ਜੀਂਵਦੇ ਰਹੇ, ਸਰੀਰਕ ਸਿਹਤ ਕਰਕੇ ਘਟਦੇ ਹੀ ਗਏ। ਸਿੱਖੀ ਸਿਦਕ ਦੀ ਪੁਤਲੀ ਸਿਰੀ ਹਰਬੰਸ ਕੌਰ ਤਾਂ ਪੂਰੀ ਹੋ ਗਈ, ਪਰ ਗੁਰਮੁਖ ਪਰਿਵਾਰ ਦੇ ਸਾਰੇ ਕਾਰੋਬਾਰ ਅਧੂਰੇ ਰਹਿ ਗਏ। ਭਾਣਾ ਮਿੱਠਾ ਕਰ ਮੰਨਣ ਦੀ ਸ਼ਕਤੀ ਜੈਸੀ ਗੁਰੂ ਮਿਹਰਬਾਨ ਨੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੂੰ ਬਖ਼ਸ਼ੀ ਹੋਈ ਸੀ, ਉਹ ਵਿਰਲਿਆਂ ਹੀ ਸਿੱਖਾਂ ਦੇ ਨਸੀਬਾਂ ਵਿਚ ਆਈ ਹੈ। (ਸਿਰੀ ਭਾਈ ਜੋਗਿੰਦਰ ਸਿੰਘ ਸਬੰਧੀ ਵਖਰਾ ਸਮਾਚਾਰ ਲਿਖਿਆ ਜਾਵੇਗਾ ਕਿਉਂਕਿ ਉਹ ਵੀ ਅਕਾਲ ਚਲਾਣਾ ਕਰ ਚੁੱਕੇ ਹਨ।)

## ਸਿਰੀ ਮਾਨ ਸੰਤ ਭਾਈ ਹੀਰਾ ਸਿੰਘ ਜੀ ਦਾਊਦਪੁਰੀਏ

ਇਹ ਗੁਰਮੁਖ ਪਿਆਰੇ ਸਿਰੀ ਭੈਣ ਹਰਬੰਸ ਕੌਰ ਜੀ ਦੇ ਸੱਕੇ ਚਾਚੇ ਸਨ ਜੈਸਾ ਕਿ ਅੱਗੇ ਵੀ ਜ਼ਿਕਰ ਆ ਚੁੱਕਿਆ ਹੈ। ਮੁੱਢ ਜਨਮ ਤੋਂ ਹੀ ਇਹ ਗੁਰਮੁਖ ਸੱਜਣ ਸੀਲ ਸੁਭਾਵੀ ਸੰਤ ਸਰੂਪ ਸਨ। ਖੰਡੇ ਦਾ ਅੰਮ੍ਰਿਤ ਛਕਣ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਭਜਨ ਅਭਿਆਸ ਵਿਚ ਐਸੇ ਅਰੂੜ੍ਹ ਹੋਏ ਕਿ ਸਾਰੀ ਸਾਰੀ ਰਾਤ ਦੋਇ ਕਰ ਜੋੜ ਗਲ ਵਿਚ ਪੱਲਾ ਪਾ ਕੇ ਅਤੇ ਇਕ ਟੰਗ ਖੜ੍ਹੇ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਖੰਡਕਾਰ ਬਿਰਤੀ ਵਿਚ ਸਾਵਧਾਨ ਹੋ ਕੇ ਅਨਿੰਨ ਅਭਿਆਸ ਕਮਾਈਆਂ ਕਰਨੀਆਂ, ਇਨ੍ਹਾਂ ਦਾ ਨਿਤ ਦਾ ਗੁਰਮਤਿ ਉਦਮੀ ਕਰਮ ਸੁਕਰਮ ਸੀ। ਅਕਾਲ ਪੁਰਖ ਦੀ ਜੋਤਿ ਪ੍ਰਕਾਸ਼ ਦੇ ਦਰਸ਼ਨਾਂ ਦਾ ਜੋ ਚਾਉ ਉਮਾਹ ਇਨ੍ਹਾਂ ਦੇ ਹਿਰਦੇ ਅੰਦਰ ਸੀ, ਉਹ ਵਿਰਲਿਆਂ ਹੀ ਅਭਿਆਸੀ ਜਨਾਂ ਦੇ ਅੰਦਰ ਦੇਖਿਆ ਪਾਖਿਆ ਗਿਆ ਹੈ। ਘੰਟਿਆਂ ਬੱਧੀ ਹੀ ਵੈਰਾਗ ਅੰਦਰ ਪੂਰਤ ਹੋ ਕੇ ਇਕਾਂਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਦੇ ਰਹਿਣਾ। ਪਾਠ ਕਰਦਿਆਂ ਅੰਤਰੀਵੀ ਜੋਦੜੀਆਂ ਜੋਤਿ ਵਿਗਾਸੀ ਦਰਸ਼ਨਾਂ ਦੀਆਂ ਹੀ ਰੋਮ ਰੋਮ ਹੁੰਦੀਆਂ ਰਹਿਣੀਆਂ। ਸਿਰੀ ਭਾਈ ਸੰਤ ਹੀਰਾ ਸਿੰਘ ਜੀ ਬੜੇ ਉਤਮ ਅਤੇ ਸ਼ੁਧ ਅਖੰਡ ਪਾਠੀ ਹੋਏ ਹਨ। ਸ਼ੁਧ ਪਾਠ ਤੇ ਅਖੰਡ ਪਾਠ ਕਰਦਿਆਂ ਹੋਇਆਂ ਨਾਲੋ ਨਾਲ ਹੀ ਅਖੰਡ ਭਜਨ ਅਭਿਆਸ ਲਗਾਤਾਰੀ ਲਿਵ ਅਭਿਆਸ ਵਿਚ ਹੀ ਹੁੰਦਿਆਂ ਰਹਿਣਾ।

ਇਕ ਦਿਨ ਦਾ ਜ਼ਿਕਰ ਹੈ ਕਿ ਗੁਰਦੁਆਰੇ ਦੇ ਸਾਰੇ ਬੂਹੇ ਅੰਦਰੋਂ ਬੰਦ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠਦਿਆਂ ਨੂੰ ਹੀ ਉਹ ਅਗੰਮੀ ਝਰਨਾਹਟ ਭਜਨ-ਪਿਆਰ ਦੀ ਛਿੜੀ ਕਿ ਉਨ੍ਹਾਂ ਨੂੰ ਕੋਈ ਸੁਧ ਬੁਧ ਨਾ ਰਹੀ। ਛੇਤੀਂ ਹੀ ਆਪਣਾ ਆਪ ਸੰਭਾਲ ਕੇ ਗੁਪਤ ਅਰਦਾਸ ਵਿਚ ਜੁਟ ਗਏ। ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਉਤਾਰ ਕੇ ਪਾਠ ਕਰਨਾ ਹੀ ਅਰੰਭਿਆ ਸੀ ਕਿ ਇਕ-ਦਮ ਹੀ ਅੰਤਰ-ਆਤਮੇ ਜੋਤਿ ਵਿਗਾਸ ਦਾ ਉਘਾੜ ਹੋ ਗਿਆ, ਜੋ ਉਨ੍ਹਾਂ ਤੋਂ ਝਲਿਆ ਨਾ ਜਾਵੇ। ਸਾਰਾ ਸਰੀਰ ਹਲਕਾ ਫੁਲਕਾ ਅਮਿਓ ਰਸਾਇਣੀ ਉਡਣ-ਖਟੋਲਾ ਬਣ ਗਿਆ। ਅਮਿਓ ਰਸ ਰਸਾਇਣੀ ਲਿਵ ਵਿਚ ਮਗਨਾਰ ਹੋ ਕੇ ਨਾਭੀ ਵਿਚ ਸ੍ਵਾਸ ਅਭਿਆਸੀ ਖੰਡੇ ਨੂੰ ਜਦੋਂ ਦਬਾਇਆ ਤਾਂ ਦੂਜੀ ਛਿਨ ਵਿਚ ਸਹਿਜ ਸੁਭਾਅ ਹੀ ਤਾਬਿਆ ਵਿਚ ਬੈਠੇ ਐਸੇ ਉਛਲੇ ਕਿ ਸਰੀਰ ਸਮੇਤ ਹੀ ਗੁਰਦੁਵਾਰਾ ਸਾਹਿਬ ਜੀ ਦੀ ਛੱਤ ਨੂੰ ਜਾ ਲੱਗੇ। ਅਜਰ ਨੂੰ ਜਰਨ ਦੀ ਸ਼ਕਤਿ ਸੁਤੇ ਸੁਭਾਵ ਹੀ ਗੁਰਮੁਖ ਪਿਆਰੇ ਸੰਤ ਭਾਈ ਹੀਰਾ ਸਿੰਘ ਜੀ ਨੂੰ ਗੁਰੂ ਵਲੋਂ ਹੀ ਪ੍ਰਦਾਨ ਸੀ। ਬੜੀ ਸੁਚੇਤਤਾ ਸਹਿਤ ਅਜਰ ਸਾਵਧਾਨਤਾ ਵਾਲੀਆਂ ਅਰਦਾਸਾਂ ਬੇਨਤੀਆਂ ਵਿਚ ਲੀਨ ਹੋ ਗਏ। ਬੜੀ ਹੀ ਸਹਿਜ ਆਤਮ ਉਮਕਾਰ ਦੀ ਰਫਤਾਰ ਵਿਚ ਸਨੇ ਸਨੇ ਹੇਠਾਂ ਉਤਰ ਆਏ, ਜਿਵੇਂ ਕੋਈ ਉਡਣ-ਪੰਖੇਰੂ ਉਤਰਿਆ ਕਰਦਾ ਹੈ। ਉਤਰਨ ਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਡੰਡੌਤ ਪਰਨੇ ਲੰਮੇ ਪੈ ਗਏ। ਤਕੜਾ ਚਿਰ ਪਏ ਪਏ ਹੀ ਬੇਨਤੀਆਂ ਕਰਨ ਵਿਚ ਜੁਟੇ ਰਹੇ - "ਹੇ ਪਾਤਸ਼ਾਹ, ਇਸ ਅਜਰ ਨੂੰ ਆਪ ਹੀ ਜਰਾਈਂ।" ਗੁਰੂ ਦੀ ਕ੍ਰਿਪਾ ਅਨੁਸਾਰ ਓਦੂੰ ਪਿਛੋਂ ਐਸਾ ਅਜਰ ਜਰਿਆ, ਕਿਸੇ ਨੂੰ ਲਖਾਇਆ ਨਹੀਂ। ਨਾਮ-ਵਿਗਾਸੀ-ਲਿਵ-ਮਗਨ ਦਸ਼ਾ ਵਿਚ ਹੀ ਸੰਗਤਾਂ ਅੰਦਰ ਵਿਚਰਦੇ ਰਹੇ। ਅਜਿਹੇ ਰੰਗ-ਰਤੜੇ ਰੰਗਲੇ ਗੁਰਮੁਖ ਸੱਜਣਾਂ ਨੂੰ ਹੀ ਅੰਮ੍ਰਿਤ ਸੰਚਾਰ ਸਮੇਂ ਪੰਜਾਂ ਪਿਆਰਿਆਂ ਵਿਚ ਲਿਆ ਜਾਂਦਾ ਸੀ। ਇਹ ਇਸ ਜਥੇ ਦਾ ਸਦੀਵੀ ਬਿਰਦ ਰਿਹਾ ਹੈ।

ਹੁਕਮ ਅੰਦਰ, ਪਿੰਡ ਦਾਊਦਪੁਰ ਜ਼ਿਲਾ ਲੁਧਿਆਣਾ ਤੋਂ 'ਨਕਿ ਨਥ ਖਸਮ ਹਥ' ਦੀ ਕਾਰ ਅਨੁਸਾਰ ਵਿਦਾ ਹੋ ਕੇ 361 ਚੱਕ, ਜ਼ਿਲਾ ਲਾਇਲਪੁਰ ਵਿਖੇ ਵਸਨੀਕ ਹੋਏ ਜਿਥੇ ਕਿ ਉਨ੍ਹਾਂ ਨੂੰ ਮੁਰੱਬੇ ਮਿਲੇ ਹੋਏ ਸਨ। 361 ਚੱਕ ਅੰਦਰ ਜਾਣ ਦੀ ਦੇਰ ਹੀ ਸੀ ਕਿ ਇਸ ਗੁਰਮੁਖ ਹੰਸਲੇ ਵੀਰ ਸੰਤ ਭਾਈ ਹੀਰਾ ਸਿੰਘ ਜੀ ਦੀ ਸੰਗਤ ਦੇ ਪ੍ਰਭਾਵ ਕਰਕੇ ਅਨੇਕਾਂ ਅਧਿਕਾਰੀ ਜਨ ਜੀਵੜਿਆਂ ਦੇ ਘਟਾਂ ਅੰਦਰ ਜੋਤਿ ਜਗਮਗੀ, ਦੀਵੜੇ ਲਟ ਲਟ ਬਲ ਉਠੇ। 361 ਚੱਕ ਲਗਪੱਗ ਸਾਰਾ ਹੀ ਇਸ ਲਹਿਰ ਨਾਲ ਰੁਮਕ ਉਠਿਆ। ਅੰਮ੍ਰਿਤ-ਧਾਰੀ ਜੋਤਿ

(ਬਾਕੀ ਪੰਨਾ 55 ਤੇ)

# ਅਮਰ ਕਥਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 58)*

ਜੋ ਮੋਹਣੀਆਂ ਰਾਜੇ ਸ਼ਿਵਨਾਭ ਨੇ ਗੁਰੂ ਨਾਨਕ ਦੇਵ ਜੀ ਕੋਲ ਭੇਜੀਆਂ ਸਨ ਅਤੇ ਆਪਣੇ ਚੰਚਲ ਸੁਭਾਵ ਵਸ ਗੁਰੂ ਨਾਨਕ ਨਾਲ ਚੰਚਲਤਾ ਭਰੇ ਹਾਵ ਭਾਵ ਕਰ ਰਹੀਆਂ ਸਨ, ਮਹਾਰਾਜ ਨੇ ਉਨ੍ਹਾਂ ਤੇ ਇਕ ਅੰਮ੍ਰਿਤ ਦ੍ਰਿਸ਼ਟੀ ਕਰ ਦਿਤੀ। ਜਦੋਂ ਅੰਮ੍ਰਿਤ ਦ੍ਰਿਸ਼ਟੀ ਪਈ, ਉਸ ਵੇਲੇ ਜਿਹੜੇ ਚੰਚਲ ਮਨ ਸੀ, ਉਨ੍ਹਾਂ ਦੇ ਵਿਚ ਜਿਹੜਾ ਭੈੜ ਸੀ, ਉਹ ਸਾਰਾ ਹੀ ਉਡ ਗਿਆ, ਵਾਸ਼ਨਾਂ ਉਡ ਗਈਆਂ, ਮਨ ਟਿਕ ਗਿਆ, ਪਰਮ ਆਨੰਦ ਦੇ ਅੰਦਰ ਉੱਠੀ ਲਹਿਰ ਅੰਤਰ ਆਤਮੇ ਦੇ ਨਾਲ ਜੁੜ ਗਈ। ਸੋ ਉਸ ਵੇਲੇ ਮਹਾਰਾਜ ਜੀ ਨੇ ਇਸ ਤਰ੍ਹਾਂ ਨਾਲ ਫਰਮਾਇਆ-

***ਧਾਰਨਾ -*** ***ਜਾਵੋ ਪੁਤ੍ਰੀਓ, ਜਪੋ ਨਾਮ ਹਰੀ ਦਾ...-2, 2***
***ਨਾਮ ਹਰੀ ਦਾ, ਜਪੋ ਨਾਮ ਹਰੀ ਦਾ -2, 2***
***ਜਾਵੋ ਪੁਤ੍ਰੀਓ, ਜਪੋ ਨਾਮ ਹਰੀ ਦਾ -2***

ਦ੍ਰਿਸ਼ਟੀ ਕਰ ਦਿਤੀ, ਸਾਰੇ ਵਿਕਾਰ ਮਨਾਂ ਵਿਚੋਂ ਕੱਢ ਦਿਤੇ ਅਤੇ ਕਿਹਾ ਕਿ ਬੇਟੀਓ! ਪੁੱਤ੍ਰੀਓ! ਜਾਓ, ਅੰਮ੍ਰਿਤ ਵੇਲੇ ਜਾਗ ਕੇ ਸੂਰਜ ਚੜ੍ਹਦੇ ਤੱਕ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰਿਆ ਕਰੋ। ਗੁਰੂ ਨਾਨਕ ਦੇ ਮੁੱਖ ਵਿਚੋਂ ਵਾਹਿਗੁਰੂ-ਵਾਹਿਗੁਰੂ ਨਿਕਲਿਆ, ਰੋਮ-ਰੋਮ ਵਿਚ ਫਿਰ ਗਿਆ, ਝਰਨ੍ਹਾਟਾਂ ਆਉਣ ਲੱਗ ਗਈਆਂ, ਪਤਾ ਹੀ ਨਹੀਂ ਵਿਸ਼ੇ ਵਿਕਾਰ ਕਿੱਧਰ ਚਲੇ ਗਏ, ਚੰਚਲਤਾਈ ਕਿਥੇ ਗੁੰਮ ਹੋ ਗਈ। ਸ਼ਰਮ ਆ ਰਹੀ ਸੀ ਆਪਣੇ ਕੱਪੜੇ ਦੇਖ ਕੇ ਕਿ ਕਿਹੋ ਜਿਹੇ ਅਰਧ ਨੰਗੇ ਹੋ ਕੇ ਇਨ੍ਹਾਂ ਕੋਲ ਆਏ, ਇਹ ਕਿੰਨੇ ਵੱਡੇ ਮਹਾਂਪੁਰਸ਼ ਨੇ ਜਿਨ੍ਹਾਂ ਨੇ ਸਾਨੂੰ ਸ਼ਾਂਤ ਕਰ ਦਿਤਾ। ਕਿੱਡਾ ਅਨੰਦ ਸਾਨੂੰ ਆ ਗਿਆ ਜਿਹੜਾ ਅੱਜ ਤੱਕ ਵਿਸ਼ਿਆਂ ਦੇ ਅਨੰਦ ਵਿਚੋਂ ਵੀ ਕਦੇ ਨਹੀਂ ਦੇਖਿਆ ਸੀ। ਉਸ ਵੇਲੇ ਮਹਾਰਾਜ ਜੀ ਸੰਸਾਰ ਦੀ ਹਾਲਤ ਨੂੰ ਦੇਖ ਕੇ ਕਿ ਇਹ ਪਰਮੇਸ਼ਰ ਦੇ ਅਨੰਦ ਨੂੰ ਛੱਡ ਕੇ ਵਿਸ਼ਿਆਂ ਦੇ ਅਨੰਦ ਵਿਚ ਪੈ ਗਿਆ ਹੈ, ਜਿਵੇਂ ਕਾਂ ਗੰਦੀਆਂ ਚੀਜ਼ਾਂ ਵਿਚ ਚੁੰਝਾਂ ਮਾਰਦਾ ਹੈ, ਕਹਿੰਦੇ ਨੇ -

***ਜਗ ਕਊਆ ਨਾਮੁ ਨਹੀ ਚੀਤਿ॥***
***ਨਾਮੁ ਬਿਸਾਰਿ ਗਿਰੈ ਦੇਖੁ ਭੀਤਿ॥***
***ਪੰਨਾ - 1187***

ਨਾਮ ਨੂੰ ਭੁੱਲ ਕੇ ਮਾੜੀ ਥਾਂ ਤੇ ਆ ਕੇ ਜਿਵੇਂ ਕਊਆ ਗਿਰਦਾ ਹੈ, ਇੱਲ੍ਹ ਆਸਮਾਨਾਂ ਵਿਚ ਉਡਦੀ-ਉਡਦੀ, ਜਿਥੇ ਸ਼ਿਕਾਰ ਪਿਆ ਹੁੰਦਾ ਹੈ, ਜਿਥੇ ਮੁਰਦੇ ਪਸ਼ੂ ਦਾ ਗਲਿਆ ਸੜਿਆ ਮਾਸ ਪਿਆ ਹੁੰਦਾ ਹੈ, ਉਥੇ ਇਹ ਇੱਲ੍ਹ ਗਿਰਦੀ ਹੈ। ਇਸੇ ਤਰ੍ਹਾਂ ਜਿਹੜਾ ਸੰਸਾਰ ਹੈ ਇਹ ਨਾਮ ਨੂੰ ਭੁੱਲ ਕੇ ਵਿਸ਼ਿਆਂ ਦੇ ਚੋਗ ਚੁਗਦਾ ਹੈ। ਇਸ ਤਰ੍ਹਾਂ ਪੜ੍ਹੋ -

***ਧਾਰਨਾ - ਵਿਸ਼ਿਆਂ ਦੇ ਓ, ਚੋਗ ਚੁਗਦੈ -2, 2.***
***ਬੰਦਾ ਭੁਲ ਕੇ ਹਰੀ ਦੇ ਨਾਮ ਨੂੰ। -2, 2.***
***ਵਿਸ਼ਿਆਂ ਦੇ ਓ, ਚੋਗ ਚੁਗਦੈ -2.***

ਸੰਸਾਰ ਕਾਂ ਬਣ ਗਿਆ - ***'ਜਗ ਕਊਆ ਨਾਮੁ ਨਹੀ ਚੀਤਿ॥'*** ਕਊਆ ਕੀ ਖਾਂਦਾ ਹੈ? ***'ਨਾਮੁ ਬਿਸਾਰਿ ਗਿਰੈ ਦੇਖੁ ਭੀਤਿ॥'*** ਵਿਸ਼ੇ-ਵਿਕਾਰਾਂ, ਸ਼ਰਾਬਾਂ ਕਬਾਬਾਂ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਝਗੜੇ-ਝਾਟਿਆਂ ਦੇ ਪਿੱਛੇ ਨੱਠਿਆ ਫਿਰਦਾ ਹੈ। ਉਹ ਚੀਜ਼ਾਂ ਜਿਹੜੀਆਂ ਪਰਮੇਸ਼ਰ ਨੂੰ ਭੁਲਾਉਂਦੀਆਂ ਨੇ, ਓਧਰ ਨੂੰ ਦੌੜਿਆ ਹੋਇਆ ਜਾਂਦਾ ਹੈ, ਨਾਮ ਚਿਤ ਨਹੀਂ ਆਉਂਦਾ। ਇਹ ਵਿਸ਼ਿਆਂ ਦੇ ਵਿਚ ਪੈ ਗਿਆ। ਵਿਸ਼ੇ ਆਨੰਦ ਸ਼ਾਂਤੀ ਨਹੀਂ ਦਿੰਦੇ। ਜੀਵ ਵਿਸ਼ੇ ਭੋਗਦਾ ਹੈ ਪਰ ਵਿਸ਼ਿਆਂ ਦੇ ਕੁ-ਰਸ ਦੇ ਅਸਰ ਨਾਲ ਖੁਦ ਹੀ ਭੋਗਿਆ ਜਾਂਦਾ ਹੈ। ਕਾਮ ਕਾਇਆਂ ਨੂੰ ਗਾਲ ਦਿੰਦਾ ਹੈ। ਬਹੁਤੇ ਸੁਆਦੂ ਭੋਜਨ ਸਰੀਰ ਵਿਚ ਰੋਗ ਉਤਪੰਨ ਕਰਦੇ ਹਨ। ਰੋਗੀ ਤੇ ਮੈਲਾ ਮਨ ਸਰੀਰ

ਨੂੰ ਭੀ ਰੋਗੀ ਕਰ ਦਿੰਦਾ ਹੈ, ਚਿੱਤ ਵਿਚ ਵਿਸ਼ਿਆਂ ਦੀ ਖਿੱਚ ਪ੍ਰਬਲ ਹੋ ਜਾਂਦੀ ਹੈ ਅਤੇ ਇਹ ਜੀਵ ਵਾਸ਼ਨਾ ਦਾ ਬੰਨ੍ਹਿਆ ਹੋਇਆ ਅਨੇਕ ਜੂਨਾਂ ਵਿਚ ਭਰਮਦਾ ਹੈ। ਨਾਮ ਰਸ ਹੀ ਸ੍ਰੇਸ਼ਟ ਰਸ ਹੈ ਜਿਸਨੂੰ ਪ੍ਰਾਪਤ ਕਰਕੇ ਸਾਰੀਆਂ ਭੁੱਖਾਂ ਦਾ ਨਾਸ਼ ਹੋ ਜਾਂਦਾ ਹੈ। ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ।

***ਮਨੂਆ ਡੋਲੈ ਚੀਤਿ ਅਨੀਤਿ॥***
***ਜਗ ਸਿਉ ਤੂਟੀ ਝੂਠ ਪਰੀਤਿ॥ ਪੰਨਾ - 1187***

ਜਗਤ ਦੇ ਨਾਲ ਪ੍ਰੀਤਿ ਤਾਂ ਝੂਠੀ ਹੈ, ਟੁੱਟ ਜਾਣੀ ਹੈ, ਹਮੇਸ਼ਾ ਨਹੀਂ ਰਹਿਣੀ। ਜਦ ਬੁੱਢਾ ਹੋ ਜਾਵੇਗਾ, ਵਿਰਲੇ ਹੀ ਹਨ ਜਿਨ੍ਹਾਂ ਦੀ ਇਜ਼ਤ ਹੁੰਦੀ ਹੈ। ਸਾਰੇ ਧੀਆਂ ਪੁੱਤਰ ਬੁੱਢੇ ਪੁਰਸ਼ ਦੀ ਮੌਤ ਦਾ ਦਿਨ ਉਡੀਕਦੇ ਹਨ ਕਿ ਕਦੋਂ ਮਰੇ ਤੇ ਕਦੋਂ ਅਸੀਂ ਜਾਇਦਾਦ ਦੇ ਮਾਲਕ ਬਣੀਏ। ਆਦਰ ਨਹੀਂ ਮਿਲਦਾ ਸਗੋਂ ਧੱਕੇ ਮਿਲਦੇ ਹਨ, ਨਿਰਾਦਰੀ ਕੀਤੀ ਜਾਂਦੀ ਹੈ। ਜਿਨ੍ਹਾਂ ਨੂੰ ਮੋਢਿਆਂ ਤੇ ਚੁੱਕ-ਚੁੱਕ ਕੇ ਖਿਡਾਉਂਦਾ ਸੀ, ਜਦ ਪਾਣੀ ਮੰਗਦਾ ਹੈ ਪਾਣੀ ਨਹੀਂ ਦਿੰਦੇ। ਫੇਰ ਪ੍ਰੀਤ ਸੁਆਹ ਕਿਸ ਚੀਜ਼ ਦੀ ਹੋਈ? ਇਸ ਤਰ੍ਹਾਂ ਮਨੁੱਖ ਲੁੱਟਿਆ ਜਾਂਦਾ ਹੈ, ਠੱਗਿਆ ਜਾਂਦਾ ਹੈ - ਇਨ੍ਹਾਂ ਝੂਠੀਆਂ ਪ੍ਰੀਤੀਆਂ ਦੇ ਅੰਨ੍ਹੇ ਵੇਗ ਵਿਚ, ਲੇਕਿਨ ਫੇਰ ਭੀ ਨਹੀਂ ਸਮਝਦਾ। ਜਿਹੜਾ ਸੰਗੀ ਹੈ -

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥ ਪੰਨਾ - 267***

ਜਿਹੜਾ ਵਾਹਿਗੁਰੂ ਹਰ ਵਕਤ ਨਾਲ ਰਹਿੰਦਾ ਹੈ, ਉਹ ਚਿੱਤ ਨਹੀਂ ਆਉਂਦਾ। ਇਸ ਦੇ ਆਪਣੇ ਸਬੰਧੀ ਵੀ ਨਿਰਧਨ ਦੇ ਆਪਣੇ ਨਹੀਂ ਬਣਦੇ। ਵਿਸ਼ੇ ਮਿੱਠੇ ਕਰਕੇ ਭੋਗਦਾ ਹੈ। ਸੰਤਾਂ, ਗੁਰਮੁਖਾਂ ਤੋਂ ਬਿਨਾਂ ਇਸ ਦਾ ਕੋਈ ਸਹਾਈ ਨਹੀਂ ਹੁੰਦਾ। ਜਿਹੜੇ ਵੈਰ ਕਰਦੇ ਨੇ, ਉਨ੍ਹਾਂ ਵਿਚ ਸਾਰੀ ਜ਼ਿੰਦਗੀ ਖਤਮ ਕਰ ਦਿੰਦਾ ਹੈ। ਮਹਾਰਾਜ ਕਹਿੰਦੇ, ਓਥੇ ਔਖਾ ਹੋ ਜਾਵੇਂਗਾ, ਰੋਵੇਂਗਾ, ਪਰ ਫੇਰ ਕੁਛ ਨਹੀਂ ਬਣਨਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ - 2, 2.***
***ਫੇਰ ਤੇਰਾ ਜੀ, ਕੋਈ ਨਾ ਬਣੇ -2, 2.***
***ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ.....- 2.***

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥***
***ਮਨਿ ਅੰਧੈ ਜਨਮੁ ਗਵਾਇਆ॥ ਪੰਨਾ - 464***

ਮਹਾਰਾਜ ਕਹਿੰਦੇ ਫੇਰ ਐਸ ਤਰ੍ਹਾਂ ਰੋਵੇਂਗਾ, ਹੁਣ ਤੂੰ ਸਮਝਦਾ ਨਹੀਂ ਹੈਂ। ਜਿਨ੍ਹਾਂ ਨੂੰ ਆਪਣੇ ਬਣਾਇਆ ਸੀ, ਬਣ ਗਏ ਤੇਰੇ ਆਪਣੇ? ਕੋਈ ਦੱਸੋ ਤਾਂ ਸਹੀ ਕਿ ਮੇਰਾ ਬਣ ਗਿਆ? ਇਕ ਵੀ ਅਜਿਹਾ ਬੰਦਾ ਨਹੀਂ ਹੈ, ਸਾਰਿਆਂ ਨੂੰ ਔਖਾ ਹੋਣਾ ਪੈਂਦਾ ਹੈ। ਮਹਾਰਾਜ ਕਹਿੰਦੇ, ਇਹ ***'ਜਗ ਸਿਉ ਤੂਟੀ ਝੂਠ ਪਰੀਤਿ।'*** ਇਹ ਤਾਂ ਸੰਸਾਰ ਦੀ ਝੂਠੀ ਪ੍ਰੀਤਿ ਹੈ। ਬਾਕੀ ਤੇਰੇ ਕੋਲ ਕੀ ਰਹਿ ਗਿਆ -

***ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ॥ ਪੰਨਾ - 1187***

ਵਿਹੁਲੇ ਪੱਥਰਾਂ ਦਾ ਭਾਰ ਬੰਨ੍ਹ ਕੇ ਦਰਗਾਹ ਨੂੰ ਰੋਂਦਾ ਕੁਰਲਾਉਂਦਾ ਜਾਵੇਂਗਾ। ਵਿਹੁ ਦੇ ਪੱਥਰ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਾ, ਚੁਗਲੀ, ਵੈਰ, ਵਿਰੋਧ ਪੱਲੇ ਬੰਨ੍ਹ ਕੇ ਜੀਵ ਸੰਸਾਰ ਤੋਂ ਰੋਂਦਾ ਕੁਰਲਾਉਂਦਾ ਚਲਿਆ ਜਾਂਦਾ ਹੈ।

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥ ਪੰਨਾ - 932***

ਠਗਣੀ ਮਾਇਆ ਨੇ ਆਪਣਾ ਬਨਾਉਟੀ ਰੂਪ ਦਿਖਾਇਆ - ਪੁੱਤਰ, ਧੀਆਂ, ਸਬੰਧੀ, ਕੋਠੀਆਂ, ਬੈਂਕ 'ਚ ਸਰਮਾਇਆ ਬਣ ਗਈ। ਇਹ ਸਾਰੇ ਸਬੰਧ ਜੀਵਨ ਕਾਲ ਵਿਚ ਹੀ ਦੁਖੀ ਕਰਨ ਲਗ ਗਏ। ਧੋਖੇ ਫਰੇਬ ਕਰਕੇ ਧਨ ਕਮਾਇਆ ਪਰ ਅੰਤ ਸਮੇਂ ਧਰਿਆ ਧਰਾਇਆ ਰਹਿ ਗਿਆ। ਦਮੜਾ ਤਾਂ ਸੁਚੱਜੀ ਵਰਤੋਂ ਲਈ ਹੁੰਦਾ ਹੈ - ਚੰਗੇ ਕਾਰਜਾਂ ਤੇ ਖਰਚਣ ਲਈ। ਇਸਨੂੰ ਪ੍ਰਮੇਸ਼ਰ ਦੇ ਪਿਆਰਿਆਂ ਲਈ ਵਰਤੇ, ਸਕੂਲ, ਦਵਾਈਖਾਨੇ ਵਿਚ ਮੁਫਤ ਦਵਾਈਆਂ ਦੇਣ ਲਈ ਮਦਦ ਦੇਵੇ, ਇਸ ਤਰ੍ਹਾਂ ਸਫਲੀ ਹੋਈ ਮਾਇਆ ਸੁਖਾਂ ਵਲ ਰੁਖ ਕਰਦੀ ਹੈ, ਨਹੀਂ ਤਾਂ ਭੂਤ ਪ੍ਰੇਤ ਤੇ ਸੱਪ ਹੀ ਬਣਦਾ ਹੈ। ***'ਨਾਮ ਬਿਨਾ ਕੈਸੇ ਗੁਨ ਚਾਰੁ॥' (ਪੰਨਾ - 1187)*** ਫੇਰ ਕੋਈ ਸ੍ਰੇਸ਼ਟ ਗੁਣ ਤਾਂ ਹੈ ਨਹੀਂ, ਨਾਮ ਤਾਂ ਜਪਿਆ ਨਹੀਂ; ਦਰਗਾਹ 'ਚ ਸਹਾਇਤਾ ਕੌਣ ਕਰੇਗਾ?

ਸੋ, ਇਸ ਤਰ੍ਹਾਂ ਮਹਾਰਾਜ ਕਹਿੰਦੇ ਹਨ ਕਿ ਤੂੰ ਕਾਹਦਾ ਮਾਣ ਕਰਦਾ ਹੈਂ ਪ੍ਰੇਮੀਆ! ਇਹ ਨਦੀ ਏਥੇ ਕੋਲ ਦੀ ਜਾਂਦੀ ਹੈ, ਨਦੀ ਦੇ ਵਿਚ ਘਰ ਪਾ ਲਓ ਰੇਤੇ ਦਾ, ਕਿਸੇ ਤਰੀਕੇ ਨਾਲ ਕੰਧਾਂ ਬਣਾ ਲਓ ਰੇਤ ਦੀਆਂ - ਜੋੜ ਜਾੜ ਕੇ, ਜੇ ਮਾੜਾ ਮੋਟਾ ਜੁੜਦਾ ਹੈ; ਜਦੋਂ ਘੁੰਮਣ ਘੇਰ ਵਾਲੀ ਲਹਿਰ ਆਉਣੀ ਹੈ, ਰੋੜ੍ਹ ਕੇ ਲੈ ਜਾਏਗੀ ਸਾਰਾ ਕੁਛ। ਇਸੇ ਤਰ੍ਹਾਂ-

***ਘਰੁ ਬਾਲੂ ਕਾ ਘੂਮਨ ਘੇਰਿ॥***
***ਬਰਖਸਿ ਬਾਣੀ ਬੁਦਬੁਦਾ ਹੇਰਿ॥ ਪੰਨਾ - 1187***

ਜਿਵੇਂ ਪਾਣੀ ਦੇ ਵਿਚ ਬੁਲਬੁਲਾ ਥੋੜ੍ਹੇ ਸਮੇਂ ਵਿਚ ਹੀ ਫਟ ਜਾਂਦਾ ਹੈ, ਇਸੇ ਤਰ੍ਹਾਂ ਨਦੀ ਵਿਚ ਰੇਤ ਦਾ ਬਣਾਇਆ ਘਰ ਇਕ ਛੱਲ ਨਾਲ ਮਾੜਾ ਜਿਹਾ ਪਾਣੀ ਆਏ ਤੋਂ ਹੀ ਰੁੜ੍ਹ ਜਾਵੇਗਾ। ਇਹ ਪੰਜਾਂ ਤੱਤਾਂ ਦੀ ਬਣੀ ਹੋਈ ਦੇਹ ਕੁਝ ਚਿਰ ਲਈ ਹੈ, ਕਾਲ ਦਾ ਗੁਲੇਲਾ ਲਗਦੀ ਸਾਰ ਗਿਰ ਜਾਣੀ ਹੈ, ਜੀਵ ਨੇ ਵਿਚੋਂ ਉਡਾਰੀ ਮਾਰ ਜਾਣੀ ਹੈ, ਇਹ ਸੰਭਾਲ ਕੇ ਜੇ ਰੱਖ ਭੀ ਲਵੇਂ ਤਾਂ ਜੜ੍ਹ ਦੇਹੀ ਕਿਸ ਕੰਮ? **ਇਸ ਦਾ ਮਾਣ ਨਾ ਕਰ ਕਿ ਸੁੰਦਰ ਹੈ; ਇਹ ਤਾਂ ਤੇਰੀ ਸਵਾਰੀ ਹੈ, ਤੇਰੀ ਬੱਘੀ ਹੈ ਜਿਸ ਦੇ ਪੰਜ ਗਿਆਨ ਇੰਦ੍ਰੇ - ਅੱਖਾਂ, ਨੱਕ, ਕੰਨ, ਜ਼ੁਬਾਨ ਤੇ ਸਪਰਸ਼ ਇੰਦ੍ਰੇ ਘੋੜੇ ਹਨ, ਮਨ ਘੋੜਿਆਂ ਦੇ ਮੂੰਹ ਵਿਚ ਵਾਗਾਂ ਹਨ। ਬੁੱਧੀ, ਬੱਘੀ (ਰੱਥ) ਚਲਾਉਣ ਵਾਲੀ ਹੈ, ਜੀਵ ਆਤਮਾ ਸਵਾਰ ਹੈ; ਮੂੰਹ ਜ਼ੋਰ ਘੋੜੇ ਜੀਵ ਨੂੰ ਸ਼ਰਾਬਾਂ, ਕਬਾਬਾਂ, ਸੁੰਦਰੀਆਂ ਦੇ ਥਾਵਾਂ ਤੇ ਲਈ ਫਿਰਦੇ ਹਨ। ਜੀਵ ਭੋਗ ਭੋਗਦਾ ਹੈ - ਪੰਜ ਗਿਆਨ ਇੰਦ੍ਰਿਆਂ ਨਾਲ, ਅੱਖਾਂ ਰੂਪ ਤਕਦੀਆਂ ਹਨ, ਮਨ ਇਨ੍ਹਾਂ**

**ਰਾਹੀਂ ਤਕ ਕੇ ਮੰਦੇ ਫੁਰਨੇ ਕਰਦਾ ਹੈ। ਬੁੱਧੀ ਭ੍ਰਿਸ਼ਟ ਹੋ ਕੇ ਕਰਮ ਕੁਕਰਮ ਦਾ ਨਿਰਣਾ ਕੀਤੇ ਬਿਨਾਂ ਜੀਵ ਨੂੰ ਭੋਗ ਵਿਚ ਲਿਪਤ ਕਰਾਉਣ ਲਈ ਸਹਾਇਕ ਬਣ ਜਾਂਦੀ ਹੈ। ਜਦੋਂ ਅੰਤ ਸਮਾਂ ਆਉਂਦਾ ਹੈ ਤਾਂ ਸਜ਼ਾ ਜੀਵ ਨੂੰ ਹੀ ਮਿਲਦੀ ਹੈ, ਮਨ, ਚਿੱਤ, ਬੁੱਧੀ ਨੂੰ ਨਹੀਂ ਪੁਛਿਆ ਜਾਂਦਾ, ਜੀਵ ਹੀ ਕਰਮਾਂ ਦੇ ਲੇਖੇ ਦਿੰਦਾ ਹੈ।** ਏਵੇਂ ਕੰਨ ਗੰਦੇ ਗੀਤ ਸੁਣਦੇ ਹਨ, ਮਨ ਵਿਚ, ਅੰਤਸ਼ਕਰਣ ਵਿਚ ਹੋਰ ਮੈਲ ਦੀਆਂ ਤੈਹਾਂ ਲਗ ਜਾਂਦੀਆਂ ਹਨ। ਅੰਤਸ਼ਕਰਣ ਮੈਲਾ ਹੋ ਕੇ ਮੈਲੇ ਫੁਰਨੇ ਕਰਦਾ ਹੈ, ਪਾਪ ਕਰਨ ਲਈ ਉਤਸ਼ਾਹ ਦਿੰਦਾ ਹੈ ਪਰ ਫਸਦਾ ਜੀਵ ਹੈ।

ਏਵੇਂ ਹੀ ਜੀਭ ਹੈ, ਮਾਸ ਮੱਛੀਆਂ ਦੇ ਸੁਆਦਾਂ ਵਿਚ ਪ੍ਰਵਿਰਤ ਹੋ ਕੇ ਸ਼ਰਾਬ ਮਾਸ ਪੀਣ ਖਾਣ ਵਿਚ ਪ੍ਰਵਿਰਤ ਹੋ ਜਾਂਦੀ ਹੈ। ਦਰਗਾਹ ਵਿਚ ਪੀੜਾ ਜੀਵ ਨੂੰ ਸਹਿਣੀ ਪੈਂਦੀ ਹੈ। ਇਵੇਂ ਸਪਰਸ਼ ਇੰਦਰੇ (ਉਪਸਥ ਇੰਦਰੇ) ਕਾਮ ਭੋਗਾਂ ਵਿਚ ਪ੍ਰਵਿਰਤ ਹੋ ਕੇ ਅੰਤਸ਼ਕਰਣ ਨੂੰ ਅਤਿ ਮਲੀਨਤਾ ਨਾਲ ਅਤਿ ਮੈਲਾ ਕਰ ਦਿੰਦੇ ਹਨ, ਨਿਮਖ ਕਾਮ ਦੇ ਅਨੰਦ ਦੇ ਭੁਲੇਖੇ ਵਿਚ ਪਿਆ ਜੀਵ ਕਰੋੜਾਂ ਦਿਨ ਫਲ ਭੋਗਦਾ ਦੁਖੀ ਹੁੰਦਾ ਹੈ।

ਸੋ ਨਾਮ ਨੂੰ ਭੁੱਲ ਜਾਣਾ ਆਤਮਘਾਤ ਤੋਂ ਵੀ ਵੱਧ ਪਾਪ ਹੈ। ਇਸ ਤਰ੍ਹਾਂ ਇਹ ਮੰਦੇ ਕਰਮ ਕਰਨ ਨਾਲੋਂ ਜੇ ਮਰ ਜਾਂਦਾ ਤਾਂ ਅੱਛਾ ਸੀ। ਸਾਰੇ ਸੁੱਖ, ਆਨੰਦ, ਪ੍ਰਾਪਤੀਆਂ ਨਾਮ ਦੇ ਅਧੀਨ ਹਨ। ਜੇ ਹਿਰਦੇ ਵਿਚ ਨਾਮ ਦਾ ਨਿਵਾਸ ਹੋ ਜਾਵੇ ਤਾਂ ਨਉਨਿਧੀਆਂ ਦੀਆਂ ਦੌਲਤਾਂ ਉਸ ਦੇ ਪਿਛੇ ਫਿਰਦੀਆਂ ਹਨ। ਸਿੱਧੀਆਂ ਜੋ ਰੂਹਾਨੀ ਸ਼ਕਤੀਆਂ ਹਨ, ਉਹ ਭੀ ਚਰਨਾਂ ਵਿਚ ਥਾਂ ਭਾਲਣ ਲਈ ਮਿੰਨਤਾਂ ਕਰਦੀਆਂ ਹਨ।

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਤੇਰੀ ਦੇਹੀ ਨੇ ਖਾਕ ਬਣ ਜਾਣਾ ਹੈ, ਦੇਹ ਅਧਿਆਸ ਵਿਚ ਲਿਪਤ ਹੋ ਕੇ ਨਾਮ ਨੂੰ ਨਾ ਭੁੱਲ। ਇਸ ਤਰ੍ਹਾਂ ਫੁਰਮਾਨ ਕਰਦੇ ਹਨ –

***ਧਾਰਨਾ – ਤੇਰੀ ਦੇਹੀ ਨੇ ਖਾਕ ਬਣ ਜਾਣਾ,***
***ਕਾਹਦਾ ਮਾਣ ਕਰਦੈਂ ਬੰਦਿਆ।***
***ਮੇਰੇ ਪਿਆਰੇ, ਕਾਹਦਾ ਮਾਣ ਕਰਦੈਂ ਬੰਦਿਆਂ–2, 2.***
***ਤੇਰੀ ਦੇਹੀ ਨੇ ਖਾਕ ਬਣ ਜਾਣਾ –2.***

***'ਘਰੁ ਬਾਲੂ ਕਾ ਘੂੰਮਨ ਘੇਰਿ॥'*** ਨਦੀ ਦੇ ਅੰਦਰ ਘੁੰਮਣ ਘੇਰੀਆਂ ਪੈਂਦੀਆਂ ਨੇ। ਜੇ ਨਦੀ ਵਿਚ ਕੋਈ ਬਾਲੂ ਦਾ ਘਰ ਬਣਾ ਲਵੇ, ਉਹ ਕਿਵੇਂ ਬਚੇਗਾ? ਪਹਿਲੀ ਛੱਲ ਨਾਲ ਹੀ ਰੁੜ੍ਹ ਜਾਣਾ ਹੈ। ***'ਬਰਖਸਿ ਬਾਨੀ ਬੁਦਬੁਦਾ ਹੇਰਿ॥'*** ਪਾਣੀ ਬਰਸ ਗਿਆ, ਉਥੇ ਇਕ ਬੁਲਬੁਲਾ ਬਣ ਗਿਆ। ਜਦ ਦੂਜੀ ਕਣੀ ਪੈਣੀ ਹੈ ਉਹ ਉਦੋਂ ਹੀ ਟੁੱਟ ਜਾਣਾ ਹੈ। ਮਹਾਰਾਜ ਕਹਿੰਦੇ ਕੀ ਮੁਨਿਆਦ ਹੈ ਤੇਰੀ?

***ਧਾਰਨਾ – ਏਥੇ ਕੀ ਮੁਨਿਆਦਾਂ ਤੇਰੀਆਂ,***
***ਪਾਣੀ ਦਿਆ ਬੁਲਬੁਲਿਆ –2, 2***

***ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥***
***ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥***
***ਪੰਨਾ – 1428***

ਸਰੀਰਾਂ ਦਾ ਮਾਣ ਕਾਹਦਾ, ਸਰੀਰ ਦੇ ਸ਼ਿੰਗਾਰ ਦਾ ਮਾਣ ਕਿਉਂ? ਇਸ ਨੂੰ ਸਜਾਉਨੈਂ? ਕੀ ਹੈ ਇਹ? ਪਿਛਲੇ ਦੀਵਾਨ ਵਿਚ ਦੱਸਿਆ ਸੀ ਕਿ –

***ਬਿਸਟਾ ਅਸਤ ਰਕਤੁ ਪਰੇਟੇ ਚਾਮ॥***
***ਇਸੁ ਊਪਰਿ ਲੇ ਰਾਖਿਓ ਗੁਮਾਨ॥ ਪੰਨਾ – 374***

ਕਾਹਦਾ ਗੁਮਾਨ ਕਰਦਾ ਹੈਂ? ਗੰਦ–ਮੰਦ ਦਾ ਗੁਮਾਨ ਹੈ ਤੈਨੂੰ?

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥ ਪੰਨਾ – 374***

ਜੇ ਤਾਂ ਇਸ ਸਰੀਰ ਵਿਚ ਆਤਮ ਜੋਤ ਪ੍ਰਗਟ ਕਰ ਲਈ, ਫਿਰ ਤਾਂ ਇਹ ਮਹਾਂਪਵਿੱਤਰ ਹੈ; ਜੇ ਨਹੀਂ, ਤਾਂ ਨਾਪਾਕ ਹੈ, ਗੰਦ–ਮੰਦ ਦਾ ਥੈਲਾ ਹੈ, ਪਲਾਸਟਿਕ ਦੇ ਸੁੰਦਰ ਥੈਲੇ ਵਿਚ ਗੰਦ ਮੰਦ ਲਪੇਟਿਆ ਹੋਇਆ ਹੈ।

ਮਹਾਰਾਜ ਕਹਿੰਦੇ ਨੇ –

***ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ॥ ਪੰਨਾ – 1187***

ਚੱਕ ਨਾਲ ਘੁਮਿਆਰ ਭਾਂਡੇ ਬਣਾਉਂਦੇ ਨੇ, ਉਹਦਾ ਜਿਹੜਾ ਆਲੇ ਦੁਆਲੇ ਨੂੰ ਹੱਥ ਨਾਲ ਲੱਗਿਆ ਹੋਇਆ ਪਾਣੀ ਗਿਰਦਾ ਹੈ, ਉਹ ਨਾਲ ਦੀ ਨਾਲ ਸੁੱਕ ਜਾਂਦਾ ਹੈ। ਸੋ ਇਸ ਤਰ੍ਹਾਂ ਤੇਰਾ ਹਾਲ ਹੋ ਰਿਹਾ ਹੈ ਪ੍ਰੇਮੀਆ! ਤੇਰਾ ਸਰੀਰ ਕਾਲ ਦੀ ਚਾਲ ਨਾਲ ਨਾਸ਼ ਹੋ ਜਾਣਾ ਹੈ।

***ਸਰਬ ਜੋਤਿ ਨਾਮੈ ਕੀ ਚੇਰਿ॥***
***ਸਰਬ ਉਪਾਇ ਗੁਰੂ ਸਿਰਿ ਮੋਰੁ॥***
***ਭਗਤਿ ਕਰਉ ਪਗ ਲਾਗਉ ਤੋਰ॥***
***ਨਾਮਿ ਰਤੋ ਚਾਹਉ ਤੁਝ ਓਰੁ॥***
***ਨਾਮ ਦੁਰਾਇ ਚਲੈ ਸੋ ਚੋਰੁ॥ ਪੰਨਾ – 1187***

ਜਿਹੜੇ ਨਾਮ ਨਹੀਂ ਜਪਦੇ, ਸਾਰੇ ਹੀ ਚੋਰ ਹਨ ਕਿਉਂਕਿ ਏਥੋਂ ਚੱਲਣ ਨਹੀਂ ਜਾਣਿਆ – ਚਾਹੇ ਕੋਈ ਛੋਟਾ ਹੈ, ਚਾਹੇ ਵੱਡਾ ਹੈ। ਸੰਸਾਰ ਰਹਿਣ ਦਾ ਥਾਂ ਨਹੀਂ ਹੈ, ਭੁਲੇਖਾ ਨਾ ਖਾਓ। ਸਾਧ ਸੰਗਤ ਜੀ! ਭੁਲੇਖੇ ਵਿਚ ਰਹਿੰਦੇ ਹਾਂ ਅਸੀਂ – ਹਰ ਵਕਤ। ਇਹ ਚੱਲਣ ਦੀ ਥਾਂ ਹੈ, ਟਿਕਣ ਦੀ ਥਾਂ ਨਹੀਂ, ਏਥੇ ਅੱਜ ਤੱਕ ਤਾਂ ਕੋਈ ਨਹੀਂ ਰਿਹਾ –

***ਧਾਰਨਾ – ਏਥੇ ਰਿਹਾ ਨਾ ਜਗਤ ਉਤੇ ਕੋਈ,***
***ਵਾਰੀ ਆਈ ਉਠ ਜਾਵਣਾ–2, 2.***
***ਮੇਰੇ ਪਿਆਰੇ, ਵਾਰੀ ਆਈ ਉਠ ਜਾਵਣਾ–2, 2.***
***ਏਥੇ ਰਿਹਾ ਨ ਜਗਤ ਉਤੇ ਕੋਈ.....–2, 2.***

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,***
***ਭੂਮ ਹੀ ਤੇ ਹੁਇਕੈ, ਫੇਰੇ ਭੂਮ ਹੀ ਮਿਲਏ ਹੈਂ॥***
***ਅਕਾਲ ਉਸਤਤਿ***

ਮਹਾਰਾਜ ਜੀ ਨੇ ਮਹਾਂਪੁਰਸ਼ਾਂ ਦੀ ਉਮਰ ਗਿਣੀ ਹੈ - ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਕਹਿੰਦੇ ਹਨ ਕਿ ਇਕ ਸ਼ਿਵ ਜੀ ਆ ਜਾਂਦਾ ਹੈ, ਇਕ ਚਲਿਆ ਜਾਂਦਾ ਹੈ (16 ਕ੍ਰੋੜ ਖਰਬ ਸਾਲ ਦੀ ਉਮਰ ਸ਼ਿਵ ਜੀ ਦੀ ਹੈ), ਇਕ ਰਾਮ ਚੰਦਰ ਆ ਜਾਂਦੇ ਹਨ, ਇਕ ਕ੍ਰਿਸ਼ਨ ਆ ਜਾਂਦੇ ਹਨ, ਇਕ ਚਲੇ ਜਾਂਦੇ ਹਨ, ਫੇਰ ਆ ਜਾਂਦੇ ਹਨ। ਕ੍ਰੋੜਾਂ ਵਾਰੀ ਆ ਚੁੱਕੇ ਹਨ, ਤੂੰ ਕਿਹੜੇ ਬਾਗ ਦੀ ਮੂਲੀ ਹੈਂ ਪ੍ਰੇਮੀਆਂ! ਕੀਹਦੇ ਆਸਰੇ ਤੂੰ ਇਸ ਸੰਸਾਰ ਵਿਚ ਰਹਿਣ ਦਾ ਨਿਸ਼ਚਾ ਧਾਰੀਂ ਬੈਠਾ ਹੈਂ? ਭੁੱਲ ਗਿਆ ਪਿਆਰਿਆ! ਤੈਨੂੰ ਤਾਂ ਵਾਹਿਗੁਰੂ ਨਾਲ ਪਿਆਰ ਕਰਨ ਵਾਸਤੇ ਮਨੁੱਖਾ ਜਨਮ ਮਿਲਿਆ ਸੀ।

ਕਈ ਕਹਿੰਦੇ ਨੇ ਕਿ ਇਹ ਰਚਨਾ ਕਾਹਦੇ ਵਾਸਤੇ ਰਚੀ ਹੈ, ਮਨੁੱਖ ਕਿਉਂ ਬਣਾ ਦਿਤਾ, ਰੱਬ ਦਾ ਕੀ ਮਤਲਬ ਸੀ ਇਹ ਸਭ ਕੁਝ ਬਨਾਉਣ ਦਾ? ਇਹ ਵੀ ਗੱਲ ਸਮਝ ਲਓ। ਪਰਮੇਸ਼ਰ ਆਪ ਆਪਣੇ ਆਪ ਤੋਂ ਹੀ ਅਨੇਕ ਰੂਪ ਹੋਇਆ ਹੋਇਆ ਹੈ। ਜਿੰਨਾਂ ਸਾਨੂੰ ਦਿਸਦਾ ਹੈ, ਜਿਥੇ ਤੱਕ ਨਿਗ੍ਹਾ ਜਾਂਦੀ ਹੈ, ਸਭ ਵਾਹਿਗੁਰੂ ਹੀ ਹੈ, ਉਹ ਆਪਣੇ ਆਪ ਤੋਂ ਹੀ ਪਸਰਿਆ ਹੈ। ਸੰਸਾਰ ਇਸ ਕਰਕੇ ਪ੍ਰਤੀਤ ਦਿੰਦਾ ਹੈ ਕਿ ਪ੍ਰਭੂ ਦੇ ਹੁਕਮ ਵਿਚ ਹੀ ਹਉਮੈ ਦਾ ਅੰਧਕਾਰ ਬਣਿਆ। ਜਦੋਂ ਮਾਇਆ ਤੇ ਚੇਤਨ ਪ੍ਰਭੂ ਦਾ ਪ੍ਰਕਾਸ਼ ਪਿਆ ਤਾਂ ਪ੍ਰਕ੍ਰਿਤੀ ਵਿਚ ਚੇਤਨਾ ਆ ਗਈ। ਪ੍ਰਕਾਸ਼ ਹੋਇਆ, ਪ੍ਰਕ੍ਰਿਤੀ ਵਿਚ ਪ੍ਰਕਾਸ਼ (ਪ੍ਰਭੂ ਸ਼ਕਤੀ ਦਾ ਪ੍ਰਤੀਬਿੰਬ) ਪੈਂਦੇ ਹੀ ਪ੍ਰਕ੍ਰਿਤੀ ਦੇ ਅਣਗਿਣਤ ਚਿੱਤਾਂ ਵਿਚ ਸੁਰਤ ਜਿਹੀ ਆਈ। ਚਿੱਤ ਨੇ ਹਉਮੈ ਦੇ ਅਸਰ ਅਧੀਨ ਆਪਣਾ ਛੋਟਾ, ਅਤਿ ਨਿੱਕਾ ਸਰਕਲ ਵਜੂਦ ਵਿਚ ਲਿਆਂਦਾ ਜਿਥੇ 'ਮੈਂ ਅਤੇ ਮੇਰੇ' ਦਾ ਭਾਵ ਉਤਪੰਨ ਹੋਇਆ। ਗਿਆਨ (ਸੁਰਤ) ਪੈਦਾ ਹੋਇਆ। ਪ੍ਰਕ੍ਰਿਤੀ, ਪ੍ਰਕ੍ਰਿਤਕ ਨਿਯਮਾਂ ਵਿਚ, ਚੇਤਨ ਦੇ ਪ੍ਰਤੀਬਿੰਬ ਕਰਕੇ ਬੰਨ੍ਹੀ ਗਈ। ਹਉਮੈ ਸ਼ਕਤੀ ਦੇ ਪ੍ਰਭਾਵ ਹੇਠ, ਨਾਮ ਦੀ ਪਰੀਪੂਰਨਤਾ ਦੀ ਇਕਾਈ ਨੂੰ ਭੰਗ ਕਰਕੇ, ਅਨੇਕਾਂ ਚਿੱਤਾਂ ਦੀ ਹੋਂਦ ਵਿਚ ਬਦਲ ਗਈ। ਰਜੋ ਸਤੋ ਤਮੋ ਗੁਣਾਂ ਨੇ ਹਿਲਜੁਲ ਪੈਦਾ ਕਰਕੇ ਨਾਨਾ ਪ੍ਰਕਾਰ ਦੀ ਸ੍ਰਿਸ਼ਟੀ ਦੀ ਹੋਂਦ ਧਾਰਨ ਕੀਤੀ। ਚੇਤਨ ਤੱਤ, ਸਤਿ ਚਿੱਤ ਅਨੰਦ ਪ੍ਰਿਯ ਹੈ ਪਰ ਪ੍ਰਕ੍ਰਿਤੀ ਜੜ੍ਹ, ਦੁਖ ਰੂਪ, ਹਰ ਛਿਨ ਬਦਲਣ ਵਾਲੀ ਛਿਨਭੰਗਰ ਹੈ। ਦੁੱਖ ਦਾ ਮੂਲ, ਪ੍ਰਕ੍ਰਿਤੀ ਹੈ, ਸਾਰੇ ਦੁਖਾਂ ਦਾ ਖਾਤਮਾ ਨਾਮ ਮੰਨਣ ਨਾਲ ਹੁੰਦਾ ਹੈ। ਨਾਮ ਮੰਡਲ ਵਿਚ ਪਹੁੰਚਣ ਲਈ ਮੈਲੇ ਚਿੱਤ ਦੀ ਮੈਲ ਪੂਰੀ ਤਰ੍ਹਾਂ ਧੋਣੀ ਲੋੜੀਂਦੀ ਹੈ। ਪਹਿਲਾਂ ਨਿਸ਼ਕਾਮ ਕਰਮ ਚਿੱਤ ਦੀ ਮਲੀਨਤਾ ਨੂੰ ਦੂਰ ਕਰਨ ਲਈ ਸਹਾਈ ਹੁੰਦੇ ਹਨ, ਫਿਰ ਉਪਾਸ਼ਨਾ (ਧਿਆਨ) ਦੀ ਵਾਰੀ ਆਉਂਦੀ ਹੈ। ਉਪਾਸ਼ਨਾ, ਪ੍ਰਾਣਮਯ, ਮਨੋਮਯ, ਵਿਗਿਆਨਮਯ ਪਰਦੇ ਪਾੜਨ ਦੀ ਸਮਰੱਥਾ ਰਖਦੀ ਹੈ। ਆਪਣੇ ਸਰੂਪ ਦਾ ਜਦੋਂ ਗਿਆਨ ਹੁੰਦਾ ਹੈ ਤਾਂ ਇਸ ਨੂੰ ਨਿਰਵਾਣ ਪਦਵੀ ਪ੍ਰਾਪਤ ਹੁੰਦੀ ਹੈ। ਤਿੰਨ ਦੋਸ਼ ਚਿੱਤ ਵਿਚ ਹਨ - 1. ਮਲ, 2. ਵਿਖਸ਼ੇਪ, 3. ਆਵਰਨ। ਮਲ ਨਿਸ਼ਕਾਮ ਕਰਮਾਂ ਨਾਲ ਦੂਰ ਹੁੰਦੀ ਹੈ, ਵਿਖਸ਼ੇਪ ਧਾਰਨਾ, ਧਿਆਨ, ਸਮਾਧੀ ਦੀ ਪਰਪੱਕਤਾ ਨਾਲ ਦੂਰ ਹੁੰਦਾ ਹੈ, ਆਵਰਨ (ਪਰਦਾ) ਗਿਆਨ ਪ੍ਰਾਪਤੀ ਨਾਲ, ਆਪਣੇ ਸਰੂਪ ਨੂੰ ਸਾਖਸ਼ਾਤ ਦੇਖ ਕੇ, ਮੰਨ ਕੇ, ਪ੍ਰਤੀਤੀ ਵਿਚ ਆ ਕੇ ਦੂਰ ਹੁੰਦੀ ਹੈ। ਜਦੋਂ ਚਿੱਤ ਇਕਾਗਰ ਹੋ ਕੇ ਨਿਰੁੱਧ ਹੋ ਗਿਆ ਤਾਂ ਆਵਰਣ ਦਾ ਪਾਇਆ ਹੋਇਆ ਪੜਦਾ ਫਟ ਜਾਂਦਾ ਹੈ। ਵਾਹਿਗੁਰੂ ਜੀ ਸਾਰਿਆਂ ਘਟਾਂ ਵਿਚ ਪਰੀਪੂਰਨ ਹੈ। ਪਰ ਇਨ੍ਹਾਂ ਸਰੀਰਾਂ ਵਿਚ ਹੀ ਇਕ ਸਰੀਰ ਅਜਿਹਾ ਹੈ ਜੋ ਪੂਰਨ ਗਿਆਨ ਰੂਪ ਹੁੰਦਾ ਹੈ, ਉਹ ਕ੍ਰੋੜਾਂ ਵਿਚੋਂ ਇਕ ਅੱਧਾ ਹੁੰਦਾ ਹੈ, ਉਸ ਵਿਚ ਪ੍ਰਭੂ ਖੁਦ ਪ੍ਰਗਟ ਰੂਪ ਵਿਚ ਵਰਤਦਾ ਹੈ, ਉਹ ਸਰੀਰ ਸੰਤ ਦਾ ਹੁੰਦਾ ਹੈ -

***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥***
***ਪੰਨਾ - 1427***

ਵਾਹਿਗੁਰੂ ਜੀ ਉਸ ਸੰਤ ਸਰੀਰ ਵਿਚ ਪ੍ਰਗਟ ਹੋ ਕੇ ਬਹਿ ਜਾਂਦੇ ਹਨ। ਸੰਤ ਮਹਾਰਾਜ ਕਹਿੰਦੇ ਸੀ ਕਿ ਜਿਸ ਨੂੰ ਤੁਸੀਂ ਈਸ਼ਰ ਸਿੰਘ ਕਹਿੰਦੇ ਹੋ, ਉਹ ਤਾਂ ਬੜੀ ਦੇਰ ਦਾ ਚੜ੍ਹਾਈ ਕਰ ਗਿਆ, ਪ੍ਰੇਮੀਓ! ਏਥੇ ਈਸ਼ਰ ਸਿੰਘ ਨਾਉਂ ਦੀ ਕੋਈ ਚੀਜ਼ ਨਹੀਂ ਹੈ। ਅਗਾਹਾਂ ਦੀ ਗੱਲ ਤੁਸੀਂ ਸਮਝੋ ਕਿ ਉਥੇ ਕੀ ਹੈ, ਕੀ ਰਹਿ ਗਿਆ ਬਾਕੀ? ਕੀ ਰੱਬ ਰਹਿੰਦਾ ਹੈ ਇਸ ਸਰੀਰ ਵਿਚ? ਇਸ ਸਰੀਰ ਵਿਚ 'ਮੈਂ' ਰਹਿੰਦਾ ਹਾਂ। ਜੇ 'ਮੈਂ' ਮਰ ਜਾਏ, ਫੇਰ ਸਰੀਰ ਵਿਚ ਕੀ ਰਹਿ ਗਿਆ? ਰੱਬ ਰਹਿ ਗਿਆ ਨ। ਸੰਤਾਂ ਦੇ ਵਿਚੋਂ 'ਮੈਂ' ਮਰ ਜਾਂਦੀ ਹੈ, ਫੇਰ ਪਰਮੇਸ਼ਰ ਇਨ੍ਹਾਂ ਅੱਖਾਂ ਦੇ ਨਾਲ ਦਿਸਦਾ ਹੈ, ਇਨ੍ਹਾਂ ਕੰਨਾਂ ਦੇ ਨਾਲ ਸੁਣ ਹੋ ਜਾਂਦਾ ਹੈ-

***ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥ ਪੰਨਾ - 224***

ਜਿਵੇਂ ਅਸੀਂ ਧਰਤੀ ਵਿਚ ਕੋਈ ਬੀਜ ਬੀਜਦੇ ਹਾਂ, ਫਿਰ ਇਹ ਦਰੱਖਤ ਬਣਦਾ ਹੈ, ਕਿੰਨਾ ਚਿਰ ਲੱਗ ਜਾਂਦਾ ਹੈ। ਫੇਰ ਇਹ ਬੀਜ ਟਾਹਣੀਆਂ ਵਿਚ ਚਲਿਆ ਜਾਂਦਾ ਹੈ, ਉੱਥੇ ਕੋਪਲ ਬਣ ਜਾਂਦਾ ਹੈ, ਫੇਰ ਟਹਿਣੇ ਬਣ ਜਾਂਦੇ ਹਨ, ਪੱਤੇ ਬਣ ਜਾਂਦੇ ਹਨ, ਫੇਰ ਫੁੱਲ ਬਣ ਜਾਂਦੇ ਹਨ। ਫੇਰ ਮੁੜ ਕੇ ਇਹ ਫਲ ਬਣ ਜਾਂਦੇ ਹਨ। ਫਲ ਦੇ ਵਿਚ ਹਰੇਕ ਦੇ ਵਿਚ ਬੀਜ ਹੁੰਦਾ ਹੈ -

***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥***
***ਫਲ ਪਾਕੇ ਤੇ ਏਕੰਕਾਰਾ॥ ਪੰਨਾ - 736***

ਇਸ ਤਰ੍ਹਾਂ ਇਸ ਸ੍ਰਿਸ਼ਟੀ ਦੇ ਵਿਚ ਵਾਹਿਗੁਰੂ ਹੈ, ਘਟ-ਘਟ ਵਿਚ ਰਮਿਆ ਹੋਇਆ ਹੈ - ਤੁਹਾਡੇ, ਮੇਰੇ, ਸਾਰਿਆਂ ਦੇ ਵਿਚ। ਜੋ ਸੰਤ ਦਾ ਸਰੀਰ ਹੈ, ਉਸ ਸਰੀਰ ਵਿਚੋਂ ਮੈਂ ਮਰ ਜਾਣ ਉਪਰੰਤ ਵਾਹਿਗੁਰੂ ਆਪ ਹੀ ਫੇਰ ਪ੍ਰਗਟ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਬਾਕੀ ਜਿਹੜਾ ਸੰਸਾਰ ਹੈ, ਉਹ ਨਹੀਂ ਹੋਇਆ ਕਰਦਾ ਕਿਉਂਕਿ ਆਪਣੇ ਆਪ ਨੂੰ ਭੁੱਲ ਗਿਆ, ਭੁੱਲ ਕੇ ਵਾਹਿਗੁਰੂ ਤੋਂ ਜੀਵ ਬਣ ਗਿਆ, ਜੀਵ ਆਤਮਾ ਬਣ ਗਿਆ, ਭਰਮ ਪੈ ਗਿਆ। ਭਰਮ ਪੈਣ ਨਾਲ ਇਸ ਨੇ ਮਾਇਆ ਦੇ ਨਾਲ ਪਿਆਰ ਪਾ ਲਿਆ। ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਧਾਰਨਾ - ਭਾਦੋਂ ਭਰਮਿ ਭੁਲਾਣੀਆਂ,***
***ਦੂਜੈ ਲਗਾ ਹੇਤ-2, 2.***
***ਦੂਜੈ ਲਗਾ ਹੇਤੁ -4, 2.***
***ਭਾਦੋਂ ਭਰਮ ਭੁਲਾਣੀਆਂ.........-2.***

***ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥***
***ਪੰਨਾ - 134***

ਚਾਹੀਦਾ ਤਾਂ ਇਹ ਸੀ ਕਿ ਅਸੀਂ ਵਾਹਿਗੁਰੂ ਨੂੰ ਯਾਦ ਕਰਦੇ, ਉਸ ਦੇ ਨਾਲ ਪਿਆਰ ਪਾਉਂਦੇ ਪਰ ਇਸ ਦਾ ਹੇਤ, ਪਿਆਰ ਕੀਹਦੇ ਨਾਲ ਲੱਗ ਗਿਆ? ਪਹਿਲਾਂ ਤਾਂ ਆਪਣੇ ਸਰੀਰ ਨਾਲ ਲੱਗਿਆ, ਫੇਰ ਕੱਪੜਿਆਂ-ਲੀੜਿਆਂ ਨਾਲ ਲੱਗ ਗਿਆ, ਫੇਰ ਬਾਲ-ਬੱਚਿਆਂ ਨਾਲ ਲੱਗ ਗਿਆ, ਫੇਰ ਖਾਣ ਨਾਲ ਲੱਗ ਗਿਆ। ਸਾਰੀ ਜ਼ਿੰਦਗੀ ਵਾਹਿਗੁਰੂ ਤੋਂ ਭੁੱਲ ਕੇ ਬਿਰਥਾ ਗੁਆ ਲਈ -

***ਪਹਿਲੈ ਪਿਆਰਿ ਲਗਾ ਥਣ ਦੁਧਿ॥***
***ਦੂਜੈ ਮਾਇ ਬਾਪ ਕੀ ਸੁਧਿ॥***
***ਤੀਜੈ ਭਯਾ ਭਾਭੀ ਬੇਬ॥***
***ਚਉਥੈ ਪਿਆਰਿ ਉਪੰਨੀ ਖੇਡ॥***
***ਪੰਜਵੈ ਖਾਣ ਪੀਅਣ ਕੀ ਧਾਤੁ॥***
***ਛਿਵੈ ਕਾਮੁ ਨ ਪੁਛੈ ਜਾਤਿ॥***
***ਸਤਵੈ ਸੰਜਿ ਕੀਆ ਘਰਵਾਸੁ॥***
***ਅਠਵੈ ਕ੍ਰੋਧੁ ਹੋਆ ਤਨ ਨਾਸੁ॥*** ***ਪੰਨਾ - 137***

ਇਨ੍ਹਾਂ ਚੀਜ਼ਾਂ ਦੇ ਨਾਲ ਪਿਆਰ ਪਾ ਲਿਆ - ਵਾਹਿਗੁਰੂ ਨੂੰ ਛੱਡ ਕੇ। ਫੇਰ ਸ਼ਿੰਗਾਰ ਬਣਾਉਂਦਾ ਹੈ। ਬਣਾਈ ਜਾਹ, ਪਰ ਇਹ ਰੱਬ ਦੇ ਦਰ ਤੇ ਨਹੀਂ ਪਰਵਾਨ ਹੁੰਦਾ -

***ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥***
***ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥***
***ਪੰਨਾ - 134***

ਫੇਰ ਕੀ ਹੋਏਗਾ? ਤੈਨੂੰ ਭੂਤ ਕਹਿਣਗੇ, ਪ੍ਰੇਤ ਕਹਿਣਗੇ, ਇਕ ਘੜੀ ਨਹੀਂ ਕਿਸੇ ਨੇ ਘਰ ਵਿਚ ਰੱਖਣਾ, ਕਾਢੋ ਕਾਢੋ ਹੋ ਜਾਏਗੀ। ਵੱਡਾ ਇੱਜ਼ਤ ਵਾਲਾ ਬਣਿਆ ਫਿਰਦਾ ਹੈਂ, ਇਕ ਘੜੀ ਨਹੀਂ ਕਿਸੇ ਨੇ ਰੱਖਣਾ। ਫੇਰ ਕਹਿੰਦੇ ਨੇ ਛੇਤੀਂ ਕਰੋ। ਡਰਨ ਲੱਗ ਜਾਂਦੇ ਹਨ ਕਿ ਰਾਤ ਨੂੰ ਕਾਨ੍ਹਾ ਨਾਲ ਪਾ ਦਿਓ ਕਿ ਕਿਤੇ ਵਧ ਨਾ ਜਾਵੇ। ਡਰਦੇ ਨੇ ਉਸ ਤੋਂ, ਬਹੁਤ ਡਰਦੇ ਨੇ। ਜੇ ਕਿਤੇ ਮੁਰਦਾ ਉਠ ਖੜੇ, ਘਰ ਦੇ ਸਾਰੇ ਡਰ ਕੇ ਇਕ ਵਾਰੀ ਤਾਂ ਨੱਠ ਕੇ ਬਾਹਰ ਨਿਕਲ ਜਾਣਗੇ। ਸਾਧ ਸੰਗਤ ਜੀ! ਪਿਆਰ ਤਾਂ ਹਿਤ ਦਾ ਹੈ, ਬੰਦੇ ਨਾਲ ਪਿਆਰ ਨਹੀਂ ਹੈ। ਹਿਤ ਨੂੰ ਰੋਂਦੀ ਹੈ ਦੁਨੀਆਂ -

***ਧੰਧਾ ਪਿਟਿਹੁ ਭਾਈਹੋ ਤੁਮ੍ਹ ਕੂੜੁ ਕਮਾਵਹੁ॥*** ***ਪੰਨਾ - 418***

ਆਪਣੇ ਧੰਧੇ ਵਾਸਤੇ ਰੋਂਦੇ ਹਾਂ ਅਸੀਂ ਕਿ ਫਲਾਣਾ ਚਲਿਆ ਗਿਆ। ਮਹਾਰਾਜ ਕਹਿੰਦੇ, ਵਾਹਿਗੁਰੂ ਨਾਲ ਪਿਆਰ ਕਰ ਲੈ-

***ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥***
***ਪੰਨਾ - 134***

ਜਿਸ ਵਕਤ ਦੇਹ ਬਿਨਸ ਗਈ, ਉਸੇ ਵੇਲੇ ਆਵਾਜ਼ਾਂ ਆਉਣ ਲੱਗ ਜਾਂਦੀਆਂ ਹਨ -

***ਧਾਰਨਾ - ਆਖਣਗੇ ਪ੍ਰੇਤ, ਜਦੋਂ ਛਡਿਆ ਸਰੀਰ ਨੂੰ - 2, 2***
***ਛੱਡਿਆ ਸਰੀਰ ਨੂੰ - 4, 2.***
***ਆਖਣਗੇ ਪ੍ਰੇਤ, ਜਦੋਂ ਛੱਡਿਆ,.........2***

ਫੇਰ ਕਿਸੇ ਨੇ ਨਹੀਂ ਕਹਿਣਾ ਸਰਦਾਰ ਸਾਹਿਬ! ਰਾਇ ਬਹਾਦਰ; ਉਸੇ ਵੇਲੇ ਇਸ ਨੂੰ 'ਪ੍ਰੇਤ ਪ੍ਰੇਤ' ਕਰਨ ਲੱਗ ਜਾਂਦੇ ਹਨ। ਫੇਰ ਜਾਣਾ ਕਿਥੇ ਹੈ? ਕਿਸੇ ਰਾਜੇ ਦੀ ਕੁਰਸੀ ਤੇ ਬੈਠਣਾ ਹੈ? ਕਰਮ ਦੇਖ ਲੈ ਆਪਣੇ - ਜੇ ਤਾਂ ਕੀਤੇ ਨੇ ਵਧੀਆ, ਫੇਰ ਤਾਂ ਭਾਈ ਗੁਰੂ ਦੇ ਦਰ ਜਾਵੇਂਗਾ -

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਪੰਨਾ - 517***

ਜੇ ਤਾਂ ਪਿਆਰ ਕੀਤਾ ਹੈ ਗੁਰੂ ਨਾਲ, ਸੇਵਾ ਕੀਤੀ ਹੈ ਗੁਰੂ ਘਰ ਦੀ, ਕਮਾਈ ਵਿਚੋਂ ਦਸਵੰਧ ਦਿਤਾ ਹੈ - ਗੁਰੂ ਵਾਸਤੇ, ਵੈਰ ਭਾਵ ਕਿਸੇ ਨਾਲ ਰੱਖਿਆ ਨਹੀਂ, ਲੋਕਾਂ ਦੇ ਝਗੜੇ-ਝਾਟੇ ਮਿਟਾਏ ਨੇ, ਸੇਵਾ ਕੀਤੀ ਹੈ - ਦਵਾਈਆਂ ਨਾਲ ਕੀਤੀ ਹੈ ਜਾਂ ਹੋਰ ਤਰੀਕੇ ਨਾਲ ਕੀਤੀ ਹੈ, ਫੇਰ ਤਾਂ ਭਾਈ ਤੂੰ ਜਾਵੇਂਗਾ ਗੁਰੂ ਕੋਲ। ਜੇ -

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥*** ***ਪੰਨਾ - 267***

ਇਨ੍ਹਾਂ ਕੰਮਾਂ ਵਿਚ ਪਿਆ ਰਿਹਾ ਹੈਂ, ਫੇਰ ਤਾਂ ਔਖਾ ਹੋ ਜਾਊ ਪ੍ਰੇਮੀਆਂ! ਮਹਾਰਾਜ ਇਸ ਤਰ੍ਹਾਂ ਕਹਿੰਦੇ ਹਨ, ਪੜ੍ਹੋ ਪਿਆਰ ਨਾਲ -

***ਧਾਰਨਾ - ਜਦੋਂ ਜਿੰਦ ਓ, ਲੈ ਕੇ ਜਾਣਗੇ -2, 2.***
***ਪਿਆਰੇ ਭੇਤ ਨਾ ਕਿਸੇ ਨੂੰ ਮਿਲਿਆ-2, 2.***
***ਜਦੋਂ ਜਿੰਦ ਓ, ਲੈ ਕੇ ਜਾਣਗੇ -2, 2.***

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥***
***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥*** ***ਪੰਨਾ - 471***

***'ਕਪੜੁ ਰੂਪ ਸੁਹਾਵਣਾ'*** ਸੁਹਣੇ ਕੱਪੜੇ ਤੇ ਸੋਹਣਾ ਰੂਪ ***'ਛਡਿ ਦੁਨੀਆ ਅੰਦਰਿ ਜਾਵਣਾ॥'*** ਸੰਸਾਰ ਵਿਚ ਹੀ ਰਹਿ ਜਾਣਾ ਹੈ। ***'ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।। ਹੁਕਮੁ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ।। ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ।।'*** ਨਗਨ ਜਾਂਦਾ ਹੈ। ਕੀਤੇ ਹੋਏ ਪਾਪਾਂ ਦੇ ਧੱਬੇ, ਠੱਪੇ ਲਾਏ ਹੁੰਦੇ ਨੇ - ਕਰਮਾਂ ਦੇ। ਦੂਰੋਂ ਹੀ ਦਿਸਦਾ ਹੈ ਕਿ ਆਹ ਜਾਂਦਾ ਹੈ ਪਾਪੀ ਬੰਦਾ।

***ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥***
***ਪੰਨਾ - 134***

ਭੇਤ ਨਹੀਂ ਦੇਣਾ ਕਿਸੇ ਨੂੰ ਕਿ ਕਿਥੇ ਲੈ ਗਏ, ਕਾਹਦੇ ਵਿਚ ਲੈ ਗਏ? ਪਰ ਮਾੜਾ-ਮਾੜਾ ਭੇਤ ਮਿਲ ਜਾਂਦਾ ਹੈ। ਜੇ ਮਕਾਨ-ਮਕਾਨ, ਜ਼ਮੀਨ-ਜ਼ਮੀਨ ਕਰਦਾ ਮਰੇ ਤਾਂ ਏਥੇ ਹੀ ਆ ਜਾਂਦਾ ਹੈ -

***ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ॥*** ***ਪੰਨਾ - 526***

ਇਹ ਪ੍ਰੇਤ ਬਣ ਜਾਂਦਾ ਹੈ। ਜੇ 'ਪੈਸਾ ਪੈਸਾ' ਕਰਦਾ ਮਰ ਗਿਆ ਫੇਰ ਇਹ ਸਰਕੜਿਆਂ ਵਿਚ ਸੱਪ ਬਣ ਜਾਏਗਾ। ਜੇ

ਇਸਤਰੀ ਨੂੰ ਯਾਦ ਕਰਦਾ ਮਰ ਗਿਆ, ਵੇਸਵਾ ਬਣ ਜਾਏਗਾ। ਜੇ ਪੁੱਤਰ ਪੁੱਤਰ ਕਰਦਾ ਮਰ ਗਿਆ, ਸੂਰ ਬਣ ਜਾਏਗਾ। ਲੱਭਣਾ ਤਾਂ ਨਹੀਂ ਇਹ ਸੂਰਾਂ ਵਿਚੋਂ ਕਿ ਕਿਹੜਾ ਸਾਡਾ ਬਾਪੂ ਹੈ? ਟੋਲ੍ਹ ਲਓਂਗੇ?

***ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥***
***ਪੰਨਾ - 134***

ਜਿਨ੍ਹਾਂ ਨਾਲ ਪਿਆਰ ਸੀ, ਉਹ ਹੁਣ ਨੇੜੇ ਨਹੀਂ ਲਗਦੇ, ਬਾਹਾਂ ਭੰਨ-ਭੰਨ ਕੇ ਕੱਫਣ ਪਾਉਂਦੇ ਨੇ। ਜੇ ਕਿਤੇ ਬੈਠਾ-ਬੈਠਾ ਚੜ੍ਹਾਈ ਕਰ ਜਾਏ, ਗੋਡੇ ਜੁੜ ਜਾਂਦੇ ਹਨ, ਬਾਹਾਂ ਜੁੜ ਜਾਂਦੀਆਂ ਹਨ, ਸਿੱਧੀਆਂ ਨਹੀਂ ਹੁੰਦੀਆਂ, ਫੇਰ ਕਹਿੰਦੇ ਨੇ ਕੱਫਣ ਪਾਉਣੈ, ਖਿਚੋ ਐਧਰਲੇ ਪਾਸੇ ਨੂੰ, ਤੋੜ ਦਿੰਦੇ ਨੇ ਗੋਡਿਆਂ ਨੂੰ, ਬਾਹਾਂ ਨੂੰ -

***ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥***
***ਪੰਨਾ - 134***

ਇਸ ਤਰ੍ਹਾਂ ਦੇ ਨਾਲ ਹਾਲ ਹੁੰਦਾ ਹੈ। ਮਹਾਰਾਜ ਕਹਿੰਦੇ, ਪ੍ਰੇਮੀਆਂ! ਕਾਹਦਾ ਮਾਣ ਕਰਦਾ ਹੈਂ? ਦੇਹੀ ਦਾ ਮਾਣ ਕਰਦਾ ਹੈਂ? ਤੂੰ ਸੋਚ, ਪਰਮੇਸ਼ਰ ਦਾ ਨਾਮ ਜਪਣ ਵਾਸਤੇ ਤੂੰ ਆਇਆ ਸੀ। ਇਸ ਕਰਕੇ ਨਾਮ ਜਪਣ ਵਾਲਾ ਤਾਂ ਹੋਇਆ ਜਿਉਂਦਾ, ਬਾਕੀ ਸਾਰਿਆਂ ਦੀ ਤਾਂ ਪਤਿ ਜਾਂਦੀ ਰਹੀ -

***ਪਤਿ ਖੋਈ ਬਿਖੁ ਅੰਚਲਿ ਪਾਇ॥***
***ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ॥***
***ਪੰਨਾ - 1187***

ਜਿਹੜੇ ਨਾਮ ਦੇ ਨਾਲ ਰੱਤੇ ਹੋਏ ਨੇ, ਉਹ ***'ਪਤਿ ਸਿਉ ਘਰਿ ਜਾਇ।।'*** ਜਿਹੜੇ ਤਾਂ ਨਾਮ ਨਾਲ ਰਚ ਗਏ, ਉਹ ਤਾਂ ਪਤਿ ਨਾਲ ਜਾਂਦੇ ਨੇ, ਇੱਜ਼ਤ ਨਾਲ ਜਾਂਦੇ ਨੇ-

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥*** ***ਪੰਨਾ - 252***

ਸਭ ਕਹਿੰਦੇ ਨੇ - ਆਓ ਜੀ, ਆਓ ਜੀ, ਧੰਨ ਤੁਹਾਡੀ ਮਾਤਾ, ਧੰਨ ਤੁਹਾਡੀ ਮਾਤਾ।

ਜਿਹੜੇ ਘਰ ਦੇ ਅੰਦਰ ਇਕ ਰੱਬ ਦਾ ਪਿਆਰਾ ਪੈਦਾ ਹੋ ਜਾਏ, ਜਿਹੜਾ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦਾ ਹੈ, ਫੇਰ ਬਾਣੀ ਪੜ੍ਹਦਾ ਹੈ, ਕੋਈ ਚੁਗਲੀ ਨਹੀਂ ਕਰਦਾ, ਨਿੰਦਿਆ ਨਹੀਂ ਕਰਦਾ, ਈਰਖਾ ਨਹੀਂ ਕਰਦਾ; ਜਿੰਨੀ ਹੋ ਸਕੇ ਸੇਵਾ ਕਰਦਾ ਹੈ; ਉਹ ਜੇ ਚੜ੍ਹਾਈ ਕਰ ਜਾਵੇ ਤਾਂ 21 ਕੁਲਾਂ ਉਸ ਦੀਆਂ ਤਰ ਜਾਂਦੀਆਂ ਹਨ, ਇਹ ਸਾਰੇ ਨਰਕਾਂ ਵਿਚ ਨਹੀਂ ਜਾਂਦੇ। ਕੁੱਤਿਆਂ ਬਿੱਲਿਆਂ ਦੀਆਂ ਜੂਨਾਂ ਵਿਚੋਂ ਨਿਕਲ ਕੇ ਮਨੁੱਖ ਬਣ ਜਾਣਗੇ। ਕਿੱਡਾ ਵੱਡਾ ਹੋ ਗਿਆ ਉਹ? ਜੇ ਇਕ ਪਾਪੀ ਬੰਦਾ ਹੋ ਜਾਏ, ਉਹ 21 ਕੁਲਾਂ ਨਰਕ ਵਿਚ ਲੈ ਜਾਂਦਾ ਹੈ। ***'ਮਦਰਾ ਦਹਤੀ ਸਪਤ ਕੁਲ'*** ਸੱਤ ਕੁਲਾਂ ਦਾ ਨਾਸ਼ ਕਰ ਦਿੰਦੀ ਹੈ ਸ਼ਰਾਬ। ***'ਭਾਂਗ ਦਹੈ ਤਨ ਏਕ।' 'ਜਗਤ ਜੂਠ ਸ਼ੱਤ ਕੁਲ ਦਹੈ'*** ਤਮਾਕੂ ਪੀਣ ਵਾਲਾ, ਜ਼ਰਦਾ ਖਾਣ ਵਾਲਾ ਸੌ ਕੁਲਾਂ ਦਾ ਨਾਸ਼ ਕਰ ਦਿੰਦਾ ਹੈ। ਐਧਰ ਜਿਹੜਾ ਬ੍ਰਹਮਗਿਆਨੀ ਹੈ, ਉਹ 101 ਕੁਲਾਂ ਦਾ ਉਧਾਰ ਕਰ ਦਿੰਦਾ ਹੈ, ***'ਨਿੰਦਾ ਦਹੈ ਅਨੇਕ।'*** ਜੇ ਘਰ ਵਿਚ ਕੋਈ ਨਿੰਦਿਆ ਵਾਲਾ ਆ ਜਾਵੇ ਤਾਂ ਸਿੱਧੇ ਹੀ ਜਾਂਦੇ ਨੇ ਨਰਕਾਂ ਵਿਚ।

ਸੋ ਮਹਾਰਾਜ ਕਹਿੰਦੇ, ਮਾਤਾ! ਕੀ ਕਰਦੀ ਹੈਂ? ਤੂੰ ਪੁੱਤਰ-ਪੁੱਤਰ ਕਰਦੀ ਸੀ, ਸੰਤਾਂ ਦੇ ਬਚਨ ਸੁਣਦੀ ਸੀ। ਕਦੇ ਕਿਤੇ ਜਾਂਦੀ ਸੀ, ਕਦੇ ਕਿਤੇ ਜਾਂਦੀ ਸੀ, ਬੇਅੰਤ ਕੁਛ ਕਰਿਆ ਪੁੱਤਰ ਪ੍ਰਾਪਤੀ ਵਾਸਤੇ। ਐਸਾ ਵੀ ਕਰਦੇ ਨੇ ਕਿ ਦੂਜੇ ਦੇ ਪੁੱਤਰ ਨੂੰ ਮਾਰ ਕੇ ਉਸ ਦਾ ਖ਼ੂਨ ਦੇਵਤਿਆਂ ਨੂੰ ਚੜ੍ਹਾਉਂਦੇ ਨੇ ਕਿ ਮੇਰੇ ਪੁਤਰ ਹੋ ਜਾਵੇ। ਉਹ ਪੁੱਤਰ ਜਦ ਫੜਦੇ ਨੇ ਆ ਕੇ, ਫੇਰ ਪਤਾ ਲਗਦਾ ਹੈ, ਫੇਰ ਕਹਿੰਦੇ ਹਨ ਹੁਣ ਦੱਸ। ਇਸ ਤੋਂ ਤਾਂ ਚੰਗਾ ਸੀ ਕਿ ਤੂੰ ਵਿਧਵਾ ਹੋ ਜਾਂਦੀ। ਗਾਲ ਕੱਢੀ ਹੈ ਮਹਾਰਾਜ ਨੇ ਕਿ ਤੇਰਾ ਪਤੀ ਮਰ ਜਾਂਦਾ ਤੇ ਤੇਰੇ ਕੋਈ ਔਲਾਦ ਨਾ ਹੁੰਦੀ -

***ਧਾਰਨਾ - ਜੇ ਤੈਂ ਭਗਤ ਪੁੱਤਰ ਨਹੀਂ ਸੀ ਜੰਮਣਾ,***
***ਵਿਧਵਾ ਹੋ ਜਾਂਦੀ - 2, 2.***

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥***
***ਬਿਧਵਾ ਕਸ ਨ ਭਈ ਮਹਤਾਰੀ॥*** ***ਪੰਨਾ - 328***

ਮਾਂ ਵਿਧਵਾ ਹੋ ਜਾਂਦੀ ਤਾਂਕਿ ਨਰਕਾਂ ਵਿਚ ਲੈ ਜਾਣ ਵਾਲਾ ਪੁੱਤਰ ਤਾਂ ਪੈਦਾ ਨਾ ਹੁੰਦਾ।

***ਜਿਹ ਨਰ ਰਾਮ ਭਗਤਿ ਨਹਿ ਸਾਧੀ॥***
***ਜਨਮਤ ਕਸ ਨ ਮੁਓ ਅਪਰਾਧੀ॥*** ***ਪੰਨਾ - 328***

ਜੇ ਪਤ ਗੁਆ ਲਈ ਆਪਣੀ, ਦਰਗਾਹ ਦੇ ਵਿਚ ਡੰਡੇ ਖਾਂਦਾ ਹੈ। ਇਸ ਤੋਂ ਚੰਗਾ ਸੀ ਉਹ ਜੰਮਦਾ ਹੀ ਮਰ ਜਾਂਦਾ, ਪਾਪ ਤਾਂ ਕੋਈ ਨਾ ਕਰਦਾ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਹਨ, ***'ਪਤਿ ਖੋਈ ਬਿਖੁ ਅੰਚਲਿ ਪਾਇ।।'*** ਪੱਲੇ ਵਿਚ ਵਿਹੁ ਪਾ ਲਈ - ਨਿੰਦਿਆ ਦੀ। ਚੁਗਲੀ ਦੀ, ਈਰਖਾ ਦੀ, ਵੈਰ ਦੀ, ਵਿਰੋਧ ਦੀ, ਧੱਕੇ ਦੀ ਬੇਅੰਤ ਕਿਸਮ ਦੀ ਵਿਹੁ ਹੈ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਵਿਹੁ ਦੇ ਪੱਲੇ ਭਰ ਲਏ। ਨਾਮ ਦੇ ਨਾਲ ਤਾਂ ਪਿਆਰ ਨਹੀਂ ਪਾਇਆ, ਹੁਣ ਬੇਪੱਤੀ ਨਾਲ ਜਾਏਗਾ। ਨਾਮ ਵਾਲੇ ਤਾਂ ਇੱਜ਼ਤ ਨਾਲ ਜਾਣਗੇ। ਮਹਾਰਾਜ ਕਹਿੰਦੇ ਨੇ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥*** ***ਪੰਨਾ - 142***

ਜਿਹੜਾ ਬੰਦਗੀ ਨਹੀਂ ਕਰਦਾ, ਮਹਾਰਾਜ ਕਹਿੰਦੇ ਉਹ ਹਰਾਮ ਖਾਂਦਾ ਹੈ, ਚੋਰ ਹੈ ਰੱਬ ਦਾ। ਸਭ ਕੁਛ ਲੈ ਲਿਆ, ਫੇਰ ਵੀ ਨਹੀਂ ਯਾਦ ਕਰਦਾ -

***ਜੋ ਕਿਛੁ ਕੀਨਸਿ ਪ੍ਰਭੁ ਰਜਾਇ॥***
***ਭੈ ਮਾਨੈ ਨਿਰਭਉ ਮੇਰੀ ਮਾਇ॥***
***ਪੰਨਾ - 1187***

ਭੈ ਮੰਨਦਾ ਹੈ ਕਿਉਂਕਿ ਨਿਰਭਉ ਦਾ ਨਾਮ ਨਹੀਂ ਜਪਿਆ-

***ਕਾਮਨਿ ਚਾਹੈ ਸੁੰਦਰਿ ਭੋਗੁ॥***
***ਪਾਨ ਫੂਲ ਮੀਠੇ ਰਸ ਰੋਗ॥*** ***ਪੰਨਾ - 1187***

ਇਸਤਰੀ ਚਾਹੁੰਦੀ ਹੈ ਸੁੰਦਰ ਵਸਤਰ, ਸੁੰਦਰ ਭੋਗ – ***'ਪਾਨ ਫੂਲ ਮੀਠੇ ਰਸ ਰੋਗ'*** ਮਿੱਠੇ ਫਲ ਭੋਗ ਚਾਹੁੰਦੀ ਹੈ। ਮਹਾਰਾਜ ਕਹਿੰਦੇ, ਪਤਾ ਹੈ ਏਸ ਤੋਂ ਕੀ ਹੋਏਗਾ? ਇਹ ਖਾਣ ਨਾਲ ਰੋਗੀ ਹੋ ਜਾਏਗਾ ਸਰੀਰ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਬਹੁਤ ਵਿਸਥਾਰ ਦੇ ਨਾਲ ਸਮਝਾਇਆ ਤੇ ਕਿਹਾ –

***ਗਾਛਹੁ ਪੁਤ੍ਰੀ ਰਾਜ ਕੁਆਰਿ॥***
***ਨਾਮੁ ਭਣਹੁ ਸਚੁ ਦੋਤੁ ਸਵਾਰਿ॥*** *ਪੰਨਾ – 1187*

ਜਾਓ ਬੇਟਾ, ਜਾਓ ਰਾਜ ਪੁਤਰੀਓ –

***ਮੋਹਨਿ ਮੋਹਿ ਲੀਆ ਮਨੁ ਮੋਹਿ॥***
***ਗੁਰ ਕੈ ਸਬਦਿ ਪਛਾਨਾ ਤੋਹਿ॥***
***ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ॥***
***ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ॥*** *ਪੰਨਾ – 1187*

ਐਨੇ ਬਚਨ ਜਦ ਕਹੇ, ਜਿੰਨੇ ਬੈਠੇ ਸੀ, ਜਿੰਨੀਆਂ ਮੋਹਣੀਆਂ ਸੀ, ਸਾਰੀਆਂ ਦੀ ਸਮਾਧੀ ਲੱਗ ਗਈ, ਕੋਈ ਅੱਖਾਂ ਨਹੀਂ ਖੋਲ੍ਹਦਾ। ਉਸ ਵੇਲੇ ਮਹਾਰਾਜ ਨੇ ਭੇਜਿਆ ਕਿ ਜਾਓ ਬੇਟੀਓ, ਜਾਓ, ਜਾ ਕੇ ਪਰਮੇਸ਼ਰ ਦਾ ਨਾਮ ਜਪੋ। ਉਹ ਵਾਪਿਸ ਆ ਗਈਆਂ। ਵਾਪਿਸ ਰਾਜੇ ਦੇ ਪਾਸ ਆਉਂਦੀਆਂ ਹਨ। ਰਾਜਾ ਹੁਣ ਬੁਲਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਸੁਣਾਓ ਕੀ ਹਾਲ ਹੈ। ਪਰ ਉਹ ਬੋਲਦੀਆਂ ਹੀ ਨਹੀਂ, ਅੱਖਾਂ ਮੀਚੀਂ ਬੈਠੀਆਂ ਹਨ, ਨੇਤਰ ਨਹੀਂ ਖੋਲ੍ਹਦੀਆਂ, ਅਖਾਂ ਚੁੰਧਿਆਈਆਂ ਗਈਆਂ। ਰਾਜ ਨ੍ਰਿਤਕੀਆਂ ਕਹਿੰਦੀਆਂ, "ਰਾਜਨ! ਕੀ ਪੁੱਛਦੇ ਹੋ?"

"ਗੱਲ ਕੀ ਹੈ?"

"ਰਾਜਨ! ਪੁੱਛੋ ਨਾ, ਹੁਣ ਅਸਾਥੋਂ ਕੋਈ ਗੱਲ ਨਹੀਂ ਹੁੰਦੀ, ਬੋਲਣ ਨੂੰ ਜੀਅ ਨਹੀਂ ਕਰਦਾ।"

"ਅਜਿਹੀ ਕੀ ਗੱਲ ਹੋ ਗਈ?"

"ਗੱਲ ਕੀ ਹੋਣੀ ਹੈ, ਉਨ੍ਹਾਂ ਨੇ ਇਕ ਵਾਰੀ ਵਾਹਿਗੁਰੂ ਬੋਲਿਆ; ਵਾਹਿਗੁਰੂ ਕਹਿਣ ਦੀ ਦੇਰ ਸੀ, ਇਸ ਤਰ੍ਹਾਂ ਹੋ ਗਿਆ ਜਿਵੇਂ ਪੈਰਾਂ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਠੰਢੀਆਂ ਝੂਮਣੀਆਂ ਝਰਨ੍ਹਾਟਾਂ ਚਲ ਪਈਆਂ ਹਨ।"

***ਧਾਰਨਾ – ਜਦੋਂ ਬੋਲਿਆ ਵਾਹਿਗੁਰੂ ਮੁਖ ਤੇ,***
***ਤਨ ਮਨ ਠੰਢਾ ਹੋ ਗਿਆ –2, 2.***
***ਮੇਰੇ ਪਿਆਰੇ, ਤਨ ਮਨ ਠੰਢਾ ਹੋ ਗਿਆ-2, 2.***
***ਜਦੋਂ ਬੋਲਿਆ ਵਾਹਿਗੁਰ ਮੁਖ ਤੇ.....–2.***

"ਰਾਜਨ! ਆਪਦੇ ਹੁਕਮ ਦੇ ਮੁਤਾਬਿਕ ਅਸੀਂ ਗਈਆਂ, ਹਾਵ-ਭਾਵ ਕੀਤੇ, ਆਪਣੇ ਹਾਰ ਸ਼ਿੰਗਾਰ ਦਿਖਾਏ। ਸਾਨੂੰ ਤਾਂ ਹੋਰ ਹੀ ਅਰਥ ਦੱਸ ਦਿਤੇ ਮਹਾਰਾਜ ਨੇ। ਅੰਦਰਲੇ ਅਰਥ ਦੱਸ ਦਿਤੇ ਕਿ ਹਾਰ ਪਾਉਣਾ ਹੈ ਤਾਂ ਇਸ ਚੀਜ਼ ਦਾ ਪਾਓ, ਕੰਗਣ ਪਾਉਣੇ ਨੇ ਤਾਂ ਆਹ ਪਾਓ, ਸੁਰਮਾ ਪਾਉਣਾ ਹੈ ਤਾਂ ਵਾਹਿਗੁਰੂ ਦੇ ਪਿਆਰ ਦਾ ਪਾਓ। ਰਾਜਨ! ਸਾਡੇ ਵੱਲ ਉਨ੍ਹਾਂ ਨੇ ਮੰਦੀ ਨਿਗਾਹ ਨਾਲ ਨਹੀਂ ਦੇਖਿਆ ਸਗੋਂ ਕਹਿੰਦੇ –

***ਗਾਛਹੁ ਪੁਤ੍ਰੀ ਰਾਜ ਕੁਆਰਿ॥*** *ਪੰਨਾ – 1187*

ਬੇਟੀਓ! ਜਾਓ ਭਾਈ, ਜਾ ਕੇ ਵਾਹਿਗੁਰੂ ਦਾ ਨਾਮ ਜਪੋ, ਜਾਓ। 'ਬੇਟੀਓ' ਕਹਿਣ ਦੀ ਦੇਰ ਸੀ, ਤਨ-ਮਨ ਠੰਢੇ ਹੋ ਗਏ, ਵਾਹਿਗੁਰੂ ਸਾਡੇ ਰੋਮ-ਰੋਮ ਵਿਚ ਚਲਿਆ ਗਿਆ। ਬੋਲਣ ਨੂੰ ਜੀਅ ਨਹੀਂ ਕਰਦਾ, ਜੀਭ ਆਪੇ ਹਿਲਦੀ ਹੈ, ਰੋਮਾਂ ਦੇ ਵਿਚੋਂ ਆਵਾਜ਼ ਆਉਂਦੀ ਹੈ ਵਾਹਿਗੁਰੂ ਦੀ। ਕੀ ਦੱਸੀਏ ਜੋ ਸਾਡਾ ਹਾਲ ਹੋਇਆ ਹੈ।"

***ਧਾਰਨਾ – ਰਾਜਨਾ! ਨਰਕਾਂ ਵਿਚੋਂ ਧੂਹ ਕੱਢਿਆ –2, 2.***
***ਜਦੋਂ ਨਜ਼ਰ ਗੁਰਾਂ ਨੇ ਮਾਰੀ –2, 2.***
***ਰਾਜਨਾ! ਨਰਕਾਂ ਵਿਚੋਂ ਧੂਹ ਕੱਢਿਆ-2.***

"ਰਾਜਨ! ਸਾਡੀ ਕਾਇਆ ਕਲਪ ਹੋ ਗਈ, ਅਸੀਂ ਦੱਸ ਨਹੀਂ ਸਕਦੀਆਂ।"

***ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਈ॥***
*ਪੰਨਾ – 254*

***ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥***
***ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥***
***ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥***
***ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥***
***ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ॥***
***ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ॥***
*ਪੰਨਾ – 1399*

"ਅਸੀਂ ਕੱਚੀ ਮਤ ਵਾਲੀਆਂ ਕੱਚੀਆਂ ਸੀ ਪਰ ਗੁਰਾਂ ਨੇ ਅਸਾਨੂੰ ਸੋਨਾ ਬਣਾ ਦਿਤਾ, ਲਾਲ ਬਣਾ ਦਿਤਾ ਲੋਹੇ ਨੂੰ। ***'ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਆ।'*** ਰਾਜਨ! ਅਸੀਂ ਕੀ ਦੱਸੀਏ? ਅਸੀਂ ਪਸ਼ੂ ਪਰੇਤਾਂ ਦੀ ਬਿਰਤੀ ਵਾਲੀਆਂ ਸੀ, ਭੋਗਾਂ ਦੀ ਬਿਰਤੀ ਸੀ, ਕਿੰਨੇ ਅਸੀਂ ਮਾੜੇ ਕਰਮ ਕੀਤੇ, ਸਾਧੂਆਂ ਦੇ ਸਤਿ ਤੋੜੇ। ਹੁਣ ਤੁਸੀਂ ਆਪਣੀ ਨੌਕਰੀ ਸਾਂਭੋ, ਸਾਥੋਂ ਨਹੀਂ ਹੁੰਦੀ। ਸਾਡੇ ਅੰਦਰੋਂ ਬੁਰਿਆਈਆਂ ਦਾ ਅੰਤ ਹੋ ਗਿਆ। ਹੁਣ ਸਾਡੇ ਅੰਦਰ ਕੀ ਰਹਿ ਗਿਆ, ਸਾਨੂੰ ਨਹੀਂ ਪਤਾ। ਹੁਣ ਸਾਡੇ ਅੰਦਰ ਧੁਨੀਆਂ ਉਠ ਰਹੀਆਂ ਨੇ – ਵਾਹਿਗੁਰੁ-ਵਾਹਿਗੁਰੁ-ਵਾਹਿਗੁਰੁ ਦੀਆਂ। ਜਾਹ ਹੁਣ ਦੇਰ ਨਾ ਕਰ, ਜਿਸਨੂੰ ਉਡੀਕਦੇ ਸੀ ਉਹ ਆ ਗਏ। ਹੁਣ ਨਾ ਕਿਸੇ ਟੈਸਟ ਵਿਚ ਪਈਂ।" ਉਸ ਵੇਲੇ ਰਾਜੇ ਦਾ ਜੋ ਹਾਲ ਹੋਇਆ, ਉਹ ਦੱਸਣ ਤੋਂ ਬਾਹਰ ਹੈ।

ਕਿੰਨੀ ਦੇਰ ਦਾ ਇੰਤਜ਼ਾਰ ਕਰਦਾ ਸੀ, ਬਹੁਤ ਸਮਾਂ ਬੀਤ ਗਿਆ ਸੀ। ਉਸ ਵੇਲੇ ਖੁਸ਼ੀ ਵਿਚ ਨੱਚ ਉੱਠਿਆ ਤੇ ਐਸੀ ਆਵਾਜ਼ ਉਸ ਨੇ ਆਪਣੇ ਹਿਰਦੇ ਵਿਚੋਂ ਪ੍ਰਗਟ ਕੀਤੀ–

***ਧਾਰਨਾ – ਮੇਲਾ ਪੂਰਿਆਂ ਗੁਰਾਂ ਦਾ ਹੋ ਗਿਆ,***
***ਸੁੱਤੇ ਮੇਰੇ ਭਾਗ ਜਾਗ ਪਏ –2, 2.***
***ਮੇਰੇ ਪਿਆਰੇ, ਸੁੱਤੇ ਮੇਰੇ ਭਾਗ ਜਾਗ ਪਏ –2, 2***
***ਮੇਲਾ ਪੂਰਿਆਂ ਗੁਰਾਂ ਦਾ ਹੋ ਗਿਆ, ..2***

ਆਪੇ ਹੀ ਆ ਕੇ ਮਿਲ ਪਿਆ –

***ਘਾਲਿ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ॥***
***ਜਾ ਕਉ ਦਇਆ ਕਰੀ ਮੇਰੈ ਠਾਕੁਰਿ***
***ਤਿਨਿ ਗੁਰਹਿ ਕਮਾਨੋ ਮੰਤਾ॥*** *ਪੰਨਾ – 672*

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥* **ਪੰਨਾ - 204**

ਨਿਹਾਲ ਹੋ ਗਿਆ। ਆਪਣੇ ਮਨ ਦੀ ਅਵਸਥਾ ਦੱਸਦਾ ਹੈ ਇਸ ਤਰ੍ਹਾਂ -

*ਧਾਰਨਾ - ਦਰਸ਼ਨ ਦੇਖ ਕੇ ਨਿਹਾਲ ਮੈਂ ਤਾਂ ਹੋ ਗਿਆ,*
*ਤਨ ਮਨ ਠੰਢਾ ਹੋ ਗਿਆ -2, 2.*
*ਪਿਆਰਿਆ, ਤਨ ਮਨ ਠੰਢਾ ਹੋ ਗਿਆ -2, 2.*
*ਦਰਸ਼ਨ ਦੇਖ ਕੇ ਨਿਹਾਲ ਮੈਂ ਤਾਂ ਹੋ ਗਿਆ,..-2*

*ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ॥*
*ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ॥*
**ਪੰਨਾ - 964**

ਨਿਹਾਲ ਹੋ ਗਿਆ, ਜਿਹੜਾ ਐਨੇ ਚਿਰਾਂ ਤੋਂ ਉਡੀਕਦਾ ਸੀ, ਸਾਲਾਂ ਦੇ ਸਾਲ ਲੰਘ ਗਏ ਵੈਰਾਗ ਦੇ ਅੰਦਰ, ਇਕੱਲੇ-ਇਕੱਲੇ ਨੂੰ ਪੁੱਛਦਾ ਸੀ। ਜਿਸ ਵੇਲੇ ਮਿਲ ਗਏ, ਕਿੰਨੀ ਖੁਸ਼ੀ ਹੋਈ ਹੋਏਗੀ, ਉਸ ਦਾ ਅੰਦਾਜ਼ਾ, ਬ੍ਰਿਹੋਂ ਪੀੜ ਸਹਿਣ ਪਿਛੋਂ ਹੋਈ ਖੁਸ਼ੀ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ। ਉਸ ਦਾ ਵੀ ਅੰਦਾਜ਼ਾ ਉਹੀ ਜਾਣਦਾ ਹੈ ਤੇ ਖੁਸ਼ੀਆਂ ਦਾ ਵੀ ਉਹੀ ਜਾਣਦਾ ਹੈ। ਸਾਨੂੰ ਨਹੀਂ ਹੈ -

*ਪ੍ਰਿਉ ਪ੍ਰਿਉ ਕਰਤੀ ਸਭੁ ਜਗੁ ਫਿਰੀ*
*ਮੇਰੀ ਪਿਆਸ ਨ ਜਾਇ॥* **ਪੰਨਾ - 553**

ਸੋ ਉਸ ਵੇਲੇ ਗੁਰੂ ਨਾਨਕ ਦੇ ਚਰਨਾਂ ਤੇ ਮਸਤਕ ਨਿਵਾ ਕੇ ਇਸ ਤਰ੍ਹਾਂ ਬੇਨਤੀਆਂ ਕਰਦਾ ਹੈ -

*ਧਾਰਨਾ - ਜਾਵਾਂ ਬਲਿਹਾਰ,*
*ਸਤਿਗੁਰ ਤੇਰਿਆਂ ਚਰਨਾਂ ਤੋਂ -2, 2.*
*ਤੇਰਿਆਂ ਚਰਨਾਂ ਤੋਂ ਸਤਿਗੁਰ ਤੇਰਿਆਂ ਚਰਨਾਂ ਤੋਂ-2.*
*ਜਾਵਾਂ ਬਲਿਹਾਰ ਸਤਿਗੁਰ ...............-2.*

*ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ॥*
*ਹਉ ਬਲਿਹਾਰੀ ਸਤਿਗੁਰ ਚਰਣਾ॥*
*ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ॥*
*ਮਨੁ ਜੀਵੈ ਪ੍ਰਭੁ ਨਾਮੁ ਚਿਤੇਰੇ॥* **ਪੰਨਾ - 562**

ਸੱਚੇ ਪਾਤਸ਼ਾਹ! ਦਰਸ਼ਨ ਦੇ ਦਿਤੇ। ਪਿਆਰ ਦੇ ਹੰਝੂ, ਖੁਸ਼ੀ ਦੇ ਹੰਝੂ ਆਪ ਮੁਹਾਰੇ ਅੱਖਾਂ ਵਿਚੋਂ ਤਿਲ੍ਹਕ ਰਹੇ ਹਨ। ਰਾਜੇ ਦਾ ਗਲਾ ਭਰ ਗਿਆ, ਬੋਲਿਆ ਨਹੀਂ ਜਾਂਦਾ, ਚਰਨਾਂ ਤੇ ਡਿੱਗ ਪਿਆ। ਇਸ ਤਰ੍ਹਾਂ ਵੀ ਲਿਖਿਆ ਹੈ ਕਿ ਮਹਾਰਾਜ ਨੇ ਕਰੜਾ ਟੈਸਟ ਲਿਆ। ਜਦੋਂ ਰਾਜਾ ਆਇਆ, ਮਹਾਰਾਜ ਖੜ੍ਹੇ ਹੋ ਗਏ। ਬਹੁਤ ਸਮਾਂ ਮਹਾਰਾਜ ਜੀ ਖੜ੍ਹੇ ਰਹੇ। ਹੱਥ ਬੰਨ੍ਹ ਕੇ ਰਾਜਾ ਵੀ ਖੜ੍ਹਾ ਰਿਹਾ। ਫੇਰ ਮਹਾਰਾਜ ਜੀ ਨੇ ਰਾਜੇ ਵਲ ਮੁੱਖ ਕਰਿਆ, ਉਸ ਸਮੇਂ ਰਾਜਾ ਚਰਨਾਂ ਤੇ ਢਹਿ ਪਿਆ, ਬੇਨਤੀ ਕੀਤੀ, ਪਾਤਸ਼ਾਹ! ਬਹੁਤ ਦਿਨ ਹੋ ਗਏ ਆਪ ਨੂੰ ਏਥੇ ਬੈਠਿਆਂ, ਮੈਂ ਬੜੀ ਭਾਰੀ ਅਵੱਗਿਆ ਕੀਤੀ ਹੈ, ਆਪ ਦੇ ਮੈਂ ਕਿੰਨੇ ਟੈਸਟ ਲਏ। ਪਾਤਸ਼ਾਹ, ਮੈਂ ਕੀ ਕਰਾਂ, ਮੇਰੇ ਕੋਲ ਏਥੇ ਪਖੰਡੀ ਆ ਗਏ, ਉਨ੍ਹਾਂ ਪਖੰਡੀਆਂ ਨੇ ਮੇਰਾ ਮਨ ਬਦਲਾਅ ਦਿਤਾ। ਆਪ ਜੀ ਦਾ ਨਾਉਂ ਲੈ ਕੇ ਆਉਂਦੇ ਰਹੇ-

*ਮੈ ਜਾਨਿਆ ਵਡਹੰਸੁ ਹੈ ਤਾ ਮੈ ਕੀਆ ਸੰਗੁ॥*
*ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ॥*
**ਪੰਨਾ - 585**

ਪਾਤਸ਼ਾਹ! ਨਿਰਮਲ ਪੰਖਾਂ ਵਾਲੇ ਹੰਸਾਂ ਦਾ ਭੇਸ ਧਾਰ ਕੇ ਆਏ - ਨਾਨਕ ਨਾਮ ਦੱਸ ਕੇ ਆਏ, ਸੁਣ ਕੇ ਉਸੇ ਵੇਲੇ ਮੈਂ ਦੌੜਿਆ ਆਇਆ ਤੇ ਜਦ ਮੈਂ ਪਰਖਿਆ ਕਿ ਇਹ ਤਾਂ ਨਕਲੀ 'ਨਾਨਕ' ਹੈ, ਨਕਲੀ ਨਾਮ ਧਰਾ ਕੇ ਪਾਖੰਡੀ ਆਇਆ ਹੈ, ਪਾਤਸ਼ਾਹ! ਮੈਂ ਬੜਾ ਦੁਖ ਪਾਇਆ, ਪਛਤਾਇਆ, ਰੋਇਆ, ਮਨ ਵਿਚ ਫੈਸਲਾ ਕੀਤਾ ਕਿ ਮੈਂ ਫੇਰ ਅਜਿਹੀ ਭੁੱਲ ਨਾ ਕਰਾਂ ਤੇ ਉਸ ਦਿਨ ਤੋਂ ਮੈਂ ਸੰਤਾਂ ਦਾ ਟੈਸਟ ਲੈਣ ਲਗ ਗਿਆ। ਮੇਰੀ ਅਵੱਗਿਆ ਮੁਆਫ ਕਰੋ। ਪਾਤਸ਼ਾਹ ਘਰ ਚਲੋ।

ਮਹਾਰਾਜ ਕਹਿੰਦੇ, ਨਹੀਂ ਘਰ ਨਹੀਂ ਅਸੀਂ ਜਾਣਾ। ਇਕ ਧਰਮਸਾਲਾ ਬਣਾਓ, ਓਥੇ ਅਸੀਂ ਚੱਲਾਂਗੇ।

ਰਾਜਾ ਜਾ ਕੇ ਧਰਮਸਾਲਾ ਬਣਾਉਣ ਲੱਗ ਗਿਆ। ਰਾਜ ਮਜ਼ਦੂਰ ਲਾ ਦਿਤੇ, ਆਪ ਖੜ੍ਹ ਗਿਆ ਓਥੇ ਜਾ ਕੇ। ਨਾ ਦਿਨ ਨੂੰ ਕੰਮ ਬੰਦ ਕਰਿਆ ਕਰੇ, ਨਾ ਰਾਤ ਨੂੰ। ਧਰਮਸ਼ਾਲਾ ਬਣਾ ਕੇ ਜਦ ਵਾਪਿਸ ਆਇਆ, ਮਨ ਦੇ ਵਿਚ ਬਹੁਤ ਖੁਸ਼ੀ ਹੈ, ਰਾਜੇ ਦੀ ਪਤਨੀ ਦੇ ਧਰਤੀ ਤੇ ਪੈਰ ਨਹੀਂ ਸੀ ਲਗਦੇ ਕਿ ਅੱਜ ਮੇਰੇ ਸੁਆਮੀ ਜੀ, ਮੇਰੇ ਪਤੀ ਜੀ ਦੀ ਦੇਰ ਦੀ ਆਸਾ, ਜਗਿਆਸਾ ਪੂਰੀ ਹੋਣੀ ਹੈ। ਕਿੰਨੀ ਪ੍ਰਸੰਨਤਾ, ਆਨੰਦ ਉਨ੍ਹਾਂ ਦੇ ਅੰਦਰ ਛਲਕਾਂ ਮਾਰੇਗਾ। ਉਨ੍ਹਾਂ ਦੀ ਬਹੁਤ ਚਿਰਾਂ ਦੀ ਜੋ ਆਸਾ ਸੀ ਪੂਰੀ ਹੋ ਗਈ ਤੇ ਉਨ੍ਹਾਂ ਦੇ ਸਤਿਗੁਰ ਆ ਗਏ। ਬਹੁਤ ਖੁਸ਼ੀਆਂ ਮਨਾ ਰਹੀ ਹੈ, ਖਾਣੇ ਬਣਾ ਰਹੀ ਹੈ, ਚਾਓ ਕਰ ਰਹੀ ਹੈ। ਜਿਸ ਤਰ੍ਹਾਂ ਬਹੁਤ ਵੱਡਾ ਚਾਓ ਹੁੰਦਾ ਹੈ, ਆਦਮੀ ਦਾ ਪੈਰ ਨਹੀਂ ਟਿਕਦਾ, ਇਸ ਤਰ੍ਹਾਂ ਉਹ ਦੌੜੀ ਫਿਰਦੀ ਹੈ। ਏਧਰ ਰਾਜਾ ਸ਼ਿਵਨਾਭ - ਇਸ ਦਾ ਵੀ ਪੈਰ ਧਰਤੀ ਤੇ ਨਹੀਂ ਲਗਦਾ। ਬਗੈਰ ਖਾਧੇ ਪੀਤੇ ਉਸੇ ਤਰ੍ਹਾਂ ਦੇ ਨਾਲ ਧਰਮਸਾਲਾ ਬਣਾ ਦਿਤੀ ਕਿ ਪਹਿਲਾਂ ਮਹਾਰਾਜ ਜੀ ਨੂੰ ਲਿਆਈਏ, ਛਕਾਈਏ, ਬੈਠਾਈਏ, ਫੇਰ ਕੁਛ ਕਰੀਏ। ਸਾਧ ਸੰਗਤ ਜੀ! ਜਦੋਂ ਜਾਂਦਾ ਹੈ ਤਾਂ ਉਥੇ ਕੀ ਦੇਖਦਾ ਹੈ ਕਿ ਮਹਾਰਾਜ ਆਪਣੇ ਆਸਣ ਤੇ ਹੈ ਨਹੀਂ। ਹੈਰਾਨ ਹੋ ਗਿਆ, ਐਧਰ ਉਧਰ ਦੇਖਦਾ ਹੈ ਤੇ ਅਖੀਰ ਉੱਚੀ ਉੱਚੀ ਕੂਕਾਂ ਮਾਰਨ ਲੱਗ ਗਿਆ। ਹਾਕਾਂ ਮਾਰੀਆਂ, ਹੇ ਸਤਿਗੁਰੂ! ਕਿਥੇ ਚਲੇ ਗਏ ਤੁਸੀਂ, ਕਿਥੇ ਚਲੇ ਗਏ। ਮਹਾਰਾਜ ਕਹਿੰਦੇ ਬਬੀਹੇ ਨੂੰ ਕਦੇ ਸੁਣਿਆ ਹੈ ਪ੍ਰਿਉ ਪ੍ਰਿਉ ਕਰਦੇ ਨੂੰ? ਤੂੰ ਵੀ ਕਰਦਾ ਹੈਂ ਕਦੇ?

*ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥*
*ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥*
**ਪੰਨਾ - 1376**

ਕਦੇ ਤਾਂ ਸੁਣੇਗਾ ਹੀ। ਨਿਹਚੇ ਨਾਲ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕਰੀ ਜਾਹ। ਜੇ ਥੱਕ ਗਿਆ ਫੇਰ ਕਰਨ ਲੱਗ ਜਾ, ਜੀਭ ਨਾਲ ਕਰਨ ਲੱਗ ਜਾ, ਸਾਹ ਨਾਲ ਕਰਨ ਲੱਗ ਜਾ। ਦਿਨ ਰਾਤ ਕਰੀ ਜਾਹ, ਕਦੇ ਤਾਂ ਸੁਣੇਗਾ ਹੀ। ਬਬੀਹੇ ਦੀ ਸੁਣ ਲੈਂਦੈ ਬੱਦਲ - ਪ੍ਰਿਉ-ਪ੍ਰਿਉ

ਕਰਦੇ ਦੀ। ਮੀਂਹ ਬਥੇਰਾ ਵਰਸਦਾ ਹੈ, ਫੇਰ ਕਿਉਂ ਕਰਦਾ ਹੈ? ਕਿਉਂਕਿ ਉਸ ਨੂੰ ਸ੍ਵਾਂਤੀ ਬੂੰਦ ਨਹੀਂ ਮਿਲਦੀ। ਜਦ ਤੱਕ ਸ੍ਵਾਂਤੀ ਬੂੰਦ ਨਹੀਂ ਮਿਲਦੀ, ਇਸ ਦੀ ਪਿਆਸ ਨਹੀਂ ਜਾਇਆ ਕਰਦੀ। ਜ਼ੋਰਦਾਰ ਮੀਂਹ ਪੈ ਰਿਹਾ ਹੈ, ਪਪੀਹੇ ਤੋਂ ਪੁੱਛੋ ਕਿ ਤੈਨੂੰ ਸ੍ਵਾਂਤੀ ਬੂੰਦ ਮਿਲ ਗਈ? ਤੂੰ ਉਵੇਂ ਜਿਵੇਂ ਕੂਕਦਾ ਹੈਂ। ਕਹਿੰਦਾ, ਮੈਨੂੰ ਮਿਲੀ ਨਹੀਂ। ਜਿਵੇਂ ਉਹ ਕੂਕਦਾ ਹੈ, ਇਸੇ ਤਰ੍ਹਾਂ ਦੇ ਨਾਲ ਰਾਜੇ ਦੀ ਹਾਲਤ ਹੋ ਗਈ –

*ਧਾਰਨਾ – ਕੂਕਾਂ ਮਾਰਦੈ ਬਬੀਹਾ ਬਿਹਬਲ ਹੋ ਕੇ*
*ਤਰਸਦਾ ਸੁਆਂਤੀ ਬੂੰਦ ਨੂੰ –2, 2.*
*ਮੇਰੇ ਪਿਆਰੇ, ਤਰਸਦੈ ਸੁਆਂਤੀ ਬੂੰਦ ਨੂੰ – 2, 2*
*ਕੂਕਾਂ ਮਾਰਦੈ ਬਬੀਹਾ ਬਿਹਬਲ ਹੋ ਕੇ,......2*

ਬ੍ਰਿਹੋਂ ਦੀ ਸਹੀ ਤਸਵੀਰ ਦਰਸਾਉਣ ਲਈ ਗੁਰੂ ਮਹਾਰਾਜ ਜੀ ਨੇ ਪਪੀਹੇ ਨੂੰ ਚੁਣਿਆ ਜਿਸਦੀ ਬ੍ਰਿਹੋਂ ਵਿਛੁੰਨੀ ਕੂਕ ਆਦਮੀ ਨੂੰ, ਵੈਰਾਗੀ ਨੂੰ ਧੁਰੋਂ ਝੰਝੋੜ ਦਿੰਦੀ ਹੈ। ਅਜਿਹੀ ਪਿਆਸ ਹੈ ਉਸ ਦੇ ਅੰਦਰ ਕਿ ਇਕ ਘੜੀ ਜੀਉਣਾ ਔਖਾ ਹੋ ਜਾਂਦਾ ਹੈ।

*ਪਿਰ ਭਾਵੈ ਪ੍ਰੇਮੁ ਸਖਾਈ॥*
*ਤਿਸੁ ਬਿਨੁ ਘੜੀ ਨਹੀ ਜਗਿ ਜੀਵਾ*
*ਐਸੀ ਪਿਆਸ ਤਿਸਾਈ॥* *ਪੰਨਾ – 1273*

ਇਕ ਘੜੀ ਵੀ ਜਿਊਣਾ ਔਖਾ ਹੋ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਹਨ –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ – 708*

ਐਸੀ ਪ੍ਰੀਤ ਸੰਤਾਂ ਨੂੰ ਹੋਇਆ ਕਰਦੀ ਹੈ ਕਿ ***'ਤਿਸੁ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ॥'*** ਅਜਿਹੀ ਪਿਆਸ ਲੱਗੀ ਹੋਈ ਹੈ ਸਾਨੂੰ ਦਰਸ਼ਨਾਂ ਦੀ ਕਿ ਇਕ ਘੜੀ ਵਾਸਤੇ ਜਿਊਣਾ ਔਖਾ ਹੁੰਦਾ ਹੈ –

*ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ॥*
*ਪੰਨਾ – 1273*

ਕਮਲ ਖੁਸ਼ ਹੁੰਦਾ ਹੈ ਜਦੋਂ ਪਾਣੀ ਚਲਦਾ ਹੈ, ਕਿਉਂਕਿ ਪਾਣੀ ਮਿਲ ਗਿਆ ਉਸ ਨੂੰ –

*ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ॥*
*ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ॥*
*ਪੰਨਾ – 1273*

ਪਪੀਹਾ ਪ੍ਰਿਉ ਪ੍ਰਿਉ ਕਰਦਾ ਹੈ, ***'ਬਿਲਪ ਕਰੈ ਬਿਲਲਾਈ'*** ਬਿਲਾਪ ਕਰਦਾ ਹੈ, ਕੂਕਾਂ ਮਾਰਦਾ ਹੈ, ਚੀਕਾਂ ਮਾਰਦਾ ਹੈ –

*ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ॥*
*ਮੀਨ ਨਿਵਾਸ ਉਪਜੈ ਜਲ ਹੀ ਤੇ ਸੁਖ ਦੁਖ ਪੁਰਬਿ ਕਮਾਈ॥*
*ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨੁ ਤਿਸੁ ਤਾਂਈ॥*
*ਪੰਨਾ – 1273*

ਮੱਛੀ ਜਲ ਤੋਂ ਪੈਦਾ ਹੁੰਦੀ ਹੈ, ਜੇ ਜ਼ਰਾ ਕੁ ਵਿਛੁੜ ਜਾਵੇ, ਉਸੇ ਵੇਲੇ ਮਰ ਜਾਂਦੀ ਹੈ।

ਐਸੀ ਹਾਲਤ ਇਸ ਰਾਜੇ ਦੀ ਹੋ ਗਈ, ਸਾਧਸੰਗਤ ਜੀ। ਧੜੰਮ ਕਰਕੇ ਡਿਗ ਪਿਆ। ਰਾਣੀ ਵੀ ਨਾਲ ਹੈ, ਅਹਿਲਕਾਰ ਵੀ ਨਾਲ ਨੇ, ਸਾਰਿਆਂ ਨੂੰ ਫਿਕਰ ਪੈ ਗਿਆ ਕਿ ਹੁਣ ਕੀ ਹੋਵੇਗਾ? ਗੁਰੂ ਨਾਨਕ ਪਾਤਸ਼ਾਹ ਕਿਉਂ ਚਲੇ ਗਏ? ਕਿਥੇ ਚਲੇ ਗਏ? ਸੋ ਉਸ ਵੇਲੇ ਹਾਲ ਇਸ ਤਰ੍ਹਾਂ ਨਾਲ ਲਿਖਿਆ ਹੈ – 'ਨਾਨਕ ਪ੍ਰਕਾਸ਼' ਦੇ ਅੰਦਰ, ਕਿ ਰਾਜਾ ਧੜੰਮ ਕਰਕੇ ਡਿਗ ਪਿਆ –

*ਨ੍ਰਿਪ ਹ੍ਵੈ ਬਿਕਲ ਗਿਰਯੋ ਤਿਹ ਥਾਉਂ,*
*ਸੁਧ ਬੁਧ ਰਹੀ ਨ ਕਛੁ ਤਿਹ ਆਨ।*
*ਸ੍ਰੀ ਗੁਰੂ ਨਾਨਕ ਚਮਤਕਾਰ*

ਨ ਸੁੱਧ ਰਹੀ, ਨ ਬੁੱਧ; ਧੜੰਮ ਕਰਕੇ ਡਿਗ ਪਿਆ।

*ਸ਼ੀਘ੍ਰ ਸੇਵਕਨ ਕਰਯੋ ਉਠਾਵਨ,*
*ਜਲ ਮੁਖ ਪਾਇ ਕੀਨ ਸਾਵਧਾਨ॥*
*ਸ੍ਰੀ ਗੁਰੂ ਨਾਨਕ ਚਮਤਕਾਰ*

ਪਾਨੀ ਪਾਇਆ ਮੂੰਹ ਵਿਚ, ਤਲੀਆਂ ਝੱਸੀਆਂ, ਖੁਸ਼ਬੋਆਂ ਛਿੜਕੀਆਂ।

*ਤਬੈ ਸਸ਼ੋਕ ਕਹੀ ਮੁਖ ਬਾਣੀ,*
*ਕਹਾਂ ਗਏ ਸ੍ਰੀ ਗੁਰ ਸੁਖਦਾਨ?*
*ਸ੍ਰੀ ਗੁਰੂ ਨਾਨਕ ਚਮਤਕਾਰ*

ਜਦ ਪਹਿਲਾਂ ਹੋਸ਼ ਆਈ, ਉਸੇ ਵੇਲੇ ਬੋਲਿਆ – 'ਕਹਾਂ ਗਏ ਹੋ ਗੁਰ ਸੁਖਦਾਨੀ।' ਕਿਥੇ ਚਲੇ ਗਏ ਮੇਰੇ ਸਤਿਗੁਰੂ। ਬਾਰ-ਬਾਰ ਬੇਹੋਸ਼ ਹੋਈ ਜਾਂਦਾ ਹੈ, ਫੇਰ ਪਾਣੀ ਮੁੱਖ ਵਿਚ ਪਾਈ ਜਾਂਦੇ ਹਨ। ਅਖੀਰ ਜਦ ਹੋਸ਼ ਆਈ ਤਾਂ ਇਸ ਤਰ੍ਹਾਂ ਦੇ ਨਾਲ ਪੁਕਾਰ ਕਰਦਾ ਹੈ –

*ਧਾਰਨਾ – ਛੇਤੀਂ ਮੈਨੂੰ ਓ, ਦੱਸੋ ਪੰਛੀਓ–2, 2.*
*ਕਿਥੇ ਗਏ ਨੇ ਪ੍ਰਾਣਨਾਥ ਮੇਰੇ –2, 2.*
*ਕਿਥੇ ਗਏ ਨੇ ਪ੍ਰਾਣਨਾਥ ਮੇਰੇ ਓ,*
*ਦੱਸੋ ਪੰਛੀਓ, ਛੇਤੀਂ ਮੈਨੂੰ ਓ.........2*

*ਆਰਤ ਹੋਇ ਪੁਕਾਰਤ ਭਾਰੀ॥*
*ਸ੍ਰੀ ਗੁਰੂ ਨਾਨਕ ਚਮਤਕਾਰ*

ਬਾਰ-ਬਾਰ ਪੁਕਾਰ ਕਰੀ ਜਾਂਦਾ ਹੈ, ਰੋ-ਰੋ ਹਉਕੇ ਲੈਂਦਾ ਹੈ। ਕਹਿਣ ਲੱਗਿਆ –

*'ਪ੍ਰਾਨ ਨਾਥ! ਮਿਲਿਯੋ ਇਕ ਬਾਰੀ॥'*
*ਸ੍ਰੀ ਗੁਰੂ ਨਾਨਕ ਚਮਤਕਾਰ*

ਇਕ ਵਾਰੀ ਮੈਨੂੰ ਮਿਲੋ। ਕਦੇ ਦਰਖਤਾਂ ਨੂੰ ਪੁੱਛਦਾ ਹੈ ਕਿ ਤੁਸੀਂ ਦੇਖੇ ਹੋਣੇ ਨੇ। ਕਦੇ ਪੰਛੀਆਂ ਨੂੰ ਪੁੱਛਦਾ ਹੈ, ਕਦੇ ਪਹਾੜਾਂ ਨੂੰ ਪੁੱਛਦਾ ਹੈ, ਕਦੇ ਪਾਣੀ ਨੂੰ ਪੁੱਛਦਾ ਹੈ। ਸ੍ਰੀ ਰਾਮ ਚੰਦਰ ਜੀ ਜਦੋਂ ਸੀਤਾ ਜੀ ਦੀ ਤਲਾਸ਼ ਕਰਦੇ ਸੀ, ਇਵੇਂ ਹੀ ਕਰਦੇ ਸਨ। ਜਿਥੇ ਪੂਰਾ ਪਿਆਰ ਹੁੰਦਾ ਹੈ, ਉਸ ਦੀ ਹਾਲਤ

ਹੋਰ ਹੁੰਦੀ ਹੈ, ਸਾਧ ਸੰਗਤ ਜੀ। ਅਸੀਂ ਤਾਂ ਦੇਖਿਆ ਹੀ ਨਹੀਂ ਪਿਆਰ ਕੀ ਹੁੰਦਾ ਹੈ। 'ਮੈਂ ਪ੍ਰੇਮ ਨਾ ਚਾਖਿਆ........' ਪ੍ਰੇਮ ਅਸੀਂ ਨਹੀਂ ਦੇਖਿਆ, ਚਖਿਆ ਨਹੀਂ, ਜਾਣਦੇ ਹੀ ਨਹੀਂ ਹਾਂ ਕਿ ਪਿਆਰ ਕੀ ਹੁੰਦਾ ਹੈ।

***ਦੌਰ ਦੌਰ ਸੁਧਿ ਹੇਤ ਮੁਕੰਦਾ॥***

***ਸ੍ਰੀ ਗੁਰੂ ਨਾਨਕ ਚਮਤਕਾਰ***

ਕਦੇ ਸਮੁੰਦਰ ਨੂੰ ਹਾਕਾਂ ਮਾਰਦਾ ਹੈ ਕਿ ਤੂੰ ਹੀ ਦੱਸ ਦੇ, ਤੂੰ ਬੜਾ ਵਿਸ਼ਾਲ ਹੈਂ। ਕਦੇ ਪਹਾੜਾਂ ਨੂੰ ਆਵਾਜ਼ਾਂ ਮਾਰਦਾ ਹੈ–

***ਤੁਮ ਦੇਖਯੋ ਕਿਤ ਗੁਨੀ ਗਹੀਰਾ?***

***ਸ੍ਰੀ ਗੁਰੂ ਨਾਨਕ ਚਮਤਕਾਰ***

ਮੈਨੂੰ ਦੱਸੋ ਤਾਂ ਸਹੀ, ਤੁਸੀਂ ਦੇਖਿਆ ਹੈ?

***ਬਿਕਲ ਬਚਨ ਬੋਲਤਿ ਬਨ ਮਾਂਹੀ॥***

***ਸ੍ਰੀ ਗੁਰੂ ਨਾਨਕ ਚਮਤਕਾਰ***

ਬਾਹਰ ਉੱਚੀ-ਉੱਚੀ ਬੋਲਦਾ ਫਿਰਦਾ ਹੈ। ਸਾਰੇ ਹੈਰਾਨ ਨੇ ਕਿ ਹੁਣ ਇਸ ਦਾ ਇਲਾਜ ਕੀ ਕਰੀਏ –

***ਕਿਹ ਅਸਥਾਨ ਬਿਲੋਕੈ ਨਾਂਹੀ॥***

***ਸ੍ਰੀ ਗੁਰੂ ਨਾਨਕ ਚਮਤਕਾਰ***

ਕਿਤੇ ਨਹੀਂ ਨਜ਼ਰ ਆਉਂਦੇ ਗੁਰੂ ਨਾਨਕ –

***ਸ੍ਵੇਦ ਅੰਗ ਪੁਨ ਲੋਚਨ ਨੀਰਾ॥***

***ਸ੍ਰੀ ਗੁਰੂ ਨਾਨਕ ਚਮਤਕਾਰ***

ਅੰਗ ਬੇਕਾਰ ਹੋ ਗਏ, ਪੀਲਾ ਰੰਗ ਹੋ ਗਿਆ, ਅੱਖਾਂ ਦੇ ਵਿਚੋਂ ਪਾਣੀ ਰੁਕਦਾ ਨਹੀਂ। ਐਨਾ ਪਾਣੀ ਗਿਆ ਗਲ ਤੋਂ, ਗਰਦਨ ਤੋਂ ਲੈ ਕੇ ਪੈਰਾਂ ਤਾਈਂ ਕਿ ਜਿੰਨੇ ਕੱਪੜੇ ਪਾਏ ਹੋਏ ਸੀ, ਉਹ ਸਾਰੇ ਹੀ ਭਿੱਜ ਗਏ।

***ਸਰਬ ਭੀਗ ਗੇ ਚੀਰ ਸਰੀਰਾ॥***
***ਗਿਰਯੋ ਧਰਨ ਪਰ ਹੈ ਮੁਰਛਾਈ॥***
***ਤਬ ਪ੍ਰਗਟੇ ਸ੍ਰੀ ਗੁਰ ਜਗ ਸਾਈਂ॥***

***ਸ੍ਰੀ ਗੁਰੂ ਨਾਨਕ ਚਮਤਕਾਰ***

ਕਈਆਂ ਨੂੰ ਸ਼ੱਕ ਹੋ ਜਾਂਦਾ ਹੈ ਕਿ ਐਨੇ ਹੰਝੂ ਵੀ ਆ ਸਕਦੇ ਨੇ? ਮਹਾਰਾਜ ਜੀ (ਮਹਾਂਪੁਰਸ਼ ਰਾੜਾ ਸਾਹਿਬ ਵਾਲੇ) ਇਕ ਵਾਰੀ ਦੱਸਦੇ ਸੀ ਕਿ ਜਦੋਂ ਅਸੀਂ ਸ਼ੁਰੂ-ਸ਼ੁਰੂ ਵਿਚ ਵਾਹਿਗੁਰੂ ਜੀ ਦੇ ਵੈਰਾਗ ਵਿਚ ਆ ਕੇ ਕੀਰਤਨ ਕਰਿਆ ਕਰਦੇ ਸੀ ਤਾਂ ਐਨੀ ਬਿਹਬਲਤਾ ਆ ਜਾਣੀ ਕਿ ਵੈਰਾਗ ਦੀ ਅਵਸਥਾ ਵਿਚ ਸਾਰੀ ਰਾਤ ਖੜ੍ਹ ਕੇ ਕੀਰਤਨ ਕਰਦੇ ਸੀ, ਲਾਈਟ ਬੁਝਾ ਦਿੰਦੇ ਸੀ। ਉਸ ਵੇਲੇ ਸਾਡੇ ਨੇਤਰਾਂ ਵਿਚੋਂ ਐਨਾ ਜਲ ਜਾਂਦਾ ਸੀ ਕਿ ਅੱਖਾਂ ਤੋਂ ਹੰਝੂ ਵਗ ਕੇ ਪੈਰ ਦੇ ਅੰਗੂਠੇ ਤਾਂਈ ਪਹੁੰਚ ਜਾਂਦੇ ਸੀ–

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

***ਡਾ. ਭਾਈ ਵੀਰ ਸਿੰਘ ਜੀ***

ਜਦੋਂ ਰਾਜਾ ਧੜੰਮ ਕਰਕੇ ਡਿਗ ਪਿਆ ਤਾਂ ਉਥੇ ਉਸੇ ਵੇਲੇ ਗੁਰੂ ਨਾਨਕ ਸਾਹਿਬ ਪ੍ਰਗਟ ਹੋ ਕੇ ਸਿਰ ਤੇ ਹੱਥ ਫੇਰਨ ਲੱਗ ਗਏ। ਕਹਿੰਦੇ, ਰਾਜਨ! ਅਸੀਂ ਤਾਂ ਕਿਤੇ ਗਏ ਹੀ ਨਹੀਂ, ਏਥੇ ਤੇਰੇ ਕੋਲ ਹੀ ਹਾਂ। ਕਿੰਨੀ ਖੁਸ਼ੀ ਉਸ ਦੇ ਮਨ ਵਿਚ ਆਈ ਹੋਵੇਗੀ, ਅਸੀਂ ਤਾਂ ਸਾਧ ਸੰਗਤ ਜੀ, ਅੰਦਾਜ਼ਾ ਹੀ ਨਹੀਂ ਲਗਾ ਸਕਦੇ, ਕੁਛ ਨਹੀਂ ਕਹਿ ਸਕਦੇ। ਸਾਡੇ ਕੋਲ ਅੱਖਰ ਨਹੀਂ, ਕੇਵਲ ਅਸੀਂ ਐਨਾ ਹੀ ਕਹਿ ਸਕਦੇ ਹਾਂ –

***ਧਾਰਨਾ – ਜਾਵਾਂ ਬਲਿਹਾਰ ਜੀ,***
***ਮੈਂ ਆਪਣੇ ਗੁਰਾਂ ਤੋਂ –2, 2.***
***ਆਪਣੇ ਗੁਰਾਂ ਤੋਂ ਜੀ, ਮੈਂ ਆਪਣੇ ਗੁਰਾਂ ਤੋਂ – 2.***
***ਜਾਵਾਂ ਬਲਿਹਾਰ ਜੀ ਮੈ ,...............–2.***

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥***
***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥***

***ਪੰਨਾ – 463***

ਮਹਾਰਾਜ ਜੀ ਸੀਸ ਤੇ ਹੱਥ ਫੇਰ ਰਹੇ ਨੇ, ਮਸਤਕ ਤੇ ਹੱਥ ਫੇਰ ਰਹੇ ਨੇ, ਸਾਵਧਾਨ ਕਰ ਰਹੇ ਨੇ, ਨੇਤਰਾਂ ਤੇ ਹੱਥ ਫੇਰ ਰਹੇ ਨੇ। ਕਹਿੰਦੇ, ਰਾਜਨ! ਮੁੱਖ ਤੋਂ ਕਹੁ 'ਵਾਹਿਗੁਰੂ'। 'ਵਾਹਿਗੁਰੂ' ਕਹਿਣਾ ਸੀ ਸਾਧ ਸੰਗਤ ਜੀ, ਰੋਮ-ਰੋਮ ਵਿਚੋਂ ਝਰਨ੍ਹਾਟਾਂ ਛਿੜ ਗਈਆਂ, ਹੈਰਾਨ ਹੋ ਗਿਆ ਕਿ ਇਹ 'ਵਾਹਿਗੁਰੂ' ਕੀ ਕਹਿ ਦਿਤਾ, ਇਹ ਤਾਂ ਅੰਦਰ ਦਾਖਲ ਹੋ ਗਿਆ, ਅਵਸਥਾ ਬਦਲ ਗਈ। ਮਧਮਾ ਬਾਣੀ ਵਿਚ ਚਲਿਆ ਗਿਆ, ਪਸੰਤੀ ਬਾਣੀ ਵਿਚ ਸਮਾਉਣ ਲੱਗ ਗਿਆ, ਪਰਾ ਬਾਣੀ ਵਿਚ ਸਮਾਉਣ ਲੱਗ ਗਿਆ, ਆਗਿਆ ਚੱਕਰ ਵਿਚ ਚਲਿਆ ਗਿਆ, ਤ੍ਰਿਕੁਟੀ ਵਿਚ ਚਲਿਆ ਗਿਆ, ਦਸਵੇਂ ਦੁਆਰ ਵਿਚ ਚਲਿਆ ਗਿਆ, ਬੱਜਰ ਕਪਾਟ ਭੰਨ ਦਿਤੇ ਸਾਰੇ – ਇਕੋ ਵਾਰ 'ਵਾਹਿਗੁਰੂ' ਕਹਿ ਕੇ। ਕੀ ਦੇਖਦਾ ਹੈ ਕਿ ਚਾਰੇ ਪਾਸੇ ਗੁਰੂ ਨਾਨਕ ਹੀ ਗੁਰੂ ਨਾਨਕ ਨਜ਼ਰ ਆਉਂਦੇ ਹਨ। ਦਰਖਤਾਂ ਵੱਲ ਦੇਖਦਾ ਹੈ ਉਧਰ ਵੀ, ਸਮੁੰਦਰ ਨੂੰ ਦੇਖਦਾ ਹੈ ਓਧਰ ਵੀ। ਗਿਆਨ ਦੀ ਜੋਤ ਦਾ ਪ੍ਰਕਾਸ਼ ਹੋ ਗਿਆ, ਗਿਆਨ ਜੋਤ ਅਨੁਭਵ ਵਿਚ ਜਗ ਗਈ। ਇਹ ਪ੍ਰਕ੍ਰਿਤਕ ਜੋਤਾਂ ਵਰਗੀ ਜੋਤ ਨਹੀਂ ਹੁੰਦੀ, ਇਹ ਗਿਆਨ ਦਾ ਪ੍ਰਕਾਸ਼ ਅੰਤਸ਼ਕਰਣ ਵਿਚ ਹੋ ਕੇ ਸਾਰੇ ਅੰਧਕਾਰ, ਅਗਿਆਨ ਭਰਮ ਦੂਰ ਕਰਕੇ ਅੰਤਸ਼ਕਰਨ ਨੂੰ ਪ੍ਰਜ੍ਵਲਤ ਕਰ ਦਿੰਦੀ ਹੈ। ਇਹ ਦੀਵਾ ਨਹੀਂ ਹੁੰਦਾ, ਇਹ ਗਿਆਨ ਦਾ ਪ੍ਰਕਾਸ਼, ਰੂਪ ਰੰਗ ਤੋਂ ਨਿਆਰਾ ਹੁੰਦਾ ਹੈ।

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***

***ਪੰਨਾ – 272***

ਐਸੀ ਅਵਸਥਾ ਵਿਚ ਪਹੁੰਚਾ ਦਿਤਾ।

ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਇਸ ਤੋਂ ਅਗਲੀ ਵਿਚਾਰ ਅੱਗੇ ਕੀਤੀ ਜਾਵੇਗੀ।

– ਅਨੰਦ ਸਾਹਿਬ –

– ਗੁਰੂ ਸਤੋਤਰ –

– ਅਰਦਾਸ –

LLLLLL

# "ਹਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥"

***ਜਸਵੰਤ ਸਿੰਘ 'ਸਿਆਣ'***

ਜਦੋਂ ਤੋਂ ਪ੍ਰਮੇਸ਼ਰ ਨੇ ਇਸ ਸ੍ਰਿਸ਼ਟੀ ਦੀ ਰਚਨਾਂ ਕੀਤੀ ਹੈ, ਓਦੋਂ ਤੋਂ ਹੀ, ਇਸ ਕਾਇਨਾਤ ਵਿਚ, 84 ਲੱਖ ਜੂਨਾਂ ਦਾ ਅਨੰਤ ਪ੍ਰਵਾਹ ਚੱਲ ਰਿਹਾ ਹੈ। ਮੁਖ ਤੌਰ ਤੇ ਇਸ ਰਚਨਾਂ ਦੇ ਦੋ ਪ੍ਰਵਾਹ ਚਲ ਰਹੇ ਹਨ, ਇਕ ਪ੍ਰਕਿਰਤੀ ਅਤੇ ਦੂਜਾ ਜੀਵ ਤੱਤ। ਇਨ੍ਹਾਂ ਵਿਚੋਂ ਜਦੋਂ ਪ੍ਰਕਿਰਤੀ ਦਾ ਨਾਸ਼ ਹੁੰਦਾ ਹੈ ਤਾਂ ਤੱਤ, ਆਪਣੇ ਸੋਮੇ ਚੇਤਨ ਤੱਤ ਵਿਚ ਸਮਾਅ ਜਾਂਦੇ ਹਨ। ਨਾ ਕਿਛ ਘਟਦਾ ਹੈ, ਨਾ ਕਿਛ ਵਧਦਾ ਹੈ, ਕੇਵਲ ਬਣਿਆ ਹੋਇਆ ਰੂਪ ਹੀ ਨਾਸ਼ ਹੁੰਦਾ ਹੈ। ਦੂਸਰਾ ਜੋ ਜੀਵ ਤੱਤ ਹੈ, ਉਹ ਹੌਲੀ ਹੌਲੀ ਤਰੱਕੀ ਕਰਦਾ ਕਰਦਾ, ਅਨੇਕਾਂ ਵੱਖੋ-ਵੱਖਰੇ ਰੰਗਾਂ ਰੂਪਾਂ ਵਾਲੀਆਂ ਜੂਨਾਂ ਵਿਚੋਂ ਹੁੰਦਾ ਹੋਇਆ, ਵੱਖ-ਵੱਖ ਸ਼ਕਲਾਂ ਧਾਰਦਾ ਹੋਇਆ, ਕਿਸੇ ਉਚੀ ਅਵਸਥਾ ਵੱਲ ਨੂੰ ਵੱਧਦਾ ਰਹਿੰਦਾ ਹੈ। ਹਰ ਵਾਰੀ ਪ੍ਰਕਿਰਤੀ ਦੀ ਸਮੁੱਚੀ ਹੋਂਦ ਵਿਚੋਂ ਕੁਝ ਅੰਸ਼ ਲੈ ਕੇ ਇਸ ਜੀਵ ਤੱਤ ਨੂੰ ਨਵਾਂ ਸਰੀਰ ਪ੍ਰਾਪਤ ਹੋ ਜਾਂਦਾ ਹੈ। ਹਰ ਸਰੀਰ ਨੂੰ ਬਦਲਨ ਸਮੇਂ, ਪਹਿਲੇ ਵਾਲੇ ਸਰੀਰ ਨਾਲੋ ਵੱਧ ਚੇਤਨਤਾ ਵਾਲਾ ਸਰੀਰ ਇਸ ਨੂੰ ਪ੍ਰਾਪਤ ਹੋ ਜਾਂਦਾ ਹੈ। ਸਰੀਰ ਬਦਲਣ ਸਮੇਂ ਇਉਂ ਹੀ ਪ੍ਰਤੀਤ ਦਿੰਦਾ ਹੈ ਕਿਵੇਂ ਕੋਈ ਪੁਰਾਣਾ ਕੱਪੜਾ ਉਤਾਰ ਕੇ ਨਵਾਂ ਪਹਿਨ ਲਿਆ ਜਾਵੇ। ਇਸ ਤਰ੍ਹਾਂ ਇਹ ਹੌਲੀ-ਹੌਲੀ ਮਨੁੱਖ ਦੀ ਸ੍ਰੇਸ਼ਟ ਜੂਨ ਨੂੰ ਪ੍ਰਾਪਤ ਕਰ ਲੈਂਦਾ ਹੈ। ਜਿਸ ਬਾਰੇ ਗੁਰਬਾਨੀ ਵਿਚ ਫੁਰਮਾਨ ਹੈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਪੰਨਾ - 631*

ਇਸ ਮਨੁੱਖਾ ਸਰੀਰ ਤੋਂ ਬਿਨਾਂ, ਬਾਕੀ ਸਾਰੀਆਂ ਜੂਨਾਂ ਭੋਗ ਜੂਨੀਆਂ ਹਨ ਜਿਥੇ ਕਿ ਪਿਛਲੇ ਕੀਤੇ ਕਰਮਾਂ ਦਾ ਫਲ ਭੋਗਣਾ ਹੀ ਪੈਂਦਾ ਹੈ। ਪਰ ਇਹ ਮਨੁੱਖਾ ਸਰੀਰ ਭੋਗ ਜੂਨੀ ਵੀ ਹੈ ਅਤੇ ਕਰਮ ਖੇਤਰ ਵੀ, ਜਿਥੇ ਇਸਨੂੰ ਪੂਰਬਲੇ ਚੰਗੇ-ਮੰਦੇ ਕਰਮਾਂ ਦਾ ਫਲ ਭੋਗਣਾ ਵੀ ਪੈਂਦਾ ਹੈ ਅਤੇ ਅੱਗੇ ਨੂੰ ਸ਼ੁਭ-ਅਸ਼ੁਭ ਕਰਮ ਬੀਜਣੇ ਵੀ ਪੈਂਦੇ ਹਨ, ਬਾਣੀ ਵਿਚ ਫੁਰਮਾਨ ਹੈ ਕਿ ਇਹ ਮਨੁੱਖਾ ਸਰੀਰ ਅਸਾਨੂੰ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਪ੍ਰਾਪਤ ਹੋਇਆ ਹੈ।

*ਭਈ ਪਰਾਪਤਿ ਮਾਨੁਖ ਦੇਹੁਰੀਆ*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ - 12*

ਇਹ ਮਨੁਖਾ ਸਰੀਰ ਅਸਾਨੂੰ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ ਪ੍ਰਾਪਤ ਹੋਇਆ ਹੈ। ਪ੍ਰਮੇਸ਼ਰ ਦੇ ਨਾਮ ਸਿਮਰਨ ਤੋਂ ਬਿਨਾ ਬਾਕੀ ਸੰਸਾਰਕ ਧੰਧੇ ਕਿਸੇ ਕੰਮ ਨਹੀਂ ਆਉਂਦੇ। ਸੋ ਹੇ ਭਾਈ, ਅੱਜ ਤੋਂ ਹੀ ਉਸ ਪ੍ਰਮੇਸ਼ਰ ਨੂੰ ਮਿਲਣ ਦੇ ਆਹਰ ਵਿਚ ਲੱਗ ਜਾਣਾ ਚਾਹੀਦਾ ਹੈ, ਪਰ ਉਸ ਪ੍ਰਮੇਸ਼ਰ ਦੀ ਹੀ ਪੈਦਾ ਕੀਤੀ ਹੋਈ ਇਹ ਮਾਇਆ, ਅਸਾਡੀ ਸੁਰਤ ਨੂੰ ਇਕ ਪਲ ਵੀ ਉਸਦੀ ਯਾਦ ਵਿਚ ਜੁੜਨ ਨਹੀਂ ਦਿੰਦੀ। ਇਸ ਤਰ੍ਹਾਂ ਸਾਰਾ ਹੀ ਜੀਵਨ ਬੇ-ਅਰਥ ਲੰਘ ਜਾਂਦਾ ਹੈ ਕਿਉਂਕਿ ਇਸ ਮਾਇਆ ਦੀ ਸ਼ਕਤੀ ਹੀ ਇੰਨੀ ਪ੍ਰਬਲ ਹੈ ਕਿ ਅੱਜ ਤੱਕ, ਪ੍ਰਮੇਸ਼ਰ ਦੇ ਨਾਮ ਵਿਚ ਰੰਗੇ ਹੋਏ ਗੁਰਮੁਖਾਂ ਤੋ ਬਿਨਾਂ, ਇਸ ਦਾ ਕੋਈ ਅੰਤ ਨਹੀਂ ਪਾ ਸਕਿਆ। ਭਗਤ ਕਬੀਰ ਜੀ ਇਸ ਨੂੰ ਸਰਪਣੀ ਦੇ ਨਾਮ ਨਾਲ ਉਚਾਰਣ ਕਰਦੇ ਹੋਏ ਫੁਰਮਾਨ ਕਰਦੇ ਹਨ -

*ਸਰਪਨੀ ਤੇ ਊਪਰਿ ਨਹੀ ਬਲੀਆ॥*
*ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥ ਪੰਨਾ - 480*

ਭਾਵ ਕਿ ਇਸਦੀ ਸ਼ਕਤੀ ਇੰਨੀ ਪ੍ਰਬਲ ਹੈ ਕਿ ਸਵਰਗਾਂ ਦੇ ਮੁਖ ਦੇਵਤੇ ਵੀ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕੇ। ਅਸੀਂ ਵਿਚਾਰੇ ਨਿਮਾਣੇ ਜੀਵ ਇਸ ਦਾ ਕੀ ਮੁਕਾਬਲਾ ਕਰ ਸਕਦੇ ਹਾਂ। ਇਹ ਅਸਾਨੂੰ ਪ੍ਰਮੇਸ਼ਰ ਦੀ ਯਾਦ ਮੂਲੋਂ ਹੀ ਭੁਲਾ ਦਿੰਦਾ ਹੈ। ਮਾਤਾ ਦੇ ਗਰਭ ਅੰਦਰ ਪ੍ਰਮੇਸ਼ਰ ਨਾਲ ਕੀਤੇ ਵਾਅਦੇ ਨੂੰ ਯਾਦ ਹੀ ਨਹੀਂ ਆਉਣ ਦਿੰਦੀ। ਗੁਰਬਾਣੀ ਦਾ ਫੁਰਮਾਨ ਹੈ-

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥*
*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰੁ ਮਨਹਿ ਬਿਸਰਾਨਾ॥ ਪੰਨਾ - 251*

ਜਨਮ ਤੋਂ ਪਹਿਲਾਂ ਵੀ ਮਾਂ ਦੇ ਪੇਟ ਅੰਦਰ 'ਜਠਰਾ ਅਗਨਿ' ਇਸ ਮਾਇਆ ਵਾਂਗ ਖਤਰਨਾਕ ਸੀ। ਉਸ ਤੋਂ ਅਸਾਡਾ ਬਚਾਉ ਤਾਂ ਹੋਇਆ ਕਿ ਉਸ ਸਮੇਂ ਅਸਾਡੀ ਸੁਰਤ 24 ਘੰਟੇ ਪ੍ਰਮੇਸ਼ਰ ਦੀ ਨਾਮ ਧੁੰਨ ਵਿਚ ਲੱਗੀ ਰਹਿੰਦੀ ਸੀ। ਮਾਂ ਦੇ ਪੇਟ ਵਿਚ ਜਿਸਦੀ ਨਾਮ ਧੁਨ ਟੁਟ ਜਾਏ, ਉਸਦੀ ਮਾਂ ਦੇ ਪੇਟ ਵਿਚ ਹੀ ਮੌਤ ਹੋ ਜਾਂਦੀ ਹੈ ਤੇ ਜਿਸਦੀ ਸੰਸਾਰ ਵਿਚ ਆ ਕੇ ਇਹ ਨਾਮ ਧੁਨ ਟੁਟ ਜਾਏ ਉਸ ਦੀ ਸੰਸਾਰ ਵਿਚ 'ਆਤਮਕ ਮੌਤ' ਹੋ ਜਾਂਦੀ ਹੈ, ਇਹ ਪੰਜਾਂ ਤੱਤਾਂ ਦਾ ਬਣਿਆ ਸਰੀਰ ਭਾਵੇ ਚਲਦਾ ਰਹੇ। ਸੋ ਮਾਂ ਦੇ ਪੇਟ ਵਿਚੋਂ ਬਾਹਰ ਆਉਂਦੇ, ਪਹਿਲਾ ਸਵਾਸ ਲੈਂਦੇ ਹੀ ਇਹ ਮਾਇਆ ਅਸਾਨੂੰ ਘੇਰ ਲੈਂਦੀ ਹੈ ਤੇ ਸਾਡੀ ਸੁਰਤ ਪ੍ਰਮੇਸ਼ਰ ਦੇ ਨਾਮ-ਰੰਗ ਨਾਲੋਂ ਤੋੜ ਕੇ, ਆਪਣੇ ਰੰਗ ਵਿਚ ਰੰਗ ਲੈਂਦੀ ਹੈ।

*ਪਹਿਲੈ ਪਿਆਰਿ ਲਗਾ ਥਣ ਦੁਧਿ॥*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਭੀ ਬੇਬ॥*
*ਚਉਥੈ ਪਿਆਰਿ ਉਪੰਨੀ ਖੇਡ॥*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*

*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥*
*ਗਏ ਸਿਗੀਤ ਪੁਕਾਰੀ ਧਾਹ॥*
*ਉਡਿਆ ਹੰਸੁ ਦਸਾਏ ਰਾਹ॥ ਪੰਨਾ - 137*

ਇਸ ਤਰ੍ਹਾਂ ਸਾਡੀ ਪ੍ਰੀਤ ਮਾਇਆ ਦੇ ਨਾਸ਼ਵਾਨ ਪਦਾਰਥਾਂ ਭਾਵ ਧਨ, ਦੌਲਤ, ਧੀਆਂ, ਪੁੱਤਰ, ਮਹਿਲ ਮਾੜੀਆਂ ਵਿਚ ਹੀ ਲੱਗ ਕੇ ਰਹਿ ਜਾਂਦੀ ਹੈ। ਜਿਸ ਮਨੋਰਥ ਦੀ ਪ੍ਰਾਪਤੀ ਲਈ ਮਨੁੱਖਾ ਦੇਹ ਪ੍ਰਾਪਤ ਹੋਈ ਸੀ, ਉਸ ਦਾ ਚਿਤ ਚੇਤਾ ਵੀ ਨਹੀਂ ਰਹਿੰਦਾ। ਇਉਂ ਸਾਰਾ ਜੀਵਨ ਬਤੀਤ ਹੋਣ ਤੋਂ ਬਾਅਦ ਚੁਰਾਸੀ ਦੇ ਗੇੜ ਦੀ ਘੁੰਮਣ ਘੇਰੀ ਫਿਰ ਗਲ ਪੈ ਜਾਂਦੀ ਹੈ ਤੇ ਮਨੁੱਖ, ਜੀਵਨ ਦੀ ਬਾਜ਼ੀ ਹਾਰ ਕੇ ਸੰਸਾਰ ਵਿਚੋਂ ਤੁਰ ਜਾਂਦਾ ਹੈ।

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ॥ ਪੰਨਾ - 921*

ਇਸ ਤਰ੍ਹਾਂ ਦੇ ਪ੍ਰਭਾਵ ਹੇਠ ਜਦੋਂ ਵਾਸ਼ਨਾਵਾਂ ਦੇ ਅਧੀਨ ਗੁਰੂ ਦੀ ਮੱਤ ਤੋਂ ਉਲਟ ਅਸੀਂ ਕਰਮ ਕਰ ਬੈਠਦੇ ਹਾਂ ਤਾਂ ਉਨ੍ਹਾਂ ਦਾ ਬੜਾ ਹੀ ਦੁਖਦਾਈ ਫਲ ਭੋਗਣਾ ਪੈਂਦਾ ਹੈ ਕਿਉਂਕਿ ਸਾਡੇ ਜੀਵਾਂ ਦੇ ਕਰਮਾਂ ਦਾ ਹਿਸਾਬ-ਕਿਤਾਬ ਕਰਨ ਲਈ ਪ੍ਰਮੇਸ਼ਰ ਜੀ ਨੇ ਧਰਮਰਾਜ ਦੀ ਡਿਊਟੀ ਲਾਈ ਹੋਈ ਹੈ। ਫਿਰ ਮਾਇਆ ਵੇੜ੍ਹਿਆ ਜੀਵ ਬੜਾ ਹੀ ਸ਼ਰਮਿੰਦਾ ਹੁੰਦਾ ਹੈ ਤੇ ਧਰਮਰਾਜ ਦੇ ਦੂਤ ਇਸਨੂੰ ਪਸ਼ੂਆਂ ਵਾਂਗ ਗਲ ਵਿਚ ਸੰਗਲ ਪਾ ਕੇ ਘੜੀਸਦੇ ਹੋਏ, ਦਰਗਾਹ ਵਿਚ ਲੈ ਜਾਂਦੇ ਹਨ ਜਿਥੇ ਇਸ ਦੀ ਕੂਕ-ਪੁਕਾਰ ਸੁਣਨ ਵਾਲਾ ਕੋਈ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਜੀ ਫੁਰਮਾਨ ਕਰਦੇ ਹਨ -

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥ ਪੰਨਾ - 464*

ਸਤਿਗੁਰਾਂ ਦੀ ਬਾਨੀ ਸਾਨੂੰ ਸੁਚੇਤ ਕਰਦੀ ਹੋਈ ਇਹ ਉਪਦੇਸ਼ ਬਖਸ਼ਿਸ਼ ਕਰਦੀ ਹੈ ਕਿ ਇਸ ਸਰੀਰ ਦੇ ਅੰਦਰ ਹੀ ਉਸ ਪ੍ਰਮੇਸ਼ਰ ਦਾ ਵਾਸਾ ਹੈ ਜਿਸ ਨੂੰ ਮਿਲਣ ਵਾਸਤੇ ਇਹ ਦੁਰਲੱਭ ਮਨੁੱਖਾ ਸਰੀਰ ਸਾਨੂੰ ਪ੍ਰਾਪਤ ਹੋਇਆ ਹੈ। ਪਰ ਪੂਰਬਲੇ ਜਨਮਾਂ ਦੇ ਚੰਗੇ-ਮੰਦੇ ਕਰਮਾਂ ਕਰਕੇ ਅਸਾਡਾ ਅੰਤਿਸ਼ਕਰਣ ਅਤਿ ਮਲੀਨ ਹੋਇਆ ਪਿਆ ਹੈ। ਵੱਖ-ਵੱਖ ਕਿਸਮ ਦੇ ਭੋਗਾਂ ਦੀਆਂ ਮਲੀਨ ਰੁਚੀਆਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀਆਂ ਲਹਿਰਾਂ, ਆਸਾ, ਵਾਸ਼ਨਾ, ਤ੍ਰਿਸ਼ਨਾ ਆਦਿ ਡੈਣਾਂ ਇਸ ਵਿਚ ਬੈਠੀਆਂ ਕੁਰਬਲਾਹਟ ਪੈਦਾ ਕਰਦੀਆਂ ਹਨ। ਜਿਸ ਕਰਕੇ ਅਸੀਂ ਅੰਦਰ ਵਸਦੇ ਪ੍ਰਮੇਸ਼ਰ ਦੀ ਜੋਤ ਨੂੰ ਦੇਖ ਹੀ ਨਹੀਂ ਸਕਦੇ ਤੇ ਅੰਦਰ, ਸਤਿ ਦੀ ਆਵਾਜ਼ ਨੂੰ ਅਨੁਭਵ ਨਹੀਂ ਕਰ ਸਕਦੇ। ਸਵਾਸਾਂ ਦੀ ਪੂੰਜੀ ਛਿਨ-ਛਿਨ ਘਟ ਰਹੀ ਹੈ। ਮੌਤ ਦਾ ਖਿਆਲ ਹੀ ਨਹੀਂ ਆਉਂਦਾ ਤੇ ਸਾਰਾ ਜੀਵਨ ਬੇਅਰਥ ਹੀ ਚਲਾ ਜਾਂਦਾ ਹੈ। ਗੁਰਬਾਨੀ ਦਾ ਫੁਰਮਾਨ ਹੈ -

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰਤੀਤਿ॥*
*ਬਲੂਆ ਕੇ ਗ੍ਰਿਹ ਭੀਤਰਿ ਬਸੈ॥*
*ਅਨਦ ਕੇਲ ਮਾਇਆ ਰੰਗਿ ਰਸੈ॥*
*ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥*
*ਕਾਲੁ ਨ ਆਵੈ ਮੂੜੇ ਚੀਤਿ॥*
*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਪੰਨਾ - 267*

ਹੁਣ ਦੂਸਰੇ ਪਖ ਦੀ ਵੀਚਾਰ ਕਰੀਏ ਤਾਂ ਬਹੁਤ ਹੀ ਵਿਰਲੇ ਹਨ ਜੋ ਮਨੁੱਖਾ ਸਰੀਰ ਦੀ ਅਹਿਮੀਅਤ ਨੂੰ ਸਮਝਦੇ ਹੋਏ ਇਸੇ ਜਨਮ ਵਿਚ ਉਸ ਮਾਲਕ ਵਿਚ ਅਭੇਦ ਹੋਣਾ ਲੋਚਦੇ ਹਨ। ਅਜਿਹੇ ਗੁਰਮੁਖ ਜਨ ਆਪਣੀ ਮੱਤ ਦਾ ਤਿਆਗ ਕਰਕੇ, ਗੁਰੂ ਦੀ ਮੱਤ ਧਾਰਣ ਕਰਦੇ ਹੋਏ, ਗੁਰੂ ਤੋਂ ਗੁਰ-ਮੰਤ੍ਰ ਲੈ ਕੇ, ਆਪਣਾ ਹਰ ਸਵਾਸ ਉਸ ਨੂੰ ਦ੍ਰਿੜ ਕਰਨ ਵਿਚ ਬਤੀਤ ਕਰਦੇ ਹਨ। ਇਕ ਵੀ ਸਵਾਸ ਉਸਦੀ ਯਾਦ ਤੋਂ ਬਿਨਾਂ ਜੇ ਲੰਘ ਜਾਏ ਤਾਂ ਉਸ ਨੂੰ ਬੇਅਰਥ ਜਾਣਦੇ ਹਨ। ਇਸ ਤਰ੍ਹਾਂ ਉਹ ਗੁਰ ਮੰਤ੍ਰ ਜਾਂ ਗੁਰ ਸ਼ਬਦ ਨੂੰ ਜਪਦੇ ਹੋਏ ਅੰਤਰੀਵੀ ਤਰੱਕੀ ਕਰਦੇ ਕਰਦੇ, ਵਿਵੇਕ ਮੰਡਲ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਦਿੱਬ ਨੇਤ੍ਰ, ਦਿੱਬ ਨਾਸਕਾ, ਦਿੱਬ ਸਪਰਸ਼ ਤੇ ਦਿੱਬ ਸ੍ਰਵਣਾਂ ਨੂੰ ਅਨੁਭਵ ਕਰਕੇ, ਆਤਮਕ ਸੰਗੀਤ ਦੇ ਮਹਾਂ ਅਨੰਦ ਨੂੰ ਅਨਹਦ ਸਬਦਾਂ ਰਾਹੀਂ ਅਨੁਭਵ ਕਰਦੇ ਹੋਏ, ਅਸਚਰਜ ਵਿਸਮਾਦੀ ਨਾਮ-ਮੰਡਲ ਵਿਚ ਟਿਕੇ ਰਹਿੰਦੇ ਹਨ ਜਿਸ ਬਾਰੇ ਸਤਿਗੁਰੂ ਪੰਚਮ ਪਾਤਸ਼ਾਹ ਜੀ ਦਾ ਫੁਰਮਾਨ ਹੈ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

ਸੋ ਇਸ ਅਸਥਾਨ ਤੇ ਬਿਰਤੀ ਪਹੁੰਚ ਕੇ ਆਪਣਾ ਬਿਰਤੀ ਪੁਣਾ ਗਵਾ ਦਿੰਦੀ ਹੈ ਤੇ ਨਾਮ ਦਾ ਰੂਪ ਹੀ ਹੋ ਜਾਂਦੀ ਹੈ।

ਭਾਵੇ ਪ੍ਰਮੇਸ਼ਰ ਦੀ ਜੋਤ ਅੰਦਰ ਹੀ ਵਸਦੀ ਹੈ। ਜੀਵ-ਤੱਤ ਅਤੇ ਇਹ ਦੋਵੇ ਇਕੋ ਸਥਾਨ ਤੇ ਨਿਵਾਸ ਰਖਦੇ ਹਨ ਪਰ ਦੋਨਾਂ ਦੇ ਵਿਚਕਾਰ ਹਉਮੈ ਦੀ ਕਰਾਰੀ ਕੰਧ ਹੋਣ ਕਰਕੇ ਪ੍ਰਸਪਰ ਮਿਲਾਪ ਨਹੀਂ ਹੁੰਦਾ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥ ਪੰਨਾ - 1263*

ਭਾਵ ਇਹ ਹਉਮੈ ਦੀ ਕਰੜੀ ਦੀਵਾਰ, ਨਾਂ ਤਾ

ਤੀਰਥਾਂ ਤੇ ਜਾ ਕੇ ਇਸਨਾਨ ਕਰਨ ਨਾਲ ਟੁਟਦੀ ਹੈ, ਨਾ ਹੀ ਕਿਸੇ ਫੋਕਟ ਕਰਮ ਧਰਮਾਂ ਨਾਲ, ਨਾ ਹੀ ਬਹੁਤ ਪੁੰਨ ਦਾਨ ਕੀਤਿਆਂ ਟੁਟਦੀ ਹੈ। ਇਸ ਲਈ ਤਾਂ ਸਮਰੱਥ ਗੁਰੂ ਦੀ ਸ਼ਰਨ ਵਿਚ ਜਾ ਕੇ ਉਸਦੀ ਰਹਿਮਤ ਦੇ ਪਾਤਰ ਬਣਨਾ ਪੈਂਦਾ ਹੈ। ਜਦੋਂ ਗੁਰੂ ਦੀ ਮਤਿ ਧਾਰਣ ਕਰਦੇ ਹੋਏ ਨਾਮ ਮੰਡਲ ਵਿਚ ਪ੍ਰਵੇਸ਼ ਕਰ ਜਾਈਦਾ ਹੈ ਤਾਂ ਗੁਰੂ, ਆਪਣੀ ਕ੍ਰਿਪਾ ਕਰਕੇ ਇਹ ਦੀਵਾਰ ਤੋੜ ਦਿੰਦਾ ਹੈ ਤੇ ਅੰਦਰ ਬੈਠਾ ਪ੍ਰਭੂ ਸਾਖਸ਼ਾਤ ਹੋ ਜਾਂਦਾ ਹੈ। ਸੋ ਵਿਰਲੇ ਹਨ, ਜਿਨ੍ਹਾਂ ਨੇ ਇਸ ਤਰ੍ਹਾਂ ਗੁਰੂ ਕ੍ਰਿਪਾ ਸਦਕਾ ਅੰਦਰ ਵਸਦੀ ਪ੍ਰਮੇਸ਼ਰ ਦੀ ਜੋਤ ਨੂੰ ਪਰਗਟ ਕਰ ਲਿਆ ਹੈ।

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥*

***ਪੰਨਾ - 1411***

ਇਹ ਨਾਮ ਰੱਤੜੇ-ਰੰਗ ਚਲੂਲੇ ਆਪਣੇ ਅੰਦਰੋਂ ਪੂਰੀ ਤਰ੍ਹਾਂ ਹਉਮੈ ਭਾਵ ਗਵਾ ਕੇ ਪ੍ਰਮੇਸ਼ਰ ਦਾ ਰੂਪ ਹੀ ਬਣ ਜਾਂਦੇ ਹਨ। ਉਨ੍ਹਾਂ ਵਿਚ ਔਰ ਪ੍ਰਮੇਸ਼ਰ ਵਿਚ ਕੋਈ ਅੰਤਰ ਹੀ ਨਹੀਂ ਰਹਿ ਜਾਂਦਾ।

*ਹਰਿ ਕਾ ਸੇਵਕੁ ਸੋ ਹਰਿ ਜੇਹਾ॥*
*ਭੇਦੁ ਨ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ॥* ***ਪੰਨਾ - 1076***

ਸੋ ਇਸ ਸੰਸਾਰ ਵਿਚ ਅਸਲੀ ਧਨਵਾਨ ਉਹ ਹਨ, ਜਿਨ੍ਹਾਂ ਦੇ ਹਿਰਦੇ ਵਿਚ ਨਾਮ ਧਨ ਹੈ। ਤੇ ਉਹ ਨਾਮ ਦਾ ਵਿਉਪਾਰ ਕਰਦੇ ਹੋਏ ਇਸ ਧਨ ਨੂੰ ਇਕੱਠਾ ਕਰਦੇ ਹਨ। ਸਤਿਗੁਰੂ ਜੀ ਅਜਿਹੇ ਨਾਮ ਰੱਤੜੇ, ਪ੍ਰਮੇਸ਼ਰ ਦੇ ਪਿਆਰਿਆਂ ਦੀ ਸੰਗਤ ਕਰਨ ਦਾ ਉਪਦੇਸ਼ ਅਸਾਨੂੰ ਬਖਸ਼ਿਸ਼ ਕਰਦੇ ਹਨ। ਫਲ ਸਰੂਪ ਸਾਡੇ ਅੰਦਰ ਵੀ ਉਨ੍ਹਾਂ ਦੀ ਸੰਗਤ ਕਰਨ ਕਰਕੇ ਨਾਮ ਜੱਪਣ ਦੀ ਪ੍ਰੇਰਨਾ ਪੈਦਾ ਹੋਵੇਗੀ। ਅਸੀਂ ਵੀ ਉਸ ਵਾਹਿਗੁਰੂ ਨੂੰ ਹਾਜਰ ਨਾਜਰ ਸਮਝਦੇ ਹੋਏ ਹੋਰ ਕੂੜ-ਕਪਟ ਦਾ ਤਿਆਗ ਕਰਕੇ ਨਾਮ ਧਨ ਦਾ ਵਿਉਪਾਰ ਕਰਨ ਲੱਗ ਜਾਵਾਂਗੇ ਤੇ ਜੀਵਨ ਦੀ ਬਾਜ਼ੀ ਜਿੱਤ ਕੇ ਸੰਸਾਰ ਵਿਚੋਂ ਜਾਵਾਂਗੇ। ਉਸ ਮਾਲਕ ਕੋਲ ਨਾਮ ਧਨ ਦੇ ਅਤੁਟ ਭੰਡਾਰੇ ਪਏ ਹਨ ਜਦੋਂ ਅਸੀਂ ਇਸ ਦਾ ਲਾਹ ਖੱਟ ਕੇ ਸੰਸਾਰ 'ਚੋਂ ਜਾਵਾਂਗੇ ਤਾਂ ਉਸ ਪ੍ਰਮਾਤਮਾ ਦੇ ਦਰ ਤੇ ਸਾਡੀ ਬੇਅੰਤ ਸੋਭਾ ਹੋਵੇਗੀ।

*ਧਨਵੰਤ ਨਾਮ ਕੇ ਵਣਜਾਰੇ॥*
*ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ॥*
*ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ॥*
*ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ॥*
*ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ ਭੰਡਾਰੇ॥*
*ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ॥*

***ਪੰਨਾ - 1220***

ਭਗਤਿ ਰਵਿਦਾਸ ਜੀ ਰਾਗ ਬਿਲਾਵਲ ਵਿਚ ਇਕ ਸ਼ਬਦ ਉਚਾਰਣ ਕਰਦੇ ਹੋਏ ਵਰਨਣ ਕਰਦੇ ਹਨ ਕਿ ਸੰਸਾਰ ਵਿਚ ਉਹ ਪਿੰਡ ਮੁਬਾਰਕ ਹੈ, ਉਹ ਥਾਂ ਧੰਨ ਹੈ, ਉਹ ਕੁਲ ਉਚੇ ਭਾਗਾਂ ਵਾਲੀ ਹੈ ਜਿਸ ਵਿਚ ਜਨਮ ਲੈ ਕੇ ਕਿਸੇ ਪ੍ਰਮੇਸ਼ਰ ਦੇ ਪਿਆਰੇ ਨੇ ਪ੍ਰਮੇਸ਼ਰ ਦੇ ਨਾਮ-ਰਸ ਦਾ ਅਨੰਦ ਮਾਣਿਆ ਹੈ ਹੋਰ ਰਸਾਂ ਦਾ ਤਿਆਗ ਕਰਕੇ ਸਾਰੀਆਂ ਵਾਸਨਾਵਾਂ ਮੁਕਾ ਲਈਆਂ ਹਨ। ਦੁਨੀਆਂ ਵਿਚ ਭਾਵੇ ਕੋਈ ਵੱਡਾ ਵਿਦਵਾਨ ਹੋਵੇ ਭਾਵੇ ਭਾਰੀ ਸੂਰਮਾਂ, ਭਾਵੇਂ ਛਤਰਪਤੀ ਰਾਜਾ, ਪਰ ਪ੍ਰਮੇਸ਼ਰ ਦੇ ਭਗਤ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਫੁਰਮਾਨ ਹੈ -

*ਧੰਨਿ ਸੁ ਗਾਉ ਧੰਨਿ ਸੋ ਠਾਉ*
*ਧੰਨਿ ਪੁਨੀਤ ਕੁਟੰਬ ਸਭ ਲੋਇ॥*
*ਜਿਨਿ ਪੀਆ ਸਾਰ ਰਸੁ ਤਜੇ ਆਨ*
*ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ॥*
*ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥*

***ਪੰਨਾ - 858***

ਇਸੇ ਤਰ੍ਹਾਂ ਕਿਸੇ ਮਨੁੱਖ ਕੋਲ ਭਾਵੇ ਰਹਿਣ ਲਈ ਕੱਖਾਂ ਦੀ ਕੁਲੀ ਹੀ ਹੋਵੇ। ਉਸਦੇ ਕੱਪੜੇ ਲੀੜੇ ਵੀ ਗਰੀਬੀ ਵਾਲੇ ਹੋਣ ਨਾ ਉਸਦੀ ਕੋਈ ਉਚੀ ਜਾਤ ਕੁਲ ਹੋਵੇ, ਸੰਸਾਰ ਵਿਚ ਉਸ ਦੀ ਕੋਈ ਇਜ਼ਤ, ਮਾਣ ਵੀ ਨਾਂ ਕਰਦਾ ਹੋਵੇ, ਉਸਦੇ ਬਹੁਤ ਮਿਤ੍ਰ ਦੋਸਤ ਸਾਕ ਸਬੰਧੀ ਵੀ ਨਾ ਹੋਣ, ਉਸਦੇ ਕੋਲ ਧਨ ਦੌਲਤ ਵੀ ਨਾ ਹੋਵੇ ਨਾ ਹੀ ਉਸਦਾ ਕੋਈ ਸੁੰਦਰ ਸਰੂਪ ਹੋਵੇ। ਇਨ੍ਹਾਂ ਬਾਵਜੂਦ ਜੇ ਉਸਦੇ ਹਿਰਦੇ ਵਿਚ ਪ੍ਰਮੇਸ਼ਰ ਦਾ ਨਾਂ ਵਸਿਆ ਹੋਵੇ ਤਾਂ ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ। ਤੇ ਉਸ ਦੀ ਚਰਨ ਧੂੜ ਮਸਤਕ ਤੇ ਲਾਉਣ ਨਾਲ ਮਨ ਵਿਕਾਰਾਂ ਤੋਂ ਬਚ ਜਾਂਦਾ ਹੈ ਪ੍ਰਮੇਸ਼ਰ ਦੀ ਪ੍ਰਸੰਨਤਾ ਹਾਸਲ ਹੁੰਦੀ ਹੈ। ਗੁਰੂ ਪੰਚਮ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥*

***ਪੰਨਾ - 707***

ਪ੍ਰਮੇਸ਼ਰ ਦੇ ਨਾਮ ਦੀ ਸਕਤੀ ਨੂੰ ਵਰਣਨ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਬਚਨ ਉਚਾਰਦੇ ਹਨ ਜਿਸ ਤਰ੍ਹਾਂ ਅੱਗ ਦੀ ਇਕ ਚੰਗਿਆੜੀ ਲੱਖਾਂ ਮਣ ਲੱਕੜਾ ਨੂੰ ਸੁਆਹ ਕਰ ਦਿੰਦੀ ਹੈ ਉਸੇ ਤਰ੍ਹਾਂ ਭਿਆਨਕ ਅਪਰਾਧ ਦੁਖ ਕਲੇਸ਼, ਜਨਮਾਂ ਜਨਮਾਤਰਾਂ ਦੀ ਗਰੀਬੀ ਤੇ ਵੱਡੇ ਵੱਡੇ ਪੁਆੜੇ ਆਦਿ ਨਾਮ ਸਿਮਰਨ ਨਾਲ ਖਤਮ ਹੋ ਜਾਂਦੇ ਹਨ।

*ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ॥*
*ਮਿਟੰਤ ਸਗਲ ਸਿਮਰੰਤ ਹਰਿ ਨਾਮ*
*ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥*

***ਪੰਨਾ - 1355***

ਸੋ ਦੁਨੀਆਂ ਬਣਾਉਣ ਵਾਲੇ ਪ੍ਰਮੇਸ਼ਰ ਨੇ 'ਨਾਮ-ਸ਼ਕਤੀ' ਦੇ ਬਰਾਬਰ ਕੋਈ ਵੀ ਚੀਜ਼ ਇਸ ਕਾਇਨਾਤ ਵਿਚ ਬਣਾਈ ਹੀ ਨਹੀਂ। ਇਸ ਨਾਮ ਨੇ ਹੀ ਖੰਡ ਬ੍ਰਹਿਮੰਡ ਧਾਰਣ ਕਰਕੇ ਰੱਖੇ ਹੋਏ ਹਨ ਤੇ ਨਾਮ ਸ਼ਕਤੀ ਹੀ ਇਸ ਸੰਸਾਰ ਨੂੰ ਚਲਾ ਰਹੀ ਹੈ। ਨਾਮ

(ਬਾਕੀ ਪੰਨਾ 56 ਤੇ)

# ਵਿਦੇਸ਼ ਲਈ ਪੁਸਤਕਾਂ ਦੀ ਕੀਮਤ ਸੁਚੀ

## ਪੰਜਾਬੀ/ਹਿੰਦੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 200/– |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 170/– |
| 3. ਬਾਤ ਅਗੰਮ ਕੀ – ਭਾਗ 1 | ਭੇਟਾ 80/– |
| 4. ਬਾਤ ਅਗੰਮ ਕੀ – ਭਾਗ ੨ | ਭੇਟਾ 80/– |
| 5. ਬਾਤ ਅਗੰਮ ਕੀ – ਭਾਗ 3 | ਭੇਟਾ 80/– |
| 6. ਬਾਤ ਅਗੰਮ ਕੀ – ਭਾਗ 4 | ਭੇਟਾ 80/– |
| 7. ਬਾਤ ਅਗੰਮ ਕੀ – ਭਾਗ 5 | ਭੇਟਾ 80/– |
| 8. ਬਾਤ ਅਗੰਮ ਕੀ – ਭਾਗ 6 | ਭੇਟਾ 100/– |
| 9. ਬਾਤ ਅਗੰਮ ਕੀ – ਭਾਗ 7 | ਭੇਟਾ 120/– |
| 10. ਕਿਵ ਸਚਿਆਰਾ ਹੋਈਐ – ਭਾਗ ਪਹਿਲਾ | ਭੇਟਾ 120/– |
| 11. ਕਿਵ ਸਚਿਆਰਾ ਹੋਈਐ – ਭਾਗ ਦੂਜਾ | ਭੇਟਾ 250/– |
| 12. ਕਿਵ ਸਚਿਆਰਾ ਹੋਈਐ – ਭਾਗ ਤੀਜਾ | ਭੇਟਾ 300/– |
| 13. ਹੋਵੈ ਅਨੰਦੁ ਘਣਾ | ਭੇਟਾ 100/– |
| 14. ਚਉਥੈ ਪਹਰਿ ਸਬਾਹ ਕੈ | ਭੇਟਾ 200/– |
| 15. ਸੁਰਤਿਆਂ ਉਪਜੈ ਚਾਉ | ਭੇਟਾ 170/– |
| 16. ਬਾਬਾਣੀਆਂ ਕਹਾਣੀਆਂ | ਭੇਟਾ 200/– |
| 17. ਅਗੰਮ ਅਗੋਚਰ ਦਾ ਮਾਰਗ | ਭੇਟਾ 250/– |
| 18. ਪੁਰਾਤਨ ਟੀਕਾ – ਜਪੁਜੀ ਸਾਹਿਬ | ਭੇਟਾ 40/– |
| 19. ਅਮਰ ਜੋਤਾਂ | ਭੇਟਾ 60/– |
| 20. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 40/– |
| 21. ਅੰਮ੍ਰਿਤ ਫੁਹਾਰ | ਭੇਟਾ 40/– |
| 22. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | ਭੇਟਾ 250/– |
| 23. ਪਵਿੱਤਰ ਪੈਂਡਾ | ਭੇਟਾ 120/– |

## English

| | |
|---|---|
| 1. BAISAKHI | Rs. 40/- |
| 2. HOW REND THE VEIL OF UNTRUTH | Rs. 350/- |
| 3. DISCOURSES ON THE BEYOND (Part I) | Rs 200/- |
| 4. DISCOURSES ON THE BEYOND (Part II) | Rs. 200/- |
| 5. DISCOURSES ON THE BEYOND (Part III) | Rs. 200/- |
| 6. THE WAY TO THE IMPERCEPTIBLE | RS. 370/- |
| 7. The Lights Immortal | Rs. 80/- |
| 8. Transcendental Bliss | Rs. 360/- |
| 9. The Dawn of Khalsa Ideals | RS. 40/- |
| 10. How to know Thy Real Self (Part I) | RS. 350/- |

# .......ਬਹੁੜਿ ਨ ਹੋਵੀ ਜਨਮੜਾ

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ***

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 37)*

ਇਕ ਵਾਰੀ ਜਦੋਂ ਗੁਰੂ ਦਸਵੇਂ ਪਾਤਸ਼ਾਹ ਭਰ ਜੁਆਨੀ ਦੇ ਅੰਦਰ ਪਾਉਂਟੇ ਸਾਹਿਬ ਵਿਖੇ ਨਿਵਾਸ ਰਖਦੇ ਸਨ। ਆਪ ਦੀ ਕੀਰਤੀ ਦੂਰ ਦੂਰ ਫੈਲੀ ਕਿ ਭਾਵੇਂ ਸ਼ਸ਼ਤਰਧਾਰੀ ਹਨ, ਗ੍ਰਿਸਤੀ ਹਨ, ਰਾਜ ਕਾਜ ਦੇ ਮਾਲਕ ਹਨ ਪਰ ਪੂਰਨ ਹਨ। ਬੜੇ ਪੀਰਾਂ ਤੇ ਸਾਧੂਆਂ ਤੱਕ ਇਹ ਗੱਲ ਪਹੁੰਚ ਗਈ ਕਿ ਗੁਰੂ ਨਾਨਕ ਦੀ ਗੱਦੀ ਉਸੇ ਤਰ੍ਹਾਂ ਨਾਲ ਹੈ, ਇਸ ਵਿਚ ਕੋਈ ਫਰਕ ਨਹੀਂ ਪਿਆ; ਚਾਹੇ ਨਿਰਵਿਰਤੀ 'ਚ ਰਹਿਣ, ਭਾਵੇਂ ਪ੍ਰਵਿਰਤੀ 'ਚ ਰਹਿਣ, ਪੂਰਨ ਸ਼ਕਤੀਸ਼ਾਲ ਅਤੇ ਸਰਬੱਗ ਹਨ। ਇਹ ਗੱਲ ਪੀਰ ਬੁਧੂ ਸ਼ਾਹ ਸਢੌਰੇ ਵਾਲੇ ਦੇ ਕੰਨਾਂ 'ਚ ਪਈ ਤੇ ਜਦੋਂ ਵੀ ਉਨ੍ਹਾਂ ਪਾਸ ਉਨ੍ਹਾਂ ਦਾ ਕੋਈ ਚੇਲਾ ਜਾਂ ਕੋਈ ਇਸਲਾਮ ਵਾਲਾ ਜਾਂ ਕੋਈ ਹੋਰ ਆਵੇ, ਉਸ ਨੂੰ ਪੁਛਦਾ ਕਿ ਸੁਣਾਓ ਗੁਰੂ ਗੋਬਿੰਦ ਸਿੰਘ ਦਾ ਕੀ ਹਾਲ ਹੈ। ਤਾਂ ਇਹੀ ਜਵਾਬ ਮਿਲਦਾ ਹੈ ਕਿ ਮਹਾਰਾਜ ਉਨ੍ਹਾਂ ਬਾਰੇ ਕੀ ਪੁਛਦੇ ਹੋ, ਦੇਖਾ ਹੀ ਪਰਵਾਨ ਹੈ।

***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥***

***ਪੰਨਾ - 1370***

ਦਰਸ਼ਨ ਦੇਖ ਕੇ ਖਿਚ ਪੈਂਦੀ ਹੈ, ਆਦਮੀ ਮੋਹਤ ਹੋ ਜਾਂਦਾ ਹੈ। ਉਹਨਾਂ ਦੀ ਨੁਹਾਰ ਹੀ ਐਸੀ ਹੈ, ਦਰਸ਼ਨ ਕਰਨ ਆਇਆ ਬੰਦਾ ਮੋਹਿਆ ਜਾਂਦਾ ਹੈ। ਦਰਸ਼ਨ ਕਰਕੇ ਵਿਛੜਨ ਨੂੰ ਜੀਅ ਨਹੀਂ ਕਰਦਾ। ਖਿੱਚ ਐਨੀ ਹੈ ਕਿ ਕੋਈ ਉਠਣ ਜੋਗਾ ਨਹੀਂ ਰਹਿੰਦਾ, ਉਨ੍ਹਾਂ ਦਾ ਹੀ ਬਣ ਜਾਂਦਾ ਹੈ, ਸਰੀਰ ਵੀ ਦੇ ਦਿੰਦਾ ਹੈ, ਮਨ ਵੀ ਦੇ ਦਿੰਦਾ ਹੈ ਤੇ ਧਨ ਵੀ ਦੇ ਦਿੰਦਾ ਹੈ। ਪਤਾ ਨਹੀਂ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਕੀ ਜਾਦੂ ਹੈ। ਜਿਸ ਤਰ੍ਹਾਂ ਚੁੰਬਕ ਪੱਥਰ ਨਾਲ ਲੋਹਾ ਜੁੜ ਜਾਂਦਾ ਹੈ ਇਸ ਤਰ੍ਹਾਂ ਆਪਣੇ ਨਾਲ ਜੋੜ ਲੈਂਦੇ ਹਨ। ਕੇਵਲ ਜੋੜਦੇ ਹੀ ਨਹੀਂ, ਮਾਇਆ ਤੇ ਹਉਮੈ ਦੇ ਛੌੜ ਕੱਟ ਦਿੰਦੇ ਹਨ।

ਪੀਰ ਬੁੱਧੂ ਸ਼ਾਹ ਬੜਾ ਪ੍ਰਭਾਵਿਤ ਹੋਇਆ ਤੇ ਮਨ ਹੀ ਮਨ ਵਿਚ ਫੈਸਲਾ ਕੀਤਾ ਕਿ ਜਾ ਕੇ ਦਰਸ਼ਨ ਕਰੀਏ ਤੇ ਆਪਣੇ ਮਨ ਦਾ ਸ਼ੰਕਾ ਨਵਿਰਤ ਕਰੀਏ ਕਿ ਜੈਸਾ ਸੁਣਿਆ ਹੈ, ਵੈਸਾ ਹੀ ਹੈ ਕਿ ਨਹੀਂ। ਆਪਣੇ ਮੁਰੀਦਾਂ ਨੂੰ ਬੁਲਾ ਕੇ ਕਹਿਣ ਲੱਗਿਆ ਕਿ ਆਪਣੇ ਨੇੜੇ ਹੀ ਗੁਰੂ ਗੋਬਿੰਦ ਸਿੰਘ ਪੂਰੇ ਮਰਦ ਆਏ ਹੋਏ ਹਨ, ਮਰਦੇ ਕਾਮਲ ਆਏ ਹੋਏ ਹਨ ਜਿਸ ਨੂੰ ਪਰਮ ਮਨੁੱਖ ਤੇ ਪ੍ਰਮੇਸ਼ਰ ਦਾ ਸਰੂਪ ਕਹਿੰਦੇ ਹਨ, ਆਪਾਂ ਵੀ ਚਲੀਏ ਤੇ ਚਲ ਕੇ ਇਕ ਦੂਜੇ ਨੂੰ ਤੋਲੀਏ ਤਾਂ ਸਹੀ ਕਿ ਕਿੰਨੇ ਕੁ ਪਾਣੀਆਂ 'ਚ ਹਨ। ਜਿਉਂ ਜਿਉਂ ਪੀਰ ਬੁਧੂ ਸ਼ਾਹ ਪਾਉਂਟੇ ਸਾਹਿਬ ਨੂੰ ਤੁਰਿਆ ਹੋਇਆ ਨੇੜੇ ਨੇੜੇ ਜਾਂਦਾ ਹੈ, ਤਿਉਂ ਤਿਉਂ ਉਸ ਦੇ ਹਿਰਦੇ 'ਚ ਕੁਝ ਹੁੰਦਾ ਜਾ ਰਿਹਾ ਹੈ, ਕੁਝ ਪਿਆਰ ਵਧਦਾ ਜਾਂਦਾ ਹੈ, ਕੋਈ ਅਪਣੱਤ ਵੱਧਦੀ ਜਾ ਰਹੀ ਹੈ ਕਿਉਂਕਿ ਸਤਿਪੁਰਸ਼ਾਂ ਦਾ ਪ੍ਰਭਾਵ ਹੋਇਆ ਕਰਦਾ ਹੈ। ਉਨ੍ਹਾਂ ਦਾ ਪ੍ਰਭਾਵ ਐਨਾ ਹੁੰਦਾ ਹੈ ਕਿ ਜੰਗਲੀ ਜਾਨਵਰਾਂ ਨੂੰ ਵੀ ਆਪਣਾ ਸੁਭਾਅ ਭੁਲ ਜਾਂਦਾ ਹੈ ਤੇ ਉਹ ਤਮੋਗੁਣੀ ਸੁਭਾਅ ਭੁਲ ਕੇ ਸਤੋਗੁਣੀ ਸੁਭਾਅ ਵਿਚ ਆ ਜਾਂਦੇ ਹਨ। ਉਹ ਦ੍ਰਿਸ਼ਟੀ (ਨਦਰ) ਹੁੰਦੀ ਹੈ, ਦਰਸ਼ਨ ਦਾ ਅਸਰ ਹੁੰਦਾ ਹੈ।

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥***

***ਪੰਨਾ - 520***

ਉਹਨਾਂ ਦਾ ਦਰਸ਼ਨ ਕਰਦੇ ਸਾਰ ਪ੍ਰਮੇਸ਼ਰ ਚਿਤ ਆ ਜਾਂਦਾ ਹੈ। ਜਿਉਂ-ਜਿਉਂ ਬੁੱਧੂ ਸਾਹ ਨੇੜੇ ਜਾਂਦਾ ਹੈ, ਤਿਉਂ-ਤਿਉਂ ਉਸ ਦੇ ਮਨ ਵਿਚ ਖਿਆਲ ਆਉਂਦਾ ਹੈ ਕਿ ਇਹ ਪੂਰਨ ਹੀ ਹੋਣਗੇ ਜਦ ਸਾਰਾ ਸੰਸਾਰ ਕਹਿੰਦਾ ਹੈ। ਚਲੋ ਆਪਾਂ ਨੂੰ ਕੀ ਇਸ ਗੱਲ ਨਾਲ, ਆਪਾਂ ਸ਼ਰਧਾ ਬਣਾਓ। ਸ਼ਰਧਾ ਬਣਾ ਲਈ, ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨ ਹੋਣ ਲੱਗ ਪਏ। ਆਲੇ ਦੁਆਲੇ ਸੰਗਤ ਬੈਠੀ ਹੈ ਤੇ ਆਪ ਤਖਤ ਤੇ ਬਿਰਾਜਮਾਨ ਹਨ, ਕਲਗੀ ਝਿਲ-ਮਿਲ, ਝਿਲ-ਮਿਲ ਕਰ ਰਹੀ ਹੈ। ਸਾਰੇ ਇਸ ਤਰ੍ਹਾਂ ਬੈਠੇ ਹਨ ਜਿਵੇਂ ਹਜ਼ਾਰਾਂ ਚਕੋਰਾਂ ਚੰਦਰਮਾਂ ਵੱਲ ਮੁਖ ਕਰਕੇ ਬੈਠੀਆਂ ਹੋਣ। ਚੰਦਰਮਾਂ ਜੇ ਘੁੰਮ ਜਾਵੇ ਤਾਂ ਚਕੋਰਾਂ ਇਕ ਸਕਿੰਟ ਵਾਸਤੇ ਵੀ ਅੱਖਾਂ ਝਪਕਣ ਨੂੰ ਤਿਆਰ ਨਹੀਂ ਹਨ, ਜਿਸ ਪਾਸੇ ਵੱਲ ਨੂੰ ਮੁਖ ਮੋੜਦੇ ਨੇ ਉਸ ਪਾਸੇ ਨੂੰ ਦਰਸ਼ਨ ਕਰਨਹਾਰੇ ਗਰਦਨ ਮੋੜ ਲੈਂਦੇ ਹਨ। ਬੁੱਧੂ ਸ਼ਾਹ ਹੈਰਾਨ ਹੋ ਗਿਆ ਕਿ ਐਨਾ ਟਿਕਾਅ ਤੇ ਸ਼ਾਂਤੀ (pin drop silence) ਇਸ ਦੇ ਦਰਬਾਰ ਦੇ ਅੰਦਰ ਹੈ ਤੇ ਕਿੰਨੇ ਹੀ ਜਗਿਆਸੂ ਬੈਠੇ ਹਨ, ਮਨ ਵਿਚ ਸੋਚਣ ਲੱਗਿਆ ਕਿ ਮਨਾ! ਪੂਰਾ ਮਿਲ ਗਿਆ। ਹੁਣ ਬੇਝਿਜਕ ਹੋ ਕੇ ਚਰਨ ਫੜ ਲੈ, ਦੱਸ ਦੇ ਕਿ ਮੈਂ ਅਧੂਰਾ ਹਾਂ, ਹਾਲੇ ਪੂਰਾ ਨਹੀਂ ਹੋ ਸਕਿਆ। ਤੁਰਦਾ ਤੁਰਦਾ ਜਦੋਂ ਕੁਝ ਦੂਰੀ ਤੇ ਕੁਝ ਕਦਮ ਰਹਿ ਗਿਆ, ਉਸ ਵੇਲੇ ਹਉਮੈ ਨੇ ਚੱਕਰ ਪਾ ਦਿਤਾ, ਖਿਆਲ ਆਇਆ ਕਿ ਮੈਂ ਵੀ ਤਾਂ ਪੀਰ ਹਾਂ। ਮੇਰੇ ਚੇਲੇ ਕੀ ਕਹਿਣਗੇ? ਬੜਾ ਮਾੜਾ ਅਸਰ ਇਨ੍ਹਾਂ ਤੇ ਪਵੇਗਾ ਤੇ ਸਾਰੇ ਹੀ ਅਸ਼ਰਧਕ ਹੋ ਜਾਣਗੇ; ਹੁਣ ਕੀ ਕੀਤਾ ਜਾਵੇ? ਉਸੇ ਤਰ੍ਹਾਂ ਜਾ ਕੇ ਦਸ਼ਮੇਸ਼ ਪਿਤਾ ਦੇ ਪਾਸ ਪਹੁੰਚ ਕੇ ਦਸਤਪੰਜਾ ਲੈਣ ਲਈ ਹੱਥ ਵਧਾ ਦਿਤਾ ਤੇ ਨਮਸ਼ਕਾਰ ਨਹੀਂ ਕੀਤੀ। ਬਿਲਕੁਲ ਕੋਲ ਪਹੁੰਚ ਕੇ ਹਉਮੈ ਦਾ ਚੱਕਰ ਆ ਗਿਆ। ਉਸ ਦਾ ਹੱਥ ਕੱਢਿਆ ਵੇਖ ਕੇ ਗੁਰੂ ਮਹਾਰਾਜ ਜੀ ਨੇ ਵੀ ਪੋਲਾ ਜਿਹਾ ਦਸਤ ਪੰਜਾ ਲੈ ਲਿਆ ਤੇ ਫੁਰਮਾਨ ਕੀਤਾ ਕਿ ਆਓ ਪੀਰ ਜੀ, ਬੈਠੋ। ਬੈਠਿਆ ਨਹੀਂ, ਸਾਹਮਣੇ ਹੀ ਖੜ੍ਹਾ ਹੋ ਗਿਆ। ਹਜ਼ੂਰ ਕਹਿਣ ਲੱਗੇ, "ਕਿਸ ਤਰ੍ਹਾਂ ਖੜ੍ਹੇ ਹੋ?" ਉਸ ਨੇ ਸਵਾਲ ਕੀਤਾ, "ਖੁਦਾ ਕਾ ਔਰ ਰੂਹ ਕਾ ਮੇਲ ਕੈਸੇ? ਜੀਵ ਔਰ ਖੁਦਾ ਕਾ ਮੇਲ ਕੈਸੇ?" ਮਹਾਰਾਜ ਕਹਿਣ ਲੱਗੇ, "ਰਾਤ ਔਰ ਦਿਨ ਕਾ ਜੈਸੇ।" ਕਹਿਣ ਲੱਗੇ, "ਰਾਤ ਤੇ ਦਿਨ?" ਮਹਾਰਾਜ ਕਹਿੰਦੇ, "ਹਾਂ, ਰਾਤ ਤੇ ਦਿਨ।" ਚੁਪ ਕਰ ਗਿਆ, ਸੋਚਣ ਲਗਾ ਕਿ ਰਾਤ ਤੇ ਦਿਨ ਦਾ ਤਾਂ ਅਜ ਤਕ ਕਦੇ ਮੇਲ ਹੀ ਨਹੀਂ ਹੋਇਆ। ਜਦੋਂ ਦਿਨ ਚੜ੍ਹ ਜਾਂਦਾ ਹੈ, ਉਦੋਂ ਰਾਤ ਤਾਂ ਖਤਮ ਹੋ ਜਾਂਦੀ ਹੈ, ਫੇਰ

ਮੇਲ ਕਿਸ ਤਰ੍ਹਾਂ ਹੋ ਗਿਆ? ਕਹਿਣ ਲੱਗਿਆ, "ਮਹਾਰਾਜ! ਮੈਂ ਸਮਝਿਆ ਨਹੀਂ।" ਮਹਾਰਾਜ ਕਹਿਣ ਲੱਗੇ, "ਜਿਵੇਂ ਸਮਝਿਆ ਹੈਂ, ਉਸੇ ਤਰ੍ਹਾਂ ਹੀ ਹੈ।" ਫੇਰ ਚੁਪ ਕਰ ਗਿਆ ਕਿ ਜੇ ਮੈਂ ਹੁਣ ਕਹਿ ਦਿਤਾ ਕਿ ਮੇਰੇ ਤਾਂ ਸਮਝ ਵਿਚ ਇਹ ਗੱਲ ਨਹੀਂ ਆਈ, ਮੇਰੀ ਹੇਠੀ ਹੋ ਜਾਣੀ ਹੈ ਤੇ ਮੇਰੀ ਬੇਇਜ਼ਤੀ ਹੋਵੇਗੀ ਤੇ ਮੇਰੇ ਚੇਲੇ ਮੈਨੂੰ ਕੀ ਕਹਿਣਗੇ? ਕਹਿਣ ਲਗਿਆ, ਮੇਰਾ ਜੋ ਬੇਨਤੀ ਕਰਨ ਦਾ ਮਤਲਬ ਹੈ, ਉਹ ਆਪ ਧਿਆਨ ਦੇ ਕੇ ਸੁਣੋ। ਉਹ ਇਹ ਹੈ ਕਿ

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥***

***ਪੰਨਾ - 550***

ਕਹਿਣ ਲੱਗਾ, "ਦੋ ਪੰਖੇਰੂ ਹਨ - ਇਕ ਨੂੰ ਜੀਵ ਆਤਮਾ ਕਹਿੰਦੇ ਹਨ ਤੇ ਇਕ ਆਤਮਾ ਹੈ ਤੇ ਮੈਨੂੰ ਸਮਝ ਨਹੀਂ ਆਉਂਦੀ ਕਿ ਜੀਵ ਆਤਮਾ ਦੁਖ ਸੁਖ ਭੋਗਦਾ ਹੈ। ਉਹ ਅਹੰਭਾਵ ਅਧੀਨ ਸਾਰੇ ਕਰਮ ਕਰਦਾ ਹੈ, ਕਰਮ ਸਾਰੇ ਭੋਗਦਾ ਹੈ, ਦੁਖੀ ਹੁੰਦਾ ਹੈ ਸੁਖੀ ਹੁੰਦਾ ਹੈ ਤੇ ਦੂਸਰੀ ਆਤਮਾ ਉਹ ਹੈ ਜਿਹੜੀ ਉਹਦੇ ਵਿਚ ਹੈ, ਜੀਵ ਆਤਮਾ ਨੂੰ ਸਤ੍ਹਾ ਦੇ ਰਹੀ ਹੈ। ਉਹ ਵੀ ਸਰੀਰ ਵਿਚ ਹੀ ਰਹਿੰਦੀ - ਉਹ ਕਹਿੰਦੀ ਹੈ ਕਿ ਮੈਂ ਅਸੰਗ ਹਾਂ, ਮੈਂ ਨਿਰਵਿਕਾਰ ਹਾਂ, ਮੈਂ ਸਾਖੀ ਸਰੂਪ ਹਾਂ ਤੇ ਮੈਂ ਕੋਈ ਕਰਮ ਨਹੀਂ ਕਰਦੀ। ਉਹ ਆਪਣੇ ਸਤਿ ਚਿਤ ਅਨੰਦ ਦੇ ਵਿਚ ਲੀਨ ਹੈ। ਇਸ 'ਚੋਂ ਮੈਂ ਕਿਹੜਾ ਹਾਂ ਮਹਾਰਾਜ, ਮੈਨੂੰ ਇਹ ਪਤਾ ਨਹੀਂ ਲਗਦਾ।" ਕਹਿੰਦੇ, "ਜਿਹੜਾ ਤੂੰ ਸਮਝਦਾ ਹੈਂ, ਤੂੰ ਉਹੀਂ ਹੈ।" ਫੇਰ ਚੁਪ ਕਰ ਗਿਆ, ਤੇ ਗੱਲ ਨੂੰ ਖੋਲ੍ਹ ਕੇ ਨਹੀਂ ਪੁਛਦਾ। ਮਹਾਰਾਜ ਨੂੰ ਫੇਰ ਬੇਨਤੀ ਕੀਤੀ ਕਿ ਮਹਾਰਾਜ ਮੈਨੂੰ ਸਮਝ ਨਹੀਂ ਆਈ, ਹੁਣ ਮੈਂ ਸੱਚੀ ਗੱਲ ਦਸਦਾ ਹਾਂ। ਕਿਰਪਾ ਕਰਕੇ ਸਮਝਾ ਦਿਓ, ਮੈਨੂੰ ਸਮਝ ਨਹੀਂ ਆਈ। ਮਹਾਰਾਜ ਜੀ ਕਹਿਣ ਲੱਗੇ, "ਪੀਰ ਜੀ! ਇਹ ਗਲ ਐਨੀ ਹੈ ਕਿ ਬੁਧੀ ਰੂਪ ਦਰਖਤ ਦੇ ਉਤੇ ਦੋ ਪੰਛੀ ਬੈਠੇ ਹਨ, ਫਲ ਇਕ ਹੈ। ਇਕ ਤਾਂ ਅਹੰ ਕਹਾਉਂਦਾ ਹੈ - ਜੀਵ ਆਤਮਾ ਕਿ ਮੈਂ ਸਭ ਕੁਝ ਕਰਦਾ ਹਾਂ, ਮੇਰੀ ਜ਼ਮੀਨ, ਮੇਰੀ ਜਾਇਦਾਦ; ਹੰਗਤਾ ਤੇ ਮਮਤਾ ਧਾਰਦਾ ਹੈ। ਇਹ ਤਾਂ ਹੈਗਾ ਪੰਛੀ ਦਾ ਪਰਛਾਵਾਂ। ਇਕ ਪੰਛੀ ਉਹ ਹੈ ਜਿਹੜਾ ਅਸੰਗ ਹੈ, ਜਿਹੜਾ ਬਿਲਕੁਲ ਨਿਰਲੇਪ ਹੈ, ਕੇਵਲ ਸੱਤ੍ਹਾ ਮਾਤਰ ਦੇ ਕੇ ਸਰੀਰ ਨੂੰ ਚਲਾਉਂਦਾ ਹੈ।" ਕਹਿੰਦਾ, "ਫੇਰ ਮਹਾਰਾਜ! ਖ਼ੁਦਾ ਔਰ ਜੀਵ ਕਾ ਮੇਲ ਕੈਸੇ ਹੋਵੇ?" ਮਹਾਰਾਜ ਕਹਿਣ ਲੱਗੇ, "ਜਦੋਂ ਜੀਵ ਮਰ ਜਾਂਦਾ ਹੈ ਉਸੇ ਵੇਲੇ ਇਸ ਦਾ ਖ਼ੁਦਾ ਦੇ ਨਾਲ ਮੇਲ ਹੋ ਜਾਂਦਾ ਹੈ। ਜਿੰਨਾਂ ਚਿਰ ਜੀਵ ਹੰਗਤਾ ਧਾਰਦਾ ਹੈ, ਮੈਂ ਬਣ ਕੇ ਰਹਿੰਦਾ ਹੈ, ਉਨੀ ਦੇਰ ਤਕ ਇਸ ਦਾ ਖ਼ੁਦਾ ਨਾਲ ਮੇਲ ਨਹੀਂ ਹੁੰਦਾ ਕਿਉਂਕਿ ਇਸ ਨੇ ਕੂੜੀ ਹਉਮੈ ਧਾਰਨ ਕੀਤੀ ਹੋਈ ਹੈ।" ਪੀਰ ਕਹਿਣ ਲੱਗਿਆ, "ਮਹਾਰਾਜ! ਮੈ ਚਿਲੇ ਬਹੁਤ ਕੱਟੇ, ਬੜੇ ਫਾਕੇ ਕੱਟੇ, ਬੜੇ ਜੋਹਦ ਕੀਤੇ, ਕਈ ਵਾਰੀ ਮੱਕੇ ਵੀ ਗਿਆ, ਹੋਰ ਵੀ ਮੈਂ ਪ੍ਰਮੇਸ਼ਰ ਦੇ ਮਿਲਾਪ ਲਈ ਬੜੀਆਂ ਬੜੀਆਂ ਸਾਧਨਾਵਾਂ ਕੀਤੀਆਂ।" ਮਹਾਰਾਜ ਕਹਿੰਦੇ, "ਇਹ ਤਾਂ ਤੂੰ ਹੋਰ ਹਉਮੈ ਦੇ ਸੰਗਲ ਬੰਨ੍ਹ ਲਏ, ਇਹ ਜਿਹੜੀ ਕੂੜੀ ਹਉਮੈ ਸੀ ਉਹ ਹੋਰ ਭਾਰੀ ਹੋ ਗਈ। ਪ੍ਰੇਮੀਆਂ! ਉਸ ਕੂੜੀ ਹਉਮੈ ਨੇ ਤੈਨੂੰ ਜੀਵ ਭਾਵ ਵਿਚ ਪ੍ਰਵਿਰਤ ਕਰਕੇ ਸੱਚ ਨੂੰ ਢਕ ਲਿਆ ਤੇ ਇਹ ਕੂੜਾ ਭਾਵ ਹਉਮੈ ਦੀ ਕੰਧ ਬਣ ਗਈ।"

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***

***ਪੰਨਾ - 1***

ਪੀਰ ਬੇਨਤੀ ਕਰਨ ਲਗ ਪਿਆ ਕਿ ਮਹਾਰਾਜ! ਕਿਰਪਾ ਕਰਕੇ ਮੈਨੂੰ ਦੱਸੋ ਕਿ ਮੈਨੂੰ ਪ੍ਰਮੇਸ਼ਰ ਦੇ, ਅੱਲਾ ਤਾਲਾ ਦੇ ਦਰਸ਼ਨ ਕਿਉਂ ਨਹੀਂ ਹੋਏ? ਮੈਨੂੰ ਇਹ ਵੀ ਪਤਾ ਹੈ ਕਿ ਮੈਂ ਪ੍ਰਮੇਸ਼ਰ ਦਾ ਸਰੂਪ ਹਾਂ ਲੇਕਿਨ ਮੈਨੂੰ ਉਹ ਅਵਸਥਾ ਪ੍ਰਾਪਤ ਨਹੀਂ ਹੋਈ ਜਿਥੇ ਸਤਿ ਚਿਤ ਅਨੰਦ ਹੁੰਦਾ ਹੈ, ਜਿਥੇ ਦੁਖ ਲੇਸ ਮਾਤਰ ਵੀ ਨਹੀਂ ਹੁੰਦਾ, ਜਿਥੇ ਦਵੈਤ ਦਾ ਨਾਮ ਨਿਸ਼ਾਨ ਵੀ ਨਹੀਂ ਹੁੰਦਾ ਅਤੇ ਸਦਾ ਅਦ੍ਵੈਤ ਭਾਵ ਵਿਚ ਰਹੇ, ਉਹ ਅਵਸਥਾ ਮੈਨੂੰ ਪ੍ਰਾਪਤ ਨਹੀਂ ਹੋਈ। ਮਹਾਰਾਜ ਜੀ ਕਹਿਣ ਲੱਗੇ, ਪੀਰ ਜੀ! ਜਿਹੜਾ ਤੁਸੀਂ ਆਖਦੇ ਹੋ ਕਿ ਮੈਂ ਚਿਲੇ ਕੱਟੇ, ਮੈਂ ਸਾਧਨਾ ਕੀਤੀ, ਇਹ ਸਾਰੀ ਕੂੜੀ ਹਉਮੈ ਹੈ। ਕੂੜੀ ਹਉਮੈ ਟੁਟਦੀ ਨਹੀਂ। ਜਿਵੇਂ ਸੂਰਜ ਨੂੰ ਬੱਦਲ ਢਕ ਲੈਂਦੇ ਹਨ, ਉਸੇ ਤਰ੍ਹਾਂ ਤੇਰੀ ਕੂੜੀ ਹਉਮੈ ਨੇ ਅਕਾਲ ਪੁਰਖ ਦੇ ਪ੍ਰਕਾਸ਼ ਨੂੰ ਤੇਰੇ ਅੰਦਰ ਹੀ ਢਕਿਆ ਹੋਇਆ ਹੈ। ਜਿਹੜਾ ਤੁਹਾਡੇ ਮਨ ਵਿਚ ਹੈ ਕਿ ਮੈਂ ਪੀਰ ਹਾਂ ਤੇ ਇਥੇ ਝੂਠ ਦਾ ਚੋਲਾ ਪਾ ਕੇ ਸਾਡੇ ਕੋਲ ਆਇਆ ਹੈਂ, ਗੁਰਮੁਖਾ! ਜਿੰਨਾ ਚਿਰ ਝੂਠ ਦਾ ਚੋਲਾ ਨਹੀਂ ਲਾਹੁੰਦਾ, ਉਦੋਂ ਤਕ ਕੂੜੀ ਹਉਮੈ ਨਹੀਂ ਟੁਟਣੀ, ਇਹ ਕਿਸੇ ਤਰੀਕੇ ਦੇ ਨਾਲ ਨਹੀਂ ਟੁਟਦੀ। ਜੇ ਕਹੇਂ ਕਿ ਮੈਂ ਆਤਮਾ ਹਾਂ, ਉਹਦਾ ਅਭਿਆਸ ਕਰਨ ਲਗ ਪਵੇ, 'ਮੈਂ ਆਤਮਾ ਹਾਂ, ਮੈ ਆਤਮਾ ਹਾਂ।' ਇਸ ਦਾ ਅਭਿਆਸ ਨਹੀਂ ਹੋਣਾ।

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਪੰਨਾ - 1***

ਕੇਵਲ ਸੋਚਣ ਨਾਲ ਜੀਵ ਭਾਵ ਤੇਰੇ ਅੰਦਰੋਂ ਨਿਕਲੇਗਾ ਨਹੀਂ; ਸੋਚ ਲੈ ਜਿੰਨਾ ਤੂੰ ਸੋਚਣਾ ਹੈ, ਸੋਚੇ ਤੋਂ ਗੱਲ ਨਹੀਂ ਨਿਬੜਨੀ। ਇਹ ਕਿਸੇ ਤਰੀਕੇ ਨਾਲ ਗੱਲ ਨਹੀਂ ਬਣਦੀ ਜਦ ਤੱਕ ਕੋਈ ਪੂਰਾ ਨਹੀਂ ਮਿਲਦਾ। ਉਹ ਤੈਨੂੰ ਜੁਗਤੀ ਦੱਸ ਦੇਵੇ, ਫੇਰ ਜੀਵ ਭਾਵ ਤੇਰੇ ਅੰਦਰੋਂ ਨਿਕਲੇਗਾ, ਇਸ ਤਰ੍ਹਾਂ ਨਾਲ ਕੁਝ ਨਹੀਂ ਹੋਣਾ। ਪੀਰ ਜੀ! ਜਿੰਨੇ ਵੀ ਤੇਰੇ ਕਰਮ ਹਨ, ਇਹ ਸਾਰੇ ਹਉਮੈ ਦੇ ਕਰਮ ਹਨ, ਜਿਹੜਾ ਤੂੰ ਕਹਿੰਦਾ ਹੈਂ ਕਿ ਮੈਂ ਪੁੰਨ ਕਰਮ ਕੀਤੇ, ਇਹ ਸਾਰਾ ਸੰਸਾਰ ਕੂੜ ਦੇ ਕਰਮਾਂ ਵਿਚ ਨਿਘਰਿਆ ਪਿਆ ਹੈ; ਕੀ ਮੰਡਪ ਨੇ, ਕੀ ਮਾੜੀਆਂ ਨੇ, ਜਿੰਨੀ ਵੀ ਮਲਕੀਅਤ ਹੈ ਸੋਇਨਾ, ਰੁਪਾ ਆਦਿ ਸਭ ਕੂੜ ਦੀਆਂ ਕੰਧਾਂ ਹਨ। ਤੈਨੂੰ ਕੂੜ ਦੀ ਕੰਧ ਨੇ, ਉਹ ਪ੍ਰਮੇਸ਼ਰ ਜਿਹੜਾ ਤੇਰੇ ਨਾਲ ਰਹਿੰਦਾ ਹੈ - ਹਰ ਵਕਤ, ਤੇ ਭੋਰਾ ਜਿੰਨਾ ਵੀ ਦੂਰ ਨਹੀਂ ਹੈ, ਤੈਨੂੰ ਭੁਲਾ ਛਡਿਆ ਹੈ। ਇਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਤੈਨੂੰ ਵਿਸਰਿਆ ਕਰਤਾਰ***
***ਮੇਰੀ ਜਿੰਦੜੀਏ -2, 2.***
***ਮੇਰੀ ਜਿੰਦੜੀਏ ਨੀਂ - 4, 2.***
***ਤੈਨੂੰ ਵਿਸਰਿਆ ਕਰਤਾਰ........ - 2***

***ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥***
***ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥***

***ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ॥***
***ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥***
***ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥***
***ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥***

***ਪੰਨਾ - 468***

ਬੁੱਧੂ ਸ਼ਾਹ! ਇਹ ਸਾਰੀਆਂ ਚੀਜ਼ਾਂ ਪ੍ਰਮੇਸ਼ਰ ਨੂੰ ਭੁਲਾਉਣ ਵਾਲੀਆਂ ਹਨ। ਜਿਵੇਂ ਬੱਦਲ ਸੂਰਜ ਨੂੰ ਢਕ ਲੈਂਦਾ ਹੈ, ਇਸ ਤਰ੍ਹਾਂ ਤੇਰੇ ਅੰਦਰ ਜੋ ਬ੍ਰਹਮ ਹੈ, ਵਾਹਿਗੁਰੂ ਹੈ, ਪ੍ਰਮੇਸ਼ਰ ਹੈ ਉਹ ਨਾਲ ਹੀ ਰਹਿੰਦਾ ਹੈ। ਤੁਸੀਂ ਦੋ ਪੰਖੀਆਂ ਦੀ ਗੱਲ ਕੀਤੀ ਹੈ ਕਿ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥***

***ਪੰਨਾ - 550***

ਇਕ ਜੀਵ-ਆਤਮਾ ਰੂਪੀ ਪੰਛੀ ਹੈ, ਇਕ ਆਤਮਾ ਰੂਪੀ ਪੰਛੀ ਹੈ। ਆਤਮਾ ਨੂੰ ਜੀਵ ਭਾਵ ਨੇ ਢੱਕ ਲਿਆ ਹੈ। ਜੀਵ ਭਾਵ ਝੂਠਾ ਹੈ, ਅਹੰਭਾਵ ਹਉਮੈ ਦੇ ਅਸਰ ਅਧੀਨ ਜੀਵ ਭਾਵ ਨੂੰ ਪਰਗਟ ਕਰਦਾ ਹੈ, ਆਤਮ ਭਾਵ ਨੂੰ ਢੱਕ (ਅਛਾਦਨ) ਲੈਂਦਾ ਹੈ। ਤੇਰੀ ਝੂਠੀ ਮੈਂ ਨੇ ਤੇਰੇ ਅਸਲ ਸਰੂਪ ਨੂੰ ਪੂਰੀ ਤਰ੍ਹਾਂ ਅਛਾਦਨ ਕਰ ਛਡਿਆ ਹੈ। ਇਸ ਤਰ੍ਹਾਂ ਤੇਰੀ ਝੂਠੀ ਮੈਂ, ਕੂੜੀ ਹਉਮੈ ਨੇ ਅਸਲ ਨੂੰ ਢਕ ਲਿਆ। ਅੰਦਰ ਅਸਲੀ ਆਤਮ ਤੱਤ ਹੈ, ਨਕਲੀ ਜੀਵ ਭਾਵ ਹੈ ਕਿਉਂਕਿ ਜੀਵ ਭਾਵ ਆਤਮਾ ਦਾ ਪਰਛਾਵਾਂ ਹੈ। ਪਰਛਾਵਾਂ ਹੋ ਕੇ ਹੰਗਤਾ ਤੇ ਮਮਤਾ ਧਾਰ ਕੇ ਕਰਮ ਕਰਦਾ ਹੈ ਤੇ ਕਰਮ ਕਰਕੇ ਬੰਨ੍ਹਿਆ ਜਾਂਦਾ ਹੈ। ਇਸ ਕਰਕੇ ਜਿੰਨੀ ਦੇਰ ਤਕ ਕੂੜੀ ਹਉਮੈ ਨਹੀਂ ਟੁਟਦੀ, ਉਨੀ ਦੇਰ ਤਕ ਸੱਚ ਦੀ ਪਛਾਣ ਨਹੀਂ ਹੋ ਸਕੇਗੀ ਅਤੇ ਸੱਚ ਦੀ ਪਛਾਣ ਵਾਸਤੇ ਆਪਣੇ ਆਪ ਨੂੰ ਸਾਧਣਾ ਪੈਂਦਾ ਹੈ ਕਿਉਂਕਿ ਸੋਚ ਕਰਨ ਨਾਲ ਸੱਚ ਦੀ ਪਛਾਣ ਨਹੀਂ ਹੋ ਸਕਦੀ, ਸੱਚ ਸੋਚ ਦਾ ਵਿਸ਼ਾ ਨਹੀਂ ਹੈ, ਅਨਭਵ ਦਾ ਵਿਸ਼ਾ ਹੈ। ਇਸ ਪਛਾਣ ਤੱਕ ਪਹੁੰਚਣ ਲਈ ਸਾਧਨ ਸੰਪੰਨ ਹੋਣ ਦੀ ਲੋੜ ਹੈ। ਸਾਧਨ ਲਈ ਕੁਝ ਰਹਿਤਾਂ ਹਨ ਜਿਨ੍ਹਾਂ ਨੂੰ ਧਾਰਨ ਕਰਨਾ ਜ਼ਰੂਰੀ ਹੈ।

ਸਭ ਤੋਂ ਪਹਿਲਾਂ ਸਚਿਆਰ ਹੋਣ ਵਾਸਤੇ ਸੱਚ ਨੂੰ ਪਛਾਣਨ ਦੀ ਲੋੜ ਹੈ।

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***
***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***

***ਪੰਨਾ - 1***

ਰਜ਼ਾ ਤੇ ਹੁਕਮ ਵਿਚ ਚੱਲਣ ਨਾਲ ਹਉਮੈ ਦਾ ਪੜਦਾ ਫਾਸ਼ ਹੁੰਦਾ ਹੈ -

***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥***

***ਪੰਨਾ - 1***

ਹੁਕਮ ਦੀ ਪਛਾਣ ਕਰਨੀ ਚਾਹੀਦੀ ਹੈ ਕਿ ਹੁਕਮ ਕੀ ਹੈ? ਹੁਕਮ ਸੱਚ ਦਾ ਰੂਪ ਹੈ, ਸੋ ਸੱਚ ਦੀ ਪਛਾਣ ਲਈ ਭਾਈ ਬੁੱਧੂ ਸ਼ਾਹ! ਧਿਆਨ ਨਾਲ ਸੁਣ। ਪਹਿਲਾਂ ਤਾਂ ਹਿਰਦੇ ਦੀ ਸਚਿਆਈ ਚਾਹੀਦੀ ਹੈ। ਤੇਰੇ ਹਿਰਦੇ ਵਿਚ ਸਚਿਆਈ ਸੀ ਤੂੰ ਆਪਣੇ ਮਨ ਵਿਚ ਧਾਰਿਆ ਸੀ ਕਿ ਮੈਂ ਚਰਨੀ ਪੈ ਜਾਣਾ ਹੈ ਲੇਕਿਨ ਐਥੇ ਆ ਕੇ ਕੀ ਹੋ ਗਿਆ, ਤੂੰ ਚੇਲਿਆਂ ਤੋਂ ਡਰ ਗਿਆ, ਤੇਰੇ ਮਨ ਵਿਚ ਖਿਆਲ ਆ ਗਿਆ ਕਿ ਮੈਂ ਪੀਰ ਹਾਂ, ਜੇ ਮੈਂ ਹਿੰਦੂ ਦੇ ਚਰਨੀ ਪਿਆ ਤਾਂ ਮੇਰੇ ਮੁਰੀਦ ਇਤਰਾਜ਼ ਕਰਨਗੇ ਤੇ ਕਹਿਣਗੇ ਕਿ ਪੀਰ ਜੀ! ਤੁਸੀਂ ਮੋਮਨ ਹੋ ਕੇ ਹਿੰਦੂ ਦੇ ਚਰਨੀ ਕਿਉਂ ਪਏ, ਤੇ ਉਨ੍ਹਾਂ ਨੂੰ ਸਿਜਦਾ ਕਿਉਂ ਕੀਤਾ? ਸੋ ਪੀਰ ਜੀ! ਤੁਹਾਡੇ ਹਿਰਦੇ ਵਿਚ ਸਚਿਆਈ ਨਹੀਂ ਰਹੀ, ਉਸ ਦੀ ਥਾਂ ਤੇ ਝੂਠ ਆ ਗਿਆ। ਸੋ ਇਸ ਕਰਕੇ ਹਿਰਦੇ ਦੀ ਸਚਿਆਈ ਬਹੁਤ ਜ਼ਰੂਰੀ ਹੈ। ਦੂਸਰਾ ਇਹ ਝੂਠ ਜਿਹੜਾ ਉਗਲਿਆ ਹੈ ਇਸ ਦੀ ਮੈਲ ਉਤਾਰਨੀ ਚਾਹੀਦੀ ਹੈ ਅਤੇ ਸੱਚ ਨਾਲ ਪਿਆਰ ਚਾਹੀਦਾ ਹੈ। ਜਿੰਨਾਂ ਚਿਰ ਸੱਚ ਨਾਲ ਪਿਆਰ ਨਹੀਂ ਪੈਂਦਾ, ਓਨਾਂ ਚਿਰ ਇਸ ਸੱਚ ਰੂਪੀ ਵਾਹਿਗੁਰੂ ਨਾਲ ਪਿਆਰ ਨਹੀਂ ਪੈ ਸਕਿਆ ਕਰਦਾ ਅਤੇ ਵਾਹਿਗੁਰੂ ਪਿਆਰ ਬਿਨਾਂ ਬਾਹਰ ਬਾਹਰ ਹਉਮੈ ਦੇ ਚੱਕਰਾਂ ਵਿਚ ਘੁੰਮਦਾ ਫਿਰਦਾ ਹੈ। ਜਦੋਂ ਪਿਆਰ ਪੈ ਜਾਵੇਗਾ ਫੇਰ ਰਿਸ਼ਤਾ ਗੰਢ ਹੋ ਜਾਵੇਗਾ, ਫਿਰ ਮਨ ਦੇ ਅੰਦਰ ਸੰਸਾ ਬਿਰਤੀ ਨਹੀਂ ਚਾਹੀਦੀ, ਆਸਾ ਤੇ ਤ੍ਰਿਸ਼ਨਾ ਨਹੀਂ ਚਾਹੀਦੀਆਂ ਕਿਉਂਕਿ ਇਹ ਦੋਵੇਂ ਵੱਡੇ ਦਰਵਾਜ਼ੇ ਹਨ - ਪਟ ਹਨ -

***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥*** ***ਪੰਨਾ - 877***

ਦੋਵੇਂ ਦਰਵਾਜ਼ੇ ਬੰਦ ਕਰ ਦਿਤੇ ਜਿਹੜੇ ਆਸਾ ਤੇ ਅੰਦੇਸਾ ਦੇ ਹਨ, ਸੋ ਮਨ ਦੇ ਅੰਦਰ ਖੇੜਾ ਚਾਹੀਦਾ ਹੈ ਤੇ ਗਿਆਨ ਬੀਜਣਾ ਚਾਹੀਦਾ ਹੈ। ਸੱਚੀ ਸਿਖਿਆ ਦੀ ਪ੍ਰਾਪਤੀ ਚਾਹੀਦੀ ਹੈ ਤੇ ਸਰੀਰ ਨੂੰ ਔਗੁਣਾਂ ਤੋਂ ਸਾਧ ਕੇ ਹਿਰਦੇ ਵਿਚ ਨਾਮ ਬੀਜਣਾ ਚਾਹੀਦਾ ਹੈ। ਨਿੰਦਿਆ, ਚੁਗਲੀ, ਈਰਖਾ ਬਖੀਲੀ, ਇਹ ਜਿੰਨੀਆਂ ਵੀ ਫਜ਼ੂਲ ਗੱਲਾਂ ਹਨ, ਇਨ੍ਹਾਂ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ ਜਿਵੇਂ ਕਿਸਾਨ ਵਾਹੀ ਕਰਕੇ ਨਦੀਣ ਆਦਿ ਫਜ਼ੂਲ ਚੀਜ਼ਾਂ ਬਾਹਰ ਕੱਢ ਦਿੰਦਾ ਹੈ। ਵਾਹੁਣਾ ਕਿਵੇਂ ਹੈ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*** ***ਪੰਨਾ - 305***

ਆਤਮਾ ਦੇ ਅੰਦਰ ਜੋ ਅੰਮ੍ਰਿਤ ਹੈ, ਉਹ ਇਸੇ ਸਰੀਰ ਦੇ ਅੰਦਰ ਹੈ -

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ***
***ਕਰਤੈ ਆਪਿ ਖੁਆਇਆ॥*** ***ਪੰਨਾ - 644***

ਦੁਨੀਆਂ ਦੇ ਪਦਾਰਥਾਂ ਨੂੰ ਇਕੱਠਾ ਕਰ ਰਿਹਾ ਹੈ ਪਰੰਤੂ ਜਿਹੜਾ ਅੰਦਰ ਅੰਮ੍ਰਿਤ ਦਾ ਸਰੋਵਰ ਹੈ ਉਸ ਵਿਚ ਟੁੱਬੀ ਨਹੀਂ ਲਾਉਂਦਾ। ਆਤਮ ਸਮੁੰਦਰ ਦੇ ਅੰਦਰ ਜਿਸ ਨੂੰ ਆਤਮ ਤੀਰਥ ਵੀ ਆਖਦੇ ਹਨ, ਉਸ ਦੇ ਵਿਚ ਇਸ ਨੂੰ ਨਿਵਾਸ ਕਰਨਾ ਚਾਹੀਦਾ ਹੈ।

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*

*ਪੰਨਾ - 305*

ਸੋ ਇਸ ਤਰ੍ਹਾਂ ਦੀਆਂ ਅਨੇਕਾਂ ਰਹਿਤਾਂ ਨਾਲ ਇਸ ਸਰੀਰ ਰੂਪੀ ਕਾਇਆ ਨੂੰ ਸਾਧਣਾ ਚਾਹੀਦਾ ਹੈ। -

*ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥*

*ਪੰਨਾ - 468*

ਕਾਇਆ ਰੂਪ ਧਰਤੀ ਨੂੰ ਸੋਧ ਕੇ ਜਿਵੇਂ ਮਹਾਰਾਜ ਫੁਰਮਾਨ ਕਰਦੇ ਹਨ ਕਿ -

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥*

*ਪੰਨਾ - 595*

ਇਸ ਵਿਚ ਨਾਮ ਦਾ ਬੀਜ ਪਾਉਣਾ ਹੈ ਅਤੇ ਇਸ ਦੀ ਰੱਖ (ਵਾੜ) ਜੋ ਹੈ, ਉਹ ਨਿਮਰਤਾ ਹੈ, ਇਸ ਵਿਚ ਸੰਤੋਖ ਦਾ ਸੁਹਾਗਾ ਦੇਣਾ ਹੈ -

*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥*

*ਪੰਨਾ - 595*

ਨੌਂ ਕਿਸਮ ਦੀ ਭਗਤੀ ਕਰਨ ਦੇ ਨਾਲ ਇਹ ਫਸਲ ਜੰਮ ਪਵੇਗੀ, ਉਥੇ ਬ੍ਰਹਮਗਿਆਨ ਪੈਦਾ ਹੋਣ ਲਗ ਪਵੇਗਾ ਤੇ ਉਹ ਸਰੀਰ ਭਾਗਾਂ ਵਾਲਾ ਹੈ। ਉਹ ਇਤਨਾ ਭਾਗਾਂ ਵਾਲਾ ਹੋ ਜਾਂਦਾ ਹੈ ਕਿ ਉਹ ਆਪ ਵੀ ਤਰ ਜਾਂਦਾ ਹੈ ਤੇ ਆਪਣੇ ਨਾਲ ਦੇ ਸਾਰਿਆਂ ਨੂੰ ਤਾਰ ਕੇ ਲੈ ਜਾਂਦਾ ਹੈ ਅਤੇ ਕਿਸੇ ਨੂੰ ਡੁੱਬਣ ਨਹੀਂ ਦਿਆ ਕਰਦਾ।

*ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥*

*ਪੰਨਾ - 468*

ਉਸ ਦੇ ਵਿਚ ਨਾਮ ਬੀਜ ਦੇ ਪ੍ਰੇਮੀਆ, ਫੇਰ ਸੱਚੀ ਸਿਖਿਆ ਦੀ ਪ੍ਰਾਪਤੀ ਗੁਰੂ ਪਾਸੋਂ ਪ੍ਰਾਪਤ ਕਰ ਕਿਉਂਕਿ ਦੁਨੀਆਂ ਪਾਸੋਂ ਤਾਂ ਕੇਵਲ ਝੂਠੀ ਸਿਖਿਆ ਦੀ ਹੀ ਪ੍ਰਾਪਤੀ ਹੁੰਦੀ ਹੈ। ਸੱਚੀ ਸਿਖਿਆ ਇਹ ਹੈ ਕਿ ਤੂੰ ਜੀਵ ਨਹੀਂ ਹੈ, ਜਿਸ ਨੂੰ ਬਾਰ-ਬਾਰ ਗੁਰੂ ਸਾਹਿਬ ਫੁਰਮਾਉਂਦੇ ਹਨ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*

*ਪੰਨਾ - 441*

ਅਸੀਂ ਇਸ ਦੇ ਅਰਥ ਕਰਕੇ ਛੱਡ ਕਰ ਦਿੰਦੇ ਹਾਂ ਪਰ ਇਸ ਨੂੰ ਗੰਭੀਰ ਸੋਚ (serious thought) ਨਹੀਂ ਦਿੰਦੇ ਕਿ ਮੈਂ ਜੋਤ ਸਰੂਪ ਹਾਂ, ਇਹ ਗੁਰੂ ਦੀ ਸੱਚੀ ਸਿਖਿਆ ਬਿਨਾਂ ਕਿਸੇ ਸ਼ੰਕੇ ਤੋਂ ਪੂਰੇ ਵਿਸ਼ਵਾਸ ਨਾਲ ਧਾਰਨ ਕਰਨ ਤੋਂ ਹੀ ਪਤਾ ਲਗਦਾ ਹੈ। ਫੇਰ ਆਪਣੇ ਜੀਵ ਤੇ ਦਇਆ ਕਰ ਅਤੇ ਸੰਸਾਰ ਤੇ ਦਇਆ ਕਰ। ਇਸ ਤਰ੍ਹਾਂ ਦੇ ਨਾਲ ਜਦੋਂ ਤੂੰ ਕਰੇਂਗਾ ਉਸ ਵੇਲੇ ਤੈਨੂੰ ਕੁਝ ਕਰਮ ਕਰਨੇ ਪੈਣਗੇ। ਪਹਿਲਾ ਕਰਮ ਹੈ - ਸਰਵਣ ਦਾ। ਜਦੋਂ ਤੂੰ ਮਹਾਂਪੁਰਸ਼ਾਂ ਪਾਸੋਂ ਸੁਣੇਂਗਾ ਤੇ ਫੇਰ ਉਸ ਨੂੰ ਮੰਨੇਂਗਾ, ਫੇਰ ਨਿਧਿਆਸਣ ਕਰੇਂਗਾ, ਫੇਰ ਆਪਣੇ ਸਵੈ ਸਰੂਪ ਦਾ ਅਭਿਆਸ ਕਰੇਂਗਾ। ਸਤਿਗੁਰੂ ਦਾ ਇਹ ਉਪਦੇਸ਼ ਸੁਣਨ ਤੋਂ ਬਾਅਦ ਤੈਨੂੰ ਆਤਮ ਤੀਰਥ ਦਾ ਨਿਵਾਸ ਮਿਲ ਜਾਵੇਗਾ।

*ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥*
*ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥*

*ਪੰਨਾ - 468*

ਬੁੱਧੂ ਸ਼ਾਹ! ਜਦੋਂ ਤੈਨੂੰ ਸੱਚ ਦੀ ਪ੍ਰਾਪਤੀ ਹੋ ਗਈ ਉਸ ਵੇਲੇ ਸਾਰੇ ਵਿਕਾਰ ਨਿਕਲ ਜਾਣਗੇ।

*ਧਾਰਨਾ - ਪਾਪ ਕੱਢੇ ਧੋਏ ਜੀ,*
*ਸੱਚ ਸਭਨਾਂ ਹੋਇ ਦਾਰੂ -2, 2.*
*ਸੱਚ ਸਭਨਾਂ ਹੋਇ ਦਾਰੂ, 2, 2.*
*ਪਾਪ ਕੱਢੇ ਧੋਏ ਜੀ,........।*

*ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥*
*ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥*

*ਪੰਨਾ - 468*

ਇਸ ਕਰਕੇ ਜਿਹੜੀਆਂ ਤੇਰੀਆਂ ਇੰਨੀਆਂ ਕੂੜ ਦੀਆਂ ਗੰਢਾਂ ਬੰਨ੍ਹੀਆਂ ਹੋਈਆਂ ਹਨ ਕਿ ਮੈਂ ਐਨੀ ਤਪੱਸਿਆ ਕੀਤੀ, ਮੇਰੇ ਐਨੇ ਚੇਲੇ ਹਨ, ਮੇਰਾ ਐਡਾ ਵੱਡਾ ਆਸ਼ਰਮ ਹੈ, ਮੇਰਾ ਐਡਾ ਵੱਡਾ ਲੰਗਰ ਚਲਦਾ ਹੈ ਤੇ ਮੈਨੂੰ ਐਨੀ ਦੁਨੀਆਂ ਮੰਨਦੀ ਹੈ, ਮੇਰੇ ਅੰਦਰ ਵਾਕ ਸਿਧੀ ਹੈ, ਮੇਰੇ ਵਿਚ ਅੰਤਰਜਾਮਤਾ ਹੈ, ਪ੍ਰੇਰਨਾ ਸ਼ਕਤੀ ਹੈ, ਮੇਰੇ ਪਿਛੇ ਲੱਗੀਆਂ

ਰਿੱਧੀਆਂ ਸਿੱਧੀਆਂ ਕੰਮ ਕਰ ਰਹੀਆਂ ਹਨ, ਇਹ ਸਾਰੀਆਂ ਕੂੜ ਦੀਆਂ ਕੰਧਾਂ ਹਨ ਕਿਉਂਕਿ ਸਾਰਾ ਸੰਸਾਰ ਹੀ ਕੂੜ ਹੈ। ਜਿੰਨਾਂ ਵੀ ਨਜ਼ਰ ਆਉਂਦਾ ਹੈ ਜਿਸ ਦਾ ਨਾਮ ਤੇ ਰੂਪ ਹੈ, ਸਭ ਕੂੜ ਹੈ। ਕੂੜ ਦੀ ਪਾਲ ਤਾਂ ਹੀ ਮਿਟਦੀ ਹੈ ਜੇਕਰ ਸੱਚ ਨੂੰ ਪਛਾਣ ਲਵੇਂ। ਸੱਚ ਨੂੰ ਪਛਾਨਣ ਵਾਸਤੇ ਤੇਰ੍ਹਾਂ ਰਹਿਤਾਂ ਹਨ, ਇਨ੍ਹਾਂ ਰਹਿਤਾਂ ਉਤੇ ਪਹਿਰਾ ਦਿਓ।

*ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥*
*ਪੰਨਾ - 468*

ਇਸ ਆਤਮ ਤੀਰਥ ਤੇ ਨਿਵਾਸ ਆਪਣੇ ਆਪ ਤੋਂ ਨਹੀਂ ਹੋਣਾ, ਕੇਵਲ ਸਤਿਗੁਰੂ ਨੂੰ ਪੁਛ ਕੇ ਹੋਵੇਗਾ। ਸਤਿਗੁਰੂ ਪਹਿਲਾਂ ਤੈਨੂੰ ਸਤਿ ਬਾਰੇ ਸੁਣਾਏਗਾ, ਤੇ ਤੈਨੂੰ ਸਰਵਣ ਦੀ ਅਵਸਥਾ ਪ੍ਰਾਪਤ ਹੋਵੇਗੀ।

*ਸੁਣਿਐ ਸਿਧ ਪੀਰ ਸੁਰ ਨਾਥ॥*
*ਸੁਣਿਐ ਧਰਤਿ ਧਵਲ ਆਕਾਸ॥*
*ਸੁਣਿਐ ਦੀਪ ਲੋਅ ਪਾਤਾਲ॥*
*ਸੁਣਿਐ ਪੋਹਿ ਨ ਸਕੈ ਕਾਲੁ॥*
*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣੀਐ ਦੂਖ ਪਾਪ ਕਾ ਨਾਸੁ॥* *ਪੰਨਾ - 2*

ਜਦੋਂ ਸੌ ਫੀ ਸਦੀ ਸੱਚ ਨੂੰ ਮੰਨਣ ਲੱਗ ਪਵੇਂਗਾ, ਉਸ ਵੇਲੇ ਸਮਝ ਲਈਂ ਕਿ ਹੁਣ ਮੇਰੇ ਵਿਚ ਸੁਣਨ ਦੀ ਅਵਸਥਾ ਆ ਗਈ। ਅਸੀਂ ਕਹਿੰਦੇ ਹਾਂ ਕਿ ਅਸੀਂ ਵੀ ਸੱਚ ਨੂੰ ਮੰਨਦੇ ਹਾਂ। ਅਸੀਂ ਨਹੀਂ ਮੰਨਦੇ ਸਾਧ ਸੰਗਤ ਜੀ! ਸਾਡੇ ਅੰਦਰ ਤਾਂ ਸੰਸਾ ਖੜ੍ਹਾ ਹੈ, ਐਥੇ ਸਤਸੰਗ ਵਿਚ ਬੈਠੇ ਮੰਨ ਲਵਾਂਗੇ, ਜਰਾ ਕੁ ਬਾਹਰ ਨਿਕਲ ਕੇ ਫਿਰ ਸੰਸੇ ਵਿਚ ਖੁਭ ਜਾਵਾਂਗੇ। ਗੁਰੂ ਦੀ ਬਾਨੀ ਨੂੰ ਅਸੀਂ ਬਿਲਕੁਲ ਸੱਚ ਨਹੀਂ ਮੰਨਦੇ। ਜੇ ਸੱਚ ਮੰਨੀਏ ਤਾਂ ਦੂਜੀ ਅਵਸਥਾ ਆ ਜਾਂਦੀ ਹੈ ਕਿ ਸੱਚ ਸੁਣ ਤਾਂ ਲਿਆ ਤੇ ਹੁਣ ਇਸ ਨੂੰ ਮੰਨਣ ਦੀ ਅਵਸਥਾ ਬਾਕੀ ਹੈ। ਮੰਨਿਆ ਕਿਵੇਂ ਜਾਵੇ? ਮੰਨਣ ਵਾਸਤੇ ਸਾਧਨ ਕਰਨੇ ਪੈਂਦੇ ਹਨ। ਜਿੰਨਾਂ ਚਿਰ ਉਹ ਸਾਧਨ ਪ੍ਰਾਪਤ ਨਹੀਂ ਹੁੰਦੇ ਓਨਾਂ ਚਿਰ ਮੰਨ ਨਹੀਂ ਸਕਦਾ ਕਿਉਂਕਿ ਆਦਮੀ ਦੇ ਅੰਦਰ ਐਨੀ ਤਾਕਤ ਨਹੀਂ ਹੈ ਕਿ ਉਹ ਗੁਰੂ ਦੀ ਬਾਣੀ ਸੁਣ ਕੇ ਉਸ ਨੂੰ ਮੰਨ ਲਵੇ। ਜੇ ਮੰਨ ਲਵੇ, ਹੁਣੇ ਹੀ ਸਾਰਿਆਂ ਨੂੰ ਬ੍ਰਹਮਗਿਆਨ ਹੋ ਸਕਦਾ ਹੈ। ਇਸ ਦੇ ਵਾਸਤੇ ਸਾਧਨ ਕਰਨਾ ਪੈਂਦਾ ਹੈ, ਵੀਚਾਰ ਕਰਨੀ ਪੈਂਦੀ ਹੈ। ਸਤ, ਸੰਤੋਖ, ਵੀਚਾਰ, ਸਤਸੰਗ ਚਾਰ ਸਾਧਨ ਤਾਂ ਇਹ ਹਨ। ਬਾਕੀ ਸਾਧਨ ਸਮ, ਦਮ ਹਨ, ਕਿ ਇੰਦਰਿਆਂ ਨੂੰ ਰੋਕਣਾ, ਮਨ ਨੂੰ ਰੋਕਣਾ, ਸ਼ਰਧਾ ਵਿਚ ਆਉਣਾ, ਸਮਾਧਾਨ ਕਰਨਾ। ਜਿਹੜੀ ਚੀਜ਼ ਸੁਣਨੀ ਹੈ ਉਸ ਨੂੰ ਬਾਹਰ ਇਕਾਂਤ ਵਿਚ ਬੈਠ ਕੇ, ਬਾਰ-ਬਾਰ ਅੰਦਰ ਲੈ ਕੇ ਜਾਣਾ। ਉਪਰਾਮ ਰਹਿਣਾ, ਕਿਸੇ ਵੀ ਵਿਸ਼ੇ ਵਿਚ ਨਾ ਫਸਣਾ, ਨਾ ਬਿਰਤੀਆਂ ਦੇ ਅੰਦਰ ਫਸਣਾ। ਸਾਰਿਆਂ ਤੋਂ ਨਿਰਲੇਪ ਰਹਿ ਕੇ ਬੈਰਾਗ ਵਿਚ ਰਹਿਣਾ, ਵਰਤਣ ਵੈਰਾਗ ਰੱਖਣਾ, ਸੰਸਾਰ ਦੇ ਅੰਦਰ ਰਹਿੰਦਾ ਹੋਇਆ ਮਹਿਮਾਨਾਂ ਵਾਂਗੂ ਰਹੇ। ਉਸ ਤੋਂ ਬਾਅਦ ਉਸ ਦੇ ਅੰਦਰ ਤਤਿਕਸ਼ਾ ਹੋਣੀ ਚਾਹੀਦੀ ਹੈ, ਦੁਖ-ਸੁਖ ਝੱਲਣ ਦੀ ਤਾਕਤ ਹੋਣੀ ਚਾਹੀਦੀ ਹੈ। ਅੰਮ੍ਰਿਤ ਵੇਲੇ ਠੰਢੇ ਪਾਣੀ ਨਾਲ ਇਸ਼ਨਾਨ ਕਰਨ ਦੀ ਤਾਕਤ ਹੋਣੀ ਚਾਹੀਦੀ ਹੈ। ਜਿਨ੍ਹਾਂ ਨੇ ਆਪਣੀਆਂ ਆਦਤਾਂ ਵਿਗਾੜ ਲਈਆਂ ਹਨ ਉਹ ਜੇਕਰ ਕਿਧਰੇ ਬਾਹਰ ਚਲੇ ਜਾਣ, ਗਰਮ ਪਾਣੀ ਮਿਲਦਾ ਨਹੀਂ, ਫੇਰ ਦਿਨ ਚੜ੍ਹੇ ਤੱਕ ਬੈਠੇ ਰਹਿੰਦੇ ਹਨ। ਸਵੇਰੇ ਅੰਮ੍ਰਿਤ ਵੇਲੇ ਉਠੋ ਤੇ ਕਿਰਿਆ ਆਦਿ ਕਰਕੇ ਠੰਢੇ ਪਾਣੀ ਨਾਲ ਇਸ਼ਨਾਨ ਕਰੋ, ਇਸ ਨੂੰ ਤਤਿਕਸ਼ਾ ਕਹਿੰਦੇ ਹਨ। ਤੁਰ ਕੇ ਜਾਣਾ, ਧੁੱਪ ਸਹਿ ਲੈਣੀ, ਖੇਚਲ ਸਹਿ ਲੈਣੀ, ਇਸ ਤਰ੍ਹਾਂ ਨਹੀਂ ਕਿ ਸਤਿਸੰਗ ਵਿਚ ਬਹਿ ਕੇ ਘੜੀ ਵੱਲ ਵੇਖੀ ਜਾਣਾ ਕਿ ਹਾਲੇ ਤਾਂ ਵਖਿਆਨ ਮੁਕਿਆ ਹੀ ਨਹੀਂ। ਉਸ ਤੋਂ ਬਾਅਦ ਵਿਵੇਕ ਦੀ ਵੀਚਾਰ ਹੋਵੇ, ਆਤਮ, ਅਨਾਤਮ ਦੀ ਵਿਚਾਰ ਹੋਵੇ ਕਿ ਸੱਚ ਕਿਹੜੀ ਚੀਜ਼ ਹੈ ਤੇ ਝੂਠ ਕਿਹੜੀ ਚੀਜ਼ ਹੈ, ਫੇਰ ਵੈਰਾਗ ਐਸਾ ਹੋਵੇ ਕਿ ਸੰਸਾਰ ਦੇ ਕਿਸੇ ਵਿਸ਼ੇ ਨੂੰ ਮਨ ਵਿਚ ਨਾ ਵਸਾਵੇ। ਚਾਰ, ਪੰਜ ਕਿਸਮ ਦੇ ਵਿਸ਼ੇ ਅਨੰਦ ਹੁੰਦੇ ਹਨ, ਸਾਰੇ ਵਿਸ਼ੇ ਅਨੰਦਾਂ ਤੋਂ ਆਪਣੇ ਆਪ ਨੂੰ ਨਿਰਲੇਪ ਕਰਕੇ ਕੇਵਲ ਪ੍ਰਮੇਸ਼ਰ ਦੇ ਦਰਸ਼ਨ ਦੀ ਆਸਾ ਹੋਵੇ ਤੇ ਆਪਣੇ ਅਗਿਆਨ ਨੂੰ ਮਿਟਾਉਣ ਦਾ ਪਰਮ ਮਨੋਰਥ ਚਿਤ ਵਿਚ ਰੱਖਣਾ ਅਤੇ ਬ੍ਰਹਮ ਲੋਕ ਤਕ ਦੇ ਸੁਖਾਂ ਨੂੰ ਵਿਸ਼ਟਾ ਸਮਾਨ ਸਮਝਣਾ, ਇਸ ਨੂੰ ਵੈਰਾਗ ਕਹਿੰਦੇ ਹਨ। ਤੀਜੀ ਰਹਿਤ ਹੁੰਦੀ ਹੈ ਸਮ ਦਮ। ਚੌਥੀ ਹੁੰਦੀ ਹੈ, ਮੁਮਕਸ਼ਾ, ਆਦਮੀ ਦੇ ਅੰਦਰ ਇਸ ਤਰ੍ਹਾਂ ਹੋਵੇ ਕਿ ਮੈਂ ਪ੍ਰਮੇਸ਼ਰ ਨੂੰ ਅਨੁਭਵ (realize) ਕਰਕੇ, ਅਗਿਆਨ ਦਾ ਛੌੜ ਜਿਸ ਨੂੰ ਪਰਦਾ ਕਹਿੰਦੇ ਹਨ, ਇਸ ਨੂੰ ਕੱਟ ਕੇ ਇਸ ਅਵਸਥਾ ਨੂੰ ਪ੍ਰਾਪਤ ਹੋਣਾ ਹੈ ਕਿ-

*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥*
*ਪੰਨਾ - 1369*

ਮੈਂ ਉਹ ਪਦਵੀ ਪ੍ਰਾਪਤ ਕਰਨੀ ਹੈ ਜਿਥੋਂ ਮੁੜ ਕੇ ਫੇਰ ਨਾ ਆਉਣਾ ਪਵੇ। ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਲੋਕ ਵਿਚ ਖਰਬਾਂ ਸਾਲ ਸੁਖ ਭੋਗ ਕੇ ਫੇਰ ਆਉਣਾ ਪੈਂਦਾ ਹੈ, ਇਸ ਪਦਵੀ ਦਾ ਵੀ ਕੋਈ ਫਾਇਦਾ ਨਹੀਂ। ਪਦਵੀ ਤਾਂ ਉਹ ਹੈ ਜਿਥੋਂ ਮੁੜ ਕੇ ਫੇਰ ਆਉਣਾ ਹੀ ਨਾ ਪਵੇ ਤੇ ਦੁਬਾਰਾ ਜਨਮ ਨਾ ਲੈਣਾ ਪਵੇ। ਸੁਣਨ ਦੀ ਅਵਸਥਾ ਵਿਚ, ਇਹ ਤੀਬਰ ਇਛਿਆ ਹੋਣੀ ਚਾਹੀਦੀ ਹੈ ਫੇਰ ਉਹ ਸੁਨਣ ਦਾ ਹੱਕਦਾਰ ਹੁੰਦਾ ਹੈ, ਫੇਰ ਗੁਰੂ ਸੁਣਾਉਂਦਾ ਹੈ। ਉਸ ਨੂੰ ਅਧਿਕਾਰੀ ਕਹਿੰਦੇ ਹਨ। ਫੁਰਮਾਨ ਹੈ ਕਿ -

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ॥*
*ਨਹਾ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥*
*ਪੰਨਾ - 1365*

ਜਿਥੇ ਗਾਹਕ ਹੀ ਨਾ ਹੋਵੇ, ਮੁਲ ਲੈਣ ਵਾਲਾ ਕੋਈ ਨਹੀਂ ਹੈ, ਉਥੇ ਨਾਮ ਦੀ ਗੱਲ ਕਰਨ ਦਾ ਕੋਈ ਫਾਇਦਾ ਨਹੀਂ ਹੋਇਆ ਕਰਦਾ। ਉਥੇ ਬ੍ਰਹਮ ਗਿਆਨ ਦੀ ਗੱਲ ਨਹੀਂ ਕਰਨੀ ਚਾਹੀਦੀ ਕਿਉਂਕਿ ਉਥੇ ਕੋਈ ਸੁਨਣ ਵਾਲਾ ਹੀ ਨਹੀਂ ਅਤੇ ਨਾ ਹੀ ਕੋਈ ਸੁਣਨ ਦੀ ਅਵਸਥਾ ਵਾਲਾ ਹੁੰਦਾ ਹੈ।

ਦੂਸਰੀ ਪੌੜੀ ਨੂੰ ਮੰਨਣ ਦੀ ਅਵਸਥਾ ਕਹਿੰਦੇ ਹਨ। ਜਿਹੜੀ ਚੀਜ਼ ਮੰਨ ਲਈ ਫੇਰ ਉਸ ਨੂੰ ਪਕਾਉਣਾ, ਬਾਰ-ਬਾਰ

ਪਕਾਉਣਾ, ਉਸ ਨੂੰ ਨਿਧਿਆਸਣ ਕਹਿੰਦੇ ਹਨ। ਉਸ ਦਾ ਤਰੀਕਾ ਮੈਂ ਪਹਿਲਾਂ ਦੱਸਿਆ ਹੈ ਕਿ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ, ਚੌਂਕੜਾ ਮਾਰ ਕੇ, ਜਦੋਂ ਸਾਰਾ ਸੰਸਾਰ ਸੁੱਤਾ ਪਿਆ ਹੋਵੇ ਉਸ ਵੇਲੇ ਆਪਣੇ ਸਵੈ ਸਰੂਪ ਦਾ ਚਿੰਤਨ ਕਰਨਾ, ਆਪਣੀ ਬਿਰਤੀ ਖਿੱਚਣੀ, ਇਸ ਨੂੰ ਅਪਚੀਕਰਨ ਕਹਿੰਦੇ ਹਨ – ਪੱਚੀ ਪ੍ਰਕ੍ਰਿਤੀਆਂ 'ਚੋਂ ਬਿਰਤੀ ਖਿਚ ਲੈਣੀ। ਪੰਜੇ ਕਰਮ ਇੰਦਰਿਆਂ 'ਚੋਂ, ਪੰਜੇ ਗਿਆਨ ਇੰਦਰਿਆਂ ਤੋਂ, ਪੰਜੇ ਪ੍ਰਾਣਾਂ ਤੋਂ ਬਿਰਤੀ ਖਿੱਚ ਲੈਣੀ, ਮਨ ਤੋਂ ਬੁੱਧ ਤੋਂ ਉਪਰ ਚਲੇ ਜਾਣਾ, ਉਸ ਤੋਂ ਬਾਅਦ ਚਿਤ ਤੋਂ ਅੱਗੇ ਲੰਘ ਕੇ ਅਹੰਭਾਵ ਵਿਚ ਚਲੇ ਜਾਣਾ ਫੇਰ ਉਥੇ ਫੈਸਲਾ ਕਰਨਾ ਕਿ ਮੈਂ ਸਰੀਰ ਹਾਂ ਜਾਂ ਜਿਹੜਾ ਕੁਝ ਛੱਡ ਛਡਾ ਕੇ ਮੈਂ ਲੰਘ ਕੇ ਆਇਆਂ ਹਾਂ, ਇਹ ਹਾਂ ਕਿ ਮੈਂ ਇਸ ਤੋਂ ਉਪਰ ਕੋਈ ਹੋਰ ਚੀਜ਼ ਹਾਂ? ਉਸ ਵੇਲੇ ਬੁੱਧੀ ਖਤਮ ਹੋ ਜਾਂਦੀ ਹੈ ਤੇ ਅਨੁਭਵ ਜਾਗਦਾ ਹੈ। ਅਨੁਭਵ ਦੇ ਨਾਲ ਸਾਖੀ ਚੇਤਨ ਆਤਮਾ ਦਾ ਧਿਆਨ ਧਰਨਾ, ਇਸ ਨੂੰ ਆਤਮ ਚਿੰਤਨ, ਆਤਮ ਮੰਨਣ ਤੇ ਆਤਮ ਸਥਿਤੀ ਕਹਿੰਦੇ ਹਨ। ਇਸ ਸਥਿਤੀ ਵਿਚ ਜਿਹੜਾ ਸਾਧਨ ਹੁੰਦਾ ਹੈ ਉਸ ਨੂੰ ਨਿਧਿਆਸਣ ਕਹਿੰਦੇ ਹਨ।

ਨਿਧਿਆਸਣ ਤੋਂ ਬਾਅਦ ਫੇਰ ਪਤਾ ਲਗਦਾ ਕਿ ਇਹ ਤਾਂ ਖੇਡ ਹੀ ਹੋਰ ਹੈ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ – 846***

ਇਹ ਸਾਰਾ ਪਸਾਰਾ ਆਤਮਾ ਦਾ ਹੀ ਹੈ। ਇਥੇ ਤਾਂ ਹੋਰ ਦੂਜਾ ਹੈ ਹੀ ਨਹੀਂ, ਇਹ ਮਾਇਆ ਦੀ ਹੀ ਖੇਡ ਹੋ ਰਹੀ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲਗੇ ਕਿ ਬੱਧੂ ਸ਼ਾਹ! ਜਦੋਂ ਤੂੰ ਇਸ ਤਰ੍ਹਾਂ ਕਰੇਂਗਾ, ਉਸ ਵੇਲੇ ਕੂੜ ਦੀ ਕੰਧ ਟੁੱਟ ਜਾਵੇਗੀ। ਕਹਿਣ ਲੱਗਾ, "ਮਹਾਰਾਜ! ਕਿਰਪਾ ਕਰਕੇ ਮੈਨੂੰ ਇਕ ਅੱਖਰ ਵਿਚ ਦੱਸੋ।" ਮਹਾਰਾਜ ਜੀ ਕਹਿੰਦੇ, "ਇਕ ਅਖਰ ਤਾਂ ਇਹ ਹੈ ਕਿ ਘੁੰਡ ਚੁਕ ਕੇ, ਖੁਲ੍ਹ ਕੇ ਨੱਚ ਲੈ।"

ਬੁੱਧੂ ਸ਼ਾਹ ਉਸ ਵੇਲੇ ਨੱਚਣ ਲੱਗ ਪਿਆ ਤੇ ਬੇਸੁਧ ਹੋ ਗਿਆ। ਮਹਾਰਾਜ ਜੀ ਨੇ ਦ੍ਰਿਸ਼ਟੀ ਕੀਤੀ ਤੇ ਕਿਹਾ ਕਿ ਹੁਣ ਤੇਰੀ ਕੂੜ ਦੀ ਪਾਲ ਲਹਿ ਗਈ ਹੈ। ਤੂੰ ਚੇਲਿਆਂ ਦੀ ਪਰਵਾਹ ਨਹੀਂ ਕੀਤੀ, ਤੂੰ ਸੰਸਾਰ ਦੀ ਪਰਵਾਹ ਨਹੀਂ ਕੀਤੀ, ਲੋਕ ਲੱਜਾ ਵੀ ਲਾਹ ਦਿਤੀ ਤੇ ਪੀਰ ਲੱਜਿਆ ਵੀ ਲਾਹ ਦਿਤੀ ਤੇ ਹੁਣ ਤੂੰ ਬ੍ਰਹਮ ਲੱਜਿਆ ਵਿਚ ਆ ਜਾ। ਸੋ ਮੈਂ ਇਹ ਬੇਨਤੀ ਕਰ ਰਿਹਾ ਸੀ ਕਿ –

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***
***ਪੰਨਾ – 1373***

ਸੰਤ ਉਹ ਰਸਤਾ ਦੱਸਦੇ ਹਨ ਜਿਸ ਰਸਤੇ ਤੇ ਚਲ ਕੇ ਆਦਮੀ ਪਰਮ ਪਦ ਦੀ ਪ੍ਰਾਪਤੀ ਕਰ ਸਕਦਾ ਹੈ।

ਸੋ ਬੇਣੀ ਭਗਤ ਸੰਤਾਂ ਦੀ ਤਲਾਸ਼ ਕਰਦਾ ਫਿਰਦਾ ਹੈ ਤੇ ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਕੋਈ ਐਸਾ ਮਿਲ ਜਾਵੇ ਜਿਹੜਾ ਮੈਨੂੰ ਪ੍ਰਮੇਸ਼ਵਰ ਨਾਲ ਮਿਲਾ ਦੇਵੇ। ਸੰਸਾਰ ਦੇ ਅੰਦਰ ਅੱਜ ਤਕ ਇਸ ਤਰ੍ਹਾਂ ਕਦੇ ਵੀ ਨਹੀਂ ਹੋਇਆ ਕਿ ਸੰਸਾਰ ਖਾਲੀ ਹੋ ਜਾਵੇ, ਲੇਕਿਨ –

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥***
***ਪੰਨਾ – 1411***

ਅਤੇ

***ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥***
***ਪੰਨਾ – 495***
***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥***
***ਪੰਨਾ – 1427***

ਕੋਈ ਵਿਰਲਾ ਵਿਰਲਾ ਹੈ, ਭਾਲਦੇ ਭਾਲਦੇ ਕੋਈ ਨਾ ਕੋਈ ਲੱਭ ਜਾਂਦਾ ਹੈ, ਕਿਤੇ ਨਾ ਕਿਤੇ ਖਰਾ ਵੀ ਮਿਲ ਜਾਂਦਾ ਹੈ। ਸੋ ਉਸ ਨੂੰ ਮਿਲ ਗਿਆ, ਉਸ ਪੂਰਨ ਪੁਰਸ਼ ਨੇ ਦੇਖਿਆ ਕਿ ਕੋਈ ਵੈਰਾਗੀ ਪੁਰਸ਼ ਆਇਆ ਹੈ, ਉਸ ਨੇ ਉਸ ਦੀ ਅਵਸਥਾ ਅਨੁਭਵ ਕਰਕੇ ਭਗਤੀ ਦਾ ਉਪਦੇਸ਼ ਕਰ ਦਿਤਾ।

ਕਹਿਣ ਲੱਗੇ, ਦੇਖ ਪ੍ਰੇਮੀਆ! ਤੂੰ ਜਿਸ ਪ੍ਰਮੇਸ਼ਰ ਨੂੰ ਮਿਲਣਾ ਚਾਹੁੰਦਾ ਹੈਂ ਉਹ ਦੋ ਤਰੀਕਿਆਂ ਨਾਲ ਮਿਲਦਾ ਹੈ। ਇਕ ਤਾਂ ਗਿਆਨ ਨਾਲ ਮਿਲਦਾ ਹੈ ਪਰ ਗਿਆਨ ਖਾਰਾ ਪਾਣੀ ਹੈ। ਇਕ ਭਗਤੀ ਹੈ, ਭਗਤੀ ਮਿੱਠਾ ਪਾਣੀ ਹੈ। ਖਾਰਾ ਪਾਣੀ ਹਜ਼ਮ ਨਹੀਂ ਹੋਇਆ ਕਰਦਾ, ਅਤੀਸਾਰ ਲਾ ਦਿੰਦਾ ਹੈ, ਪੇਟ ਖਰਾਬ ਕਰ ਦਿੰਦਾ ਹੈ। ਇਸ ਕਰਕੇ ਇਕੱਲਾ ਗਿਆਨ ਨਾਸਤਿਕ ਤੇ ਅਸ਼ਰਧਕ ਬਣਾ ਦਿੰਦਾ ਹੈ, ਵੇਦਾਂਤੀਆਂ ਵਾਂਗ ਬਣਾ ਦਿੰਦਾ ਹੈ, ਕੇਵਲ ਗੱਲਾਂ ਕਰਨ ਵਾਲਾ ਬਣਾ ਦਿੰਦਾ ਹੈ। ਲੇਕਿਨ ਭਗਤੀ ਸਹਿਤ ਜਿਹੜਾ ਗਿਆਨ ਹੈ ਉਹ ਮਿੱਠਾ ਪਾਣੀ ਹੋਇਆ ਕਰਦਾ ਹੈ, ਹਜ਼ਮ ਹੋ ਜਾਂਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੂੰ ਕਿਸੇ ਨੇ ਪੁਛਿਆ ਕਿ ਮਹਾਰਾਜ, ਆਪ ਵੇਦਾਂਤ ਦਾ ਰਸਤਾ ਕਿਉਂ ਨਹੀਂ ਅਖਤਿਆਰ ਕਰਦੇ? ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪਚਣ ਦੀ ਗੱਲ ਹੋਇਆ ਕਰਦੀ ਹੈ। ਜੇਕਰ ਕਿਸੇ ਨੂੰ ਇਕ ਸੇਰ ਦੇਸੀ ਘਿਓ ਖੁਆ ਦਿਤਾ ਜਾਵੇ, ਉਹ ਖਾ ਤਾਂ ਲਏਗਾ ਪਰ ਉਸ ਨੂੰ ਅਤੀਸਾਰ ਲੱਗ ਜਾਵੇਗਾ, ਮਰੋੜੇ ਲੱਗ ਜਾਣਗੇ, ਹਜ਼ਮ ਨਹੀਂ ਹੋਵੇਗਾ। ਜੇਕਰ ਖੰਡ ਪਾ ਕੇ ਖੁਆ ਦਿਤਾ ਜਾਵੇ ਤਾਂ ਉਹੀ ਘਿਓ ਹਜ਼ਮ ਹੋ ਜਾਇਗਾ। ਸੋ ਇਸੇ ਤਰ੍ਹਾਂ ਜੋ ਭਗਤੀ ਸਹਿਤ ਗਿਆਨ ਆਉਂਦਾ ਹੈ ਉਹ ਪਰੈਕਟੀਕਲ, ਪੱਕਾ ਗਿਆਨ ਹੁੰਦਾ ਹੈ। ਜਿਹੜਾ ਪਹਿਲਾ ਗਿਆਨ ਹੈ ਉਹਦੇ ਵਿਚ 'ਮੈਂ' ਨਹੀਂ ਮਿਟਿਆ ਕਰਦੀ ਕਿਉਂਕਿ ਕੇਵਲ ਗਿਆਨ ਹੁੰਦਾ ਹੈ। ਭਗਤੀ ਵਿਚ 'ਮੈਂ' ਮਿਟ ਜਾਂਦੀ ਹੈ ਕਿਉਂਕਿ ਇਸ ਨੂੰ ਭੈ-ਗਤੀ ਕਹਿੰਦੇ ਹਨ। ਇਹ ਦੋ ਤੋਂ ਸ਼ੁਰੂ ਹੁੰਦੀ ਹੈ ਜਿਸਨੂੰ ਦ੍ਵੈਤ ਤੇ ਅਦ੍ਵੈਤ ਕਹਿੰਦੇ ਹਨ। ਦ੍ਵੈਤ ਤੋਂ ਸ਼ੁਰੂ ਹੋ ਕੇ ਇਸ ਦਾ ਮੱਧ ਦ੍ਵੈਤਾ ਦ੍ਵੈਤ, ਤੇ ਮੰਜ਼ਲ ਇਸ ਦੀ ਅਦ੍ਵੈਤ ਹੁੰਦੀ ਹੈ। ਬਾਅਦ ਵਿਚ ਇਕੋ ਹੀ ਰਹਿ ਜਾਂਦਾ ਹੈ –

(ਬਾਕੀ ਪੰਨਾ 61 ਤੇ)

# ਅਬਿਨਾਸ਼ੀ ਜੋਤ

***ਸੰਤ ਵਰਿਆਮ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 51 )*

ਜਿਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਦੀ ਇਸ ਜੀਵਨ ਵਿਚ ਸੇਵਾ ਕੀਤੀ ਹੈ ਜਿਨ੍ਹਾਂ ਨੇ ਸੱਚੇ ਦਿਲ ਨਾਲ ਉਨ੍ਹਾਂ ਨੂੰ ਪਿਆਰ ਕੀਤਾ ਹੈ ਉਨ੍ਹਾਂ ਦਾ ਰਾਖਾ ਗੁਰੂ ਨਾਨਕ ਆਪ ਹੋ ਜਾਂਦਾ ਹੈ ਇਥੇ ਵੀ ਰਾਖੀ ਕਰਦਾ ਹੈ, ਦਰਗਾਹ ਵਿਚ ਵੀ ਉਨ੍ਹਾਂ ਦੀ ਰਾਖੀ ਕਰਦਾ ਹੈ। ਇਸ ਸਬੰਧ ਵਿਚ ਮੈਂ ਇਕ ਸੱਚੀ ਘਟਨਾ ਦਾ ਜ਼ਿਕਰ ਕਰਦਾ ਹਾਂ ਜਿਸ ਤੋਂ ਪਤਾ ਲਗ ਜਾਵੇ ਕਿ ਕਿਵੇਂ ਗੁਰੂ ਆਪਣੇ ਸਿੱਖਾਂ ਨੂੰ ਸੰਭਾਲਦਾ ਹੈ।

ਉਤਰ ਪ੍ਰਦੇਸ਼ ਦੇ ਤਰਾਈ ਖੇਤਰ ਵਿਚ ਮੈਂ 1948 ਵਿਚ ਜ਼ਮੀਨ ਲਈ ਜਿਸ ਦਾ ਹੌਲੀ-ਹੌਲੀ ਰਕਬਾ 100 ਏਕੜ ਹੋ ਗਿਆ। 1965 ਵਿਚ ਸੰਤ ਮਹਾਰਾਜ ਜੀ ਨੇ ਹੁਕਮ ਦਿਤਾ ਕਿ ਤੂੰ ਸਿਵਲ ਸੈਕਟਰੀਏਟ ਦੀ job ਛੱਡ ਕੇ ਯੂ.ਪੀ. ਜਾ ਕੇ ਆਪਣੀ ਜ਼ਮੀਨ ਨੂੰ ਸੰਭਾਲ, ਨਹੀਂ ਤਾਂ ਇਹ ਜ਼ਮੀਨ ਭਾਈ ਭਰਾ ਦੱਬ ਲੈਣਗੇ ਅਤੇ ਤੈਨੂੰ ਨਹੀਂ ਮਿਲਣੀ। ਮੇਰੇ ਸਾਮ੍ਹਣੇ ਦੋ ਹੀ ਪਾਸੇ ਸਨ - ਇਕ ਇਹ ਸੀ ਕਿ ਮੇਰੀ ਸਰਵਿਸ, ਪੈਨਸ਼ਨ ਦੇ ਕਾਬਲ ਹੋ ਗਈ ਸੀ, ਇਸ ਦਾ ਮਤਲਬ ਕਿ ਮੈਂ ਸਰਵਿਸ ਵਿਚ ਥੋੜ੍ਹੇ ਦਿਨ ਹੋਰ ਰਹਿੰਦਾ ਅਤੇ ਆਪਣੇ ਪੈਨਸ਼ਨ ਦੇ ਕਾਗਜ਼ ਪੂਰੇ ਕਰਾ ਕੇ ਫੇਰ ਛੁੱਟੀ ਮੰਗਦਾ। ਦੂਜਾ ਸੀ ਕਿ ਮਹਾਂਪੁਰਸ਼ਾਂ ਦਾ ਹੁਕਮ ਜੋ ਅਜ਼ਲੀ ਹੁੰਦਾ ਹੈ ਜਿਸ ਨੂੰ ਕਿਸੇ ਤਰ੍ਹਾਂ ਵੀ ਟਾਲਿਆ ਨਹੀਂ ਜਾ ਸਕਦਾ, ਨੂੰ ਬਗੈਰ ਕਿਸੇ ਸੋਚ ਵਿਚਾਰ ਦੇ ਮੰਨ ਲੈਣਾ। ਸੰਤ ਮਹਾਰਾਜ ਨਾਲ ਮੇਰਾ ਬਹੁਤ ਪਿਆਰ ਸੀ ਅਤੇ ਮੈਂ ਉਨ੍ਹਾਂ ਨੂੰ ਪ੍ਰਮੇਸ਼ਵਰ ਰੂਪ ਜਾਣਿਆ ਕਰਦਾ ਸੀ। ਕੁਝ ਵੀ ਨਾ ਵਿਚਾਰ ਕੇ ਮੈਂ ਆਪਣੇ ਫਾਰਮ ਤੇ ਚਲਿਆ ਗਿਆ, ਖੇਤੀ ਆਰੰਭ ਦਿਤੀ, ਟਰੈਕਟਰ ਲੈ ਲਿਆ, ਟਿਊਬਵੈਲ ਲਾ ਲਏ, ਹੋਰ ਸਮਾਨ ਲੈ ਲਿਆ। ਮੈਂ ਪਹਿਲੇ ਸਾਲ ਹੀ ਮੱਕੀ ਦਾ ਫਾਊਂਡੇਸ਼ਨ seed (ਬੀਜ) ਤਿਆਰ ਕਰਕੇ ਮੱਕੀ ਬੀਜ ਦਿਤੀ। ਇਸ ਕਰਕੇ ਮੇਰਾ ਪੰਤ ਨਗਰ ਯੂਨੀਵਰਸਿਟੀ ਵਿਚ ਜਾਣਾ ਆਉਣਾ ਕਾਫੀ ਵਧ ਗਿਆ। ਉਨ੍ਹਾਂ ਦਿਨਾਂ ਵਿਚ ਕਰਨਲ ਲਾਲ ਸਿੰਘ ਸਨ ਜੋ ਪਟਿਆਲਾ ਫੌਜ ਵਿਚ ਨਿਯੁਕਤ ਸਨ, ਮੇਰੇ ਫਾਰਮ ਦੇ ਨਾਲ ਹੀ ਬਹੁਤ ਵੱਡਾ ਫਾਰਮ ਉਨ੍ਹਾਂ ਨੇ ਲੈ ਲਿਆ। ਇਸ ਫਾਰਮ ਦਾ ਨਾਂ ਬਾਰਾਂਦਰੀ ਫਾਰਮ ਸੀ ਅਤੇ ਤਰਾਈ ਦੇ ਸਭ ਫਾਰਮਾਂ ਵਿਚੋਂ ਬੀਜ ਫਾਰਮ ਕਰਕੇ ਪ੍ਰਸਿੱਧ ਸੀ। ਇਸਦੀ 683 ਏਕੜ ਜ਼ਮੀਨ ਸੀ। ਕਰਨਲ ਲਾਲ ਸਿੰਘ ਜੀ ਬਹੁਤ ਹੀ ਸੁਲਝੇ ਹੋਏ ਵਿਅਕਤੀ ਸਨ। ਗੁਰੂ ਨਾਨਕ ਪਾਤਸ਼ਾਹ ਨਾਲ ਉਨ੍ਹਾਂ ਦਾ ਅਥਾਹ ਪਿਆਰ ਸੀ। ਯੂ.ਪੀ. ਵਿਚ ਅਸੀਂ 1948 ਵਿਚ ਨਵੇਂ-ਨਵੇਂ ਹੀ ਗਏ ਸਾਂ। ਉਥੇ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਸਿੱਧ ਅਸਥਾਨ ਨਾਨਕ ਮਤਾ ਸੀ ਜਿਥੇ ਥੋੜ੍ਹੇ ਸਮੇਂ ਪਿਛੋਂ ਕਰਨਲ ਲਾਲ ਸਿੰਘ ਜੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣ ਗਏ, ਮੈਂ ਵੀ ਜਦੋਂ ਯੂ.ਪੀ. ਆਪਣੇ ਫਾਰਮ ਤੇ ਗਿਆ ਤਾਂ 1969 ਤੋਂ ਉਥੇ ਹਰ ਮਹੀਨੇ ਪੂਰਨਮਾਸ਼ੀ ਵਾਲੇ ਦਿਨ ਜਾ ਕੇ ਕੀਰਤਨ ਕਰਿਆ ਕਰਦਾ ਸੀ। ਉਥੇ ਬਹੁਤ ਫਾਰਮਰ ਇਕੱਠੇ ਹੋਇਆ ਕਰਦੇ ਸਨ। ਯੂ.ਪੀ. ਵਿਚ ਕਿਸਾਨਾਂ ਦੀ ਨਵੀਂ ਆਬਾਦੀ ਤਰਾਈ ਦੇ ਇਲਾਕੇ ਵਿਚ ਹੋ ਰਹੀ ਸੀ ਜਿਨ੍ਹਾਂ ਵਿਚੋਂ ਵਿਸ਼ੇਸ਼ ਤੌਰ ਤੇ ਪਾਕਿਸਤਾਨ ਦੇ ਬੇਘਰ ਹੋਏ ਹੋਏ ਕਿਸਾਨ ਜ਼ਮੀਨਾਂ ਆਬਾਦ ਕਰ ਰਹੇ ਸਨ। ਇਨ੍ਹਾਂ ਕਿਸਾਨਾਂ ਵਿਚ 99% ਸਿੱਖ ਕਿਸਾਨ ਸਨ, ਪਰ ਇਨ੍ਹਾਂ ਵਾਸਤੇ ਕੋਈ ਵੀ ਸੰਗਤ ਉਥੇ ਨਹੀਂ ਸੀ। ਕੇਵਲ ਨਾਨਕ ਮਤਾ ਹੀ ਸੈਂਟਰਲ ਪੁਆਇੰਟ ਸੀ, ਜਿਥੇ ਮਹੀਨੇ ਪਿਛੋਂ ਇਹ ਸਾਰੇ ਕਿਸਾਨ ਇਕੱਠੇ ਹੋਇਆ ਕਰਦੇ ਸਨ। ਆਮ ਤੌਰ ਤੇ ਇਹ ਦੇਖਿਆ ਗਿਆ ਕਿ ਬਹੁਤ ਛੋਟੇ ਕਿਸਾਨ cattle lifting (ਪਸ਼ੂ ਚੋਰੀ) ਦੇ ਨਿੰਦਨੀ ਧੰਧੇ ਵਿਚ ਗ੍ਰਸਤ ਸਨ ਅਤੇ ਸ਼ਰਾਬਾਂ ਦੇ ਡਰੰਮ ਭਰ ਭਰ ਕੇ ਕਢਦੇ ਸਨ ਅਤੇ ਗਿਲਾਸ ਭਰ ਭਰ ਕੇ ਪੀਂਦੇ ਸਨ। ਇਨ੍ਹਾਂ ਵਿਚੋਂ ਕੁਝ hitman ਵੀ ਸਨ ਜੋ ਪੈਸੇ ਲੈ ਕੇ ਬੰਦਾ ਮਾਰ ਦਿਆ ਕਰਦੇ ਸਨ। ਇਨ੍ਹਾਂ ਕਾਰਨਾਂ ਕਰਕੇ ਸਿੰਘਾਂ ਦੀ reputation ਬਹੁਤ ਧੁੰਦਲੀ ਹੋ ਗਈ। ਸਿੰਘਾਂ ਨੂੰ ਜਰਾਇਮ ਪੇਸ਼ਾ ਕੌਮ ਸਮਝਣ ਲਗ ਗਏ। ਪੰਡਤ ਜਵਾਹਰ ਲਾਲ ਨਹਿਰੂ Prime Minister of India ਰੁਦਰਪੁਰ ਕਾਨਫਰੰਸ ਵਿਚ ਆਏ। ਉਨ੍ਹਾਂ ਨੂੰ ਸਿੱਖ ਜਰਾਇਮ ਪੇਸ਼ਾ ਕੌਮ ਬਾਰੇ ਉਥੇ ਦੇ ਲੋਕਲ ਅਫਸਰਾਂ ਨੇ ਦੱਸਿਆ, ਇਸ ਉਤੇ ਰੌਲਾ ਮਚਿਆ। ਪੰਡਤ ਜਵਾਹਰ ਲਾਲ ਤਕ ਗੱਲ ਪਹੁੰਚਾਈ ਗਈ, ਉਸ ਨੇ ਇਹ ਭੁੱਲ ਮਹਿਸੂਸ ਕੀਤੀ। ਪਰ ਅਸਾਨੂੰ ਪਤਾ ਸੀ ਕਿ ਅਸੀਂ ਅਸਲ ਵਿਚ ਕੀ ਹਾਂ। ਗੁਰੂ ਨਾਨਕ ਪਾਤਸ਼ਾਹ ਦੇ ਪੰਜ ਸੌ ਸਾਲਾ ਦਿਵਸ ਨੂੰ ਬਹੁਤ ਧੂਮ ਧਾਮ ਨਾਲ ਮਨਾਇਆ ਗਿਆ।

ਬਿਲਾਸਪੁਰ, ਜ਼ਿਲਾ ਰਾਮਪੁਰ ਵਿਚ 101 ਅਖੰਡਪਾਠ ਕੀਤਾ। ਸ਼੍ਰੋਮਣੀ ਕਮੇਟੀ ਨੂੰ ਪ੍ਰਾਥਨਾ ਕਰਕੇ ਇਕ ਬਹੁਤ ਵਧੀਆ ਢਾਡੀ ਜਥਾ ਯੂ.ਪੀ. ਵਿਚ ਪ੍ਰਚਾਰ ਕਰਨ ਲਾਇਆ। ਉਹ ਲੋਕ ਅਖੰਡਪਾਠ ਸਾਹਿਬ ਦੀਆਂ ਡਿਊਟੀਆਂ ਵੀ ਦਿੰਦੇ ਸਨ ਪਰ ਉਨ੍ਹਾਂ ਦੇ ਜਥੇਦਾਰ ਤੋਂ 101ਵੇਂ ਅਖੰਡ ਵਿਚ ਇਕ ਮਹਾਨ ਭੁੱਲ ਹੋ ਗਈ, ਉਹ ਇਹ ਸੀ ਕਿ ਗੁਰਦੁਆਰਾ ਸਾਹਿਬ ਦੀਆਂ ਦੁਕਾਨਾਂ ਵਿਚ ਇਕ ਬੂਟਾਂ ਦੀ ਦੁਕਾਨ ਵੀ ਸੀ। ਉਨ੍ਹਾਂ ਦੇ ਸੱਤ ਬੱਚੇ ਸਨ, ਛੋਟਾ ਬੱਚਾ ਚਾਰ ਸਾਲ ਦਾ ਸੀ। ਦੁਕਾਨ ਵਾਲੇ ਸਰਦਾਰ ਸਾਹਿਬ ਦੇ ਘਰੋਂ ਜੋ ਬੀਬੀ ਸੀ ਉਹ ਬਹੁਤ ਸੋਹਣਾ ਅਖੰਡਪਾਠ ਕਰਦੀ ਸੀ ਪਰ ਪੰਜਾਬ ਤੋਂ ਆਏ ਹੋਏ ਜਥੇ ਦੇ ਮੁਖੀ ਦੇ ਮਨ ਵਿਚ ਗਲਤ ਖਿਆਲ ਪੈਦਾ ਹੋ ਗਿਆ ਅਤੇ ਉਹ ਪਾਠ ਦੇ ਭੋਗ ਵੇਲੇ ਬੀਬੀ ਨੂੰ ਲੈ ਕੇ ਗੁੰਮਨਾਮ ਥਾਂ ਤੇ ਚਲਿਆ ਗਿਆ। ਇਸ ਗੱਲ ਦਾ ਅਸਰ ਕਿਸਾਨਾਂ ਤੇ ਬਹੁਤ ਪਿਆ ਅਤੇ ਸਿੱਖ character ਨੂੰ ਖੁਲ੍ਹ-ਮ-ਖੁਲ੍ਹਾ ਨਿੰਦਣ ਲਗ ਗਏ। ਸਿੰਘਾਂ ਵਾਸਤੇ ਇਹ ਗੱਲ ਬਹੁਤ ਮੁਸ਼ਕਲ ਸੀ, ਕਿਉਂਕਿ ਘਟਨਾ ਸੱਚੀ ਸੀ ਉਸ ਬਾਰੇ ਨਿੰਦਨੀ ਖਿਆਲਾਂ ਨੂੰ ਤਬਦੀਲ ਕਿਵੇਂ ਕੀਤਾ ਜਾਂਦਾ? ਪੰਥਕ ਹਿਤੈਸ਼ੀਆਂ ਦਾ ਬਹੁਤ ਭਾਰਾ ਇਕੱਠ ਹੋਇਆ, ਜਿਸ ਵਿਚ ਫੈਸਲਾ ਕੀਤਾ ਗਿਆ ਕਿ ਤਰਾਈ ਦੇ ਇਲਾਕੇ ਵਿਚ ਗੁਰੂ ਨਾਨਕ ਸਿਧਾਂਤ ਦਾ ਪ੍ਰਚਾਰ ਕਰਕੇ ਇਨ੍ਹਾਂ ਲੋਕਾਂ ਨੂੰ ਮੰਦੇ ਕੰਮਾਂ ਤੋਂ ਹਟਾਇਆ ਜਾਵੇ। ਪੁਲਿਸ ਇਨ੍ਹਾਂ ਨੂੰ ਬਜ਼ਾਰਾਂ ਵਿਚੋਂ ਕੇਸਾਂ ਦਾੜ੍ਹੀਆਂ ਤੋਂ ਫੜ ਕੇ ਲੈ ਜਾਇਆ ਕਰਦੀ ਸੀ। ਉਸ ਮੀਟਿੰਗ ਵਿਚ ਮੈਂ ਵੀ ਬੈਠਾ ਸੀ ਪਰ ਮੈਂ ਦੇਖਿਆ ਕਿ ਵਿਚਾਰਾਂ ਕੇਵਲ ਵਿਚਾਰਾਂ ਹੀ ਹਨ, ਕੋਈ ਠੋਸ ਕਦਮ ਨਹੀਂ ਸੀ ਚੁਕਿਆ ਜਾਣਾ ਕਿਉਂਕਿ ਸਾਰੇ ਨਵੇਂ ਅਬਾਦਕਾਰ ਕਿਸਾਨ ਸਨ। ਕਿਸਾਨਾਂ ਨੂੰ ਬਹੁਤ ਰੁਝੇਵੇਂ ਸਨ ਕਿਉਂਕਿ ਉਨ੍ਹਾਂ ਦੀ ਆਰਥਕ ਹਾਲਤ ਬਹੁਤ ਨੀਵੇਂ ਪੱਧਰ ਤੇ ਸੀ, ਉਨ੍ਹਾਂ ਨੂੰ ਵਿਆਜੂਆਂ ਤੋਂ ਪੈਸੇ ਲੈਣੇ ਪੈਂਦੇ ਸਨ।

ਪ੍ਰਚਾਰ ਦਾ ਕੰਮ ਸ਼ੁਰੂ ਹੋ ਗਿਆ ਪਰ ਤਿੰਨ ਪ੍ਰੋਗਰਾਮਾਂ ਪਿਛੋਂ ਇਕ ਵੀ ਬੰਦਾ ਨਾਲ ਨਾ ਰਿਹਾ ਉਸ ਪਿਛੋਂ ਮੈਂ ਗੁਰੂ ਮਹਾਰਾਜ ਕੋਲ ਪ੍ਰਾਥਨਾ ਕੀਤੀ ਕਿ ਮੇਰੇ ਕੋਲ ਨਾ ਕੋਈ ਸਾਜੀ ਹੈ, ਨਾ ਕੋਈ ਸਾਧਨ ਹੈ। ਤੂੰ ਹੀ ਕ੍ਰਿਪਾ ਕਰ। ਉਸ ਸਮੇਂ ਕਰਨਲ ਲਾਲ ਸਿੰਘ ਜੀ ਪਰਉਪਕਾਰੀ ਕੰਮਾਂ ਵਿਚ ਰੁਝੇ ਹੋਏ ਸਨ। ਲੜਕੀਆਂ ਦਾ ਵੱਡਾ ਸਕੂਲ ਬਣਾਉਣਾ, ਰੀਠਾ ਸਾਹਿਬ ਗੁਰਦੁਆਰਾ ਸਾਹਿਬ ਬਣਾਉਣ ਲਈ ਇਕ ਵਿੱਘਾ ਵੀ ਜ਼ਮੀਨ ਨਹੀਂ ਸੀ। ਉਹ ਸਾਰੀ ਜਗ੍ਹਾ ਪਹਾੜੀਆਂ ਦੀਆਂ ਜ਼ਮੀਨਾਂ ਨਾਲ ਘਿਰੀ ਹੋਈ ਸੀ। ਯਾਤਰੂਆਂ ਦੇ ਰਹਿਣ ਲਈ ਕੋਈ ਜਗ੍ਹਾ ਨਹੀਂ ਸੀ। ਕਰਨਲ ਲਾਲ ਸਿੰਘ ਜੀ ਉਥੋਂ ਦੇ ਪ੍ਰਧਾਨ ਨਹੀਂ ਸਨ ਉਨ੍ਹਾਂ ਨੇ 30 ਵਿੱਘੇ ਜ਼ਮੀਨ ਮੁੱਲ ਲੈ ਕੇ ਗੁਰਦੁਆਰਾ ਸਾਹਿਬ ਦੇ ਨਾਂ ਲਵਾ ਦਿਤੀ। ਗੁਰਦਵਾਰਿਆਂ ਦੀਆਂ ਜ਼ਮੀਨਾਂ ਕਢਵਾਉਂਦੇ ਕਢਵਾਉਂਦੇ ਉਨ੍ਹਾਂ ਨੂੰ ਅਲਮੋੜੇ ਦਾ ਵੀ ਪਤਾ ਲੱਗਿਆ ਕਿ ਅਲਮੋੜੇ ਕਿਸੇ ਸਮੇਂ ਗੁਰਦੁਆਰੇ ਦੀ ਬਹੁਤ ਜ਼ਮੀਨ ਸੀ ਅਤੇ ਬਹੁਤ ਪ੍ਰਸਿੱਧ ਸੀ ਪਰ ਉਥੇ ਦੇ ਪੁਜਾਰੀਆਂ ਨੇ ਗੁਰਦੁਆਰਾ ਸਾਹਿਬ ਦੀ ਸਾਰੀ ਜ਼ਮੀਨ ਵੇਚ ਦਿਤੀ ਅਤੇ ਲੋਕਾਂ ਨੇ ਉਹ ਜ਼ਮੀਨ ਮੁੱਲ ਲੈ ਕੇ ਘਰ ਪਾ ਲਏ। ਸਿਰਫ ਇਕ ਚਬੂਤਰਾ ਬਚਿਆ ਸੀ, ਉਥੇ ਅਲਮੋੜਾ ਸ਼ਹਿਰ ਦੀ ਮਿਊਂਸਪਲ ਕਮੇਟੀ ਕੋਈ ਯਾਦ ਕਾਇਮ ਕਰ ਰਹੀ ਸੀ। ਗੁਰਦੁਆਰਾ ਸਾਹਿਬ ਦਾ ਨਾਮ ਨਿਸ਼ਾਨ ਹੀ ਮਿਟ ਜਾਣਾ ਸੀ। ਕਰਨਲ ਲਾਲ ਸਿੰਘ ਜੀ ਨੇ ਉਹ ਜ਼ਮੀਨ ਵੀ ਲੈ ਲਈ ਅਤੇ ਘਰ ਵੀ ਮੁੱਲ ਲੈ ਲਏ ਅਤੇ ਹੌਲੀ ਹੌਲੀ ਉਥੇ ਬਹੁਤ ਵੱਡਾ ਅਸਥਾਨ ਬਣਾ ਦਿਤਾ।

ਇਸੇ ਤਰ੍ਹਾਂ ਨਾਲ ਉਨ੍ਹਾਂ ਨੂੰ ਬਾਗੇਸ਼ਵਰ ਵਿਚ ਗੁਰੂ ਨਾਨਕ ਪਾਤਸ਼ਾਹ ਦੇ ਗੁਰਦੁਆਰੇ ਦਾ ਪਤਾ ਲੱਗਿਆ ਉਥੇ ਵੀ ਨਿਸ਼ਾਨ ਕਢਾ ਕੇ ਅਸਥਾਨ ਬਣਾਇਆ। ਇਸ ਤਰ੍ਹਾਂ ਉਹ ਫਾਰਮ ਦੇ ਕੰਮ ਕਰਦੇ ਗੁਰੂ ਘਰ ਵਲ ਜ਼ਿਆਦਾ ਧਿਆਨ ਦਿਆ ਕਰਦੇ ਸਨ ਅਤੇ ਹਰ ਵਕਤ ਗੁਰੂ ਨਾਨਕ ਪਾਤਸ਼ਾਹ ਦੇ ਧਿਆਨ ਵਿਚ ਰਿਹਾ ਕਰਦੇ ਸਨ। ਸੰਸਾਰਕ ਪੱਖੋਂ ਉਹ ਬਹੁਤ ਹੀ ਕਾਮਯਾਬ ਕਿਸਾਨ ਸਨ, ਸੁਲਝੇ ਹੋਏ ਗ੍ਰਹਿਸਤੀ ਸਨ। ਉਨ੍ਹਾਂ ਦੇ ਦੋ ਲੜਕੇ ਸਨ - ਵੱਡੇ ਹਰਮਿੰਦਰ ਸਿੰਘ Air commodore ਸਨ ਅਤੇ ਛੋਟੇ ਲੜਕੇ ਰਾਜਿੰਦਰ ਸਿੰਘ ਬ੍ਰਗੇਡੀਅਰ ਸਨ। ਇਕ ਦਿਨ ਮੈਂ ਕਰਨਲ ਲਾਲ ਸਿੰਘ ਜੀ ਨਾਲ ਗੱਲ ਕੀਤੀ ਕਿ ਆਪਾਂ ਤਾਂ ਸਿੱਖ ਆਬਾਦਕਾਰਾਂ ਵਿਚ ਹੀ ਉਲਝ ਗਏ, ਯੂ.ਪੀ. ਵਿਚ ਕਈ ਕਰੋੜ ਨਾਨਕ ਪੰਥੀ ਹੈ ਉਨ੍ਹਾਂ ਵਿਚ ਅਸੀਂ ਕੋਈ ਵੀ ਰੁਸਵਾਈ ਨਹੀਂ ਕਰ ਸਕੇ। ਜੱਟਾਂ ਵਿਚ ਸ਼੍ਰੋਮਣੀ ਕਮੇਟੀ ਨੇ ਭਾਵੇਂ ਦੋ ਮਿਸ਼ਨ ਕਾਇਮ ਕੀਤੇ ਸਨ ਪਰ ਸਿੱਖੀ ਦਾ ਕੋਈ ਬਹੁਤਾ ਪ੍ਰਚਾਰ ਨਹੀਂ ਸੀ। ਜੋ ਥੋੜ੍ਹਾ ਬਹੁਤ ਸੀ ਉਹ ਵੀ ਹੌਲੀ ਹੌਲੀ ਮਿਟ ਰਿਹਾ ਸੀ। ਯੂ. ਪੀ. ਵਿਚ ਸਾਰੇ ਦੇ ਸਾਰੇ ਜਾਟਵ ਨਾਨਕ ਪੰਥੀ ਸਨ ਜਿਨ੍ਹਾਂ ਦੀ ਗਿਣਤੀ ਕਰੋੜ ਤੋਂ ਵੱਧ ਹੋਵੇਗੀ। ਰਾਜਸਥਾਨ ਵਿਚ ਰਾਣਾ ਪ੍ਰਤਾਪ ਦੇ ਪਰਿਵਾਰ ਨਾਲ ਸੰਬੰਧਤ ਰਾਜਪੂਤ ਤਰਾਈ ਵਿਚ ਆ ਕੇ ਆਬਾਦ ਹੋ ਗਏ ਸਨ। ਇਨ੍ਹਾਂ ਨੂੰ ਥਾਰੂ ਕਹਿੰਦੇ ਸਨ, ਉਹ ਨਾਨਕ ਮਤੇ ਨੂੰ ਬਹੁਤ ਸ਼ਰਧਾ ਨਾਲ ਮੰਨਦੇ ਸਨ ਪਰ ਉਨ੍ਹਾਂ ਵਿਚ ਹੋਰ ਕੋਈ ਪ੍ਰਚਾਰ ਨਹੀਂ ਸੀ। ਇਵੇਂ ਗੁਰੂ ਨਾਨਕ ਪਾਤਸ਼ਾਹ ਦੇ ਇਕ ਸਿੱਖ ਜਿਸ ਨੂੰ ਲਾਲ ਗੁਰੂ ਕਿਹਾ ਜਾਂਦਾ ਹੈ, ਉਸ ਨੂੰ ਸਮੁੱਚੇ ਭੰਗੀ ਗੁਰੂ ਕਹਿੰਦੇ ਸਨ। ਉਹ ਨਾਨਕ ਮਤੇ ਆ ਕੇ ਆਪਣੇ ਤਰੀਕੇ ਨਾਲ ਪੂਜਾ ਕਰਿਆ ਕਰਦੇ ਸਨ। ਕਰਨਲ ਲਾਲ ਸਿੰਘ ਜੀ ਨੂੰ ਮੈਂ ਕਿਹਾ ਕਿ ਆਪਾਂ ਇਨ੍ਹਾਂ ਲੋਕਾਂ ਵਿਚ ਪ੍ਰਚਾਰ ਕਰੀਏ। ਇਸ ਮਤਲਬ ਵਾਸਤੇ ਮੈਂ 40 ਬੋਰੀਆਂ ਧਾਨਾਂ ਦੀਆਂ ਆਪਣੇ ਫਾਰਮ ਵਿਚੋਂ ਲੈ ਆਇਆ ਕਰਾਂਗਾ ਅਤੇ 150 ਧਾਨ ਦੀ ਬੋਰੀ ਤੁਸੀਂ ਆਪਣੇ ਫਾਰਮ ਵਿਚੋਂ ਕੱਢਣਾ। ਹਰ ਬਸਤੀ ਵਿਚ ਆਪਾਂ ਯੱਗ ਕਰਨਾ ਸ਼ੁਰੂ ਕਰ ਦੇਵਾਂਗੇ ਅਤੇ ਇਨ੍ਹਾਂ ਲੋਕਾਂ ਨੂੰ ਦਸਾਂ ਗੁਰੂ ਸਾਹਿਬਾਨ ਤੋਂ ਜਾਣੂੰ ਕਰਾ ਕੇ ਛੋਟੇ ਛੋਟੇ ਮੰਦਰ ਬਣਾ ਦੇਵਾਂਗੇ। ਕਰਨਲ ਸਾਹਿਬ ਮੇਰੇ ਨਾਲ ਪੂਰੀ ਤਰ੍ਹਾਂ ਸਹਿਮਤ ਹੋ ਗਏ।

ਦੂਜੇ ਦਿਨ ਹੀ ਮੈਨੂੰ ਪਤਾ ਲੱਗਿਆ ਕਿ ਆਪ ਨੂੰ ਦਿਲ ਦਾ ਦੌਰਾ ਪੈ ਗਿਆ, ਉਨ੍ਹਾਂ ਦੇ ਆਪਣੇ ਬੱਚੇ, ਭਰਾ, ਮਿਤਰ ਪ੍ਰਸਿੱਧ ਡਾਕਟਰ ਸਨ, ਛੇ ਡਾਕਟਰ ਆਪ ਦੀ ਸੇਵਾ ਵਿਚ ਹਾਜ਼ਰ ਸਨ ਉਨ੍ਹਾਂ ਨੂੰ ਦਿੱਲੀ ਲੈ ਗਏ ਪਰ ਉਥੇ ਉਹ ਬਹੁਤ ਚਿਰ ਜੀਵਤ ਨਾ ਰਹਿ ਸਕੇ। ਬਾਰਾਂਦਰੀ ਉਨ੍ਹਾਂ ਦੇ ਮਿਰਤਕ ਸਰੀਰ ਨੂੰ ਲਿਆਂਦਾ ਗਿਆ। ਜਦੋਂ ਦਾਗ ਦੇਣ ਗਏ ਉਸ ਵੇਲੇ ਉਨ੍ਹਾਂ ਦੇ ਬੱਚਿਆਂ ਨੇ ਮੈਨੂੰ ਕਿਹਾ ਕਿ ਅੰਕਲ ਜੀ! ਤੁਸੀਂ ਇਨ੍ਹਾਂ ਦੀ ਅੰਤਮ ਕ੍ਰਿਆਕਰਮ ਆਪਣੀ ਦੇਖ-ਰੇਖ ਵਿਚ ਕਰਾਓ। ਮੈਂ ਉਨ੍ਹਾਂ ਤੋਂ ਪੁਛਿਆ ਕਿ ਕਰਨਲ ਸਾਹਿਬ ਦਾ ਅੰਤ ਸਮਾਂ ਕਿਵੇਂ

ਆਇਆ, ਇਹ ਗੱਲ ਖੋਲ੍ਹ ਕੇ ਦੱਸੋ।

ਉਨ੍ਹਾਂ ਨੇ ਕਿਹਾ ਕਿ ਜਦੋਂ ਅਸੀਂ ਦਿੱਲੀ ਹਸਪਤਾਲ ਵਿਚ ਲੈ ਕੇ ਗਏ ਸੀ ਤਾਂ ਇਹ ਤੁਹਾਨੂੰ ਹਰ ਰੋਜ਼ ਹੀ ਯਾਦ ਕਰਦੇ ਸਨ। ਅਸੀਂ ਸੁਨੇਹਾ ਵੀ ਭੇਜਿਆ ਸੀ ਸ਼ਾਇਦ ਉਹ ਆਪ ਨੂੰ ਨਹੀਂ ਮਿਲਿਆ। ਉਨ੍ਹਾਂ ਦੇ ਛੋਟੇ ਲੜਕੇ ਰਾਜਿੰਦਰ ਸਿੰਘ ਨੇ ਕਿਹਾ ਕਿ ਅਸੀਂ ਸਾਰੇ ਪਿਤਾ ਜੀ ਦੇ ਬੈਡ ਕੋਲ ਬੈਠੇ ਸਾਂ, ਗੱਲਾਂਬਾਤਾਂ ਆਪਸ ਵਿਚ ਚਲ ਰਹੀਆਂ ਸਨ, ਵੱਡੇ ਭਰਾਤਾ ਹਰਮਿੰਦਰ ਸਿੰਘ ਜੀ ਪਿਤਾ ਜੀ ਨਾਲ ਗੱਲਬਾਤ ਕਰ ਰਹੇ ਸਨ ਪਿਤਾ ਜੀ ਅਚਾਨਕ ਚੁੱਪ ਹੋ ਗਏ। ਥੋੜ੍ਹੀ ਦੇਰ ਇੰਤਜ਼ਾਰ ਕਰਨ ਪਿਛੋਂ ਅਸੀਂ ਪੁਛਿਆ ਕਿ ਆਪ ਅਚਾਨਕ ਚੁੱਪ ਕਿਉਂ ਹੋ ਗਏ? ਪਿਤਾ ਜੀ ਕਹਿਣ ਲੱਗੇ ਮੈਨੂੰ ਨਹੀਂ ਪਤਾ, ਮੇਰੇ ਅੰਦਰ ਐਨੀ ਚੁੱਪ ਤੇ ਸ਼ਾਂਤੀ ਵੱਧ ਰਹੀ ਹੈ ਜਿਹੜੀ ਮੈਂ ਸਾਰੀ ਜ਼ਿੰਦਗੀ ਵਿਚ ਕਦੇ ਵੀ ਨਹੀਂ ਸੀ ਦੇਖੀ ਅਤੇ ਨਾਲ ਹੀ ਕਿਹਾ ਕਿ ਮੈਨੂੰ ਕੋਈ ਬੁਲਾਵੋ ਨਾ। ਥੋੜ੍ਹਾ ਸਮਾਂ ਇਸੇ ਤਰ੍ਹਾਂ ਲੰਘਿਆ, ਸਾਡੇ ਚਾਚਾ ਜੀ, ਜੋ ਕਾਮਯਾਬ ਡਾਕਟਰ ਸਨ, ਉਨ੍ਹਾਂ ਨੇ ਨਬਜ਼ ਫੜ ਕੇ ਦੇਖੀ, ਪਿਤਾ ਜੀ ਅਚਾਨਕ ਬੋਲ ਉਠੇ, ਕਹਿਣ ਲੱਗੇ, "ਦੇਖੋ ਗੁਰੂ ਨਾਨਕ ਪਾਤਸ਼ਾਹ ਆ ਰਹੇ ਹਨ। ਉਨ੍ਹਾਂ ਦੇ ਮੂੰਹ ਵਿਚੋਂ ਨਿਕਲਿਆ – ਗੁਰੂ ਨਾਨਕ ਪਾਤਸ਼ਾਹ ਕੀ ਜੈ, ਗੁਰੂ ਅੰਗਦ ਦੇਵ ਜੀ ਕੀ ਜੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਕੀ ਜੈ ਤਕ ਪਹੁੰਚਣ ਤੇ ਸਾਡੇ ਸਾਰਿਆਂ ਵਲ ਦੇਖ ਕੇ ਹੱਥ ਜੋੜੇ ਅਤੇ ਕਿਹਾ ਕਿ ਤੁਹਾਡਾ ਮੇਰਾ ਸਬੰਧ ਖਤਮ ਹੋ ਗਿਆ। ਆਹ ਦੇਖੋ ਗੁਰੂ ਨਾਨਕ ਪਾਤਸ਼ਾਹ ਮੇਰੇ ਵਲ ਕਿੰਨੇ ਪਿਆਰ ਨਾਲ ਤਕ ਰਹੇ ਹਨ, ਮੈਂ ਇਨ੍ਹਾਂ ਨਾਲ ਜਾ ਰਿਹਾ ਹਾਂ। ਮੈਂ ਇਨ੍ਹਾਂ ਬਚਨਾਂ ਨੂੰ ਸੁਣ ਕੇ ਬਹੁਤ ਗਹਿਰਾ ਚਲਾ ਗਿਆ ਕਿ ਗੁਰੂ ਮਹਾਰਾਜ ਆਪਣੇ ਪਿਆਰੇ ਗੁਰਸਿੱਖਾਂ ਦੀ ਕਿਵੇਂ ਅੰਤ ਸਮੇਂ ਰਾਖੀ ਕਰਦੇ ਹਨ, ਆਪਣੇ ਲੋਕ ਨੂੰ ਕਿੰਨੇ ਪਿਆਰ ਨਾਲ ਲੈ ਜਾਂਦੇ ਹਨ।

ਕਰਨਲ ਸਾਹਿਬ ਨੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫਤਹਿ ਕਹੀ, ਸੱਜਾ ਹੱਥ ਸੱਜੇ ਪਾਸੇ ਤੇ ਖੱਬਾ ਹੱਥ ਖੱਬੇ ਪਾਸੇ ਰੱਖ ਲਿਆ ਅਤੇ ਆਰਾਮ ਨਾਲ ਨੇਤਰ ਬੰਦ ਕਰ ਲਏ। ਮੈਂ ਵਿਚਾਰ ਕੀਤੀ ਕਿ ਕਰਨਲ ਸਾਹਿਬ ਨੇ ਸੇਵਾ ਕੀਤੀ, ਗੁਰਦੁਆਰੇ ਹੀ ਸੰਭਾਲੇ ਸਨ ਪਰ ਭਜਨ ਪਾਠ ਦਾ ਉਨ੍ਹਾਂ ਨੂੰ ਕੋਈ ਬਹੁਤਾ ਗਿਆਨ ਨਹੀਂ ਸੀ।

ਅਸੀਂ ਇਕ ਵਾਰ ਮੁਰਾਦਾਬਾਦ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਪਾਸ ਗਏ। ਕਰਨਲ ਸਾਹਿਬ ਨੇ ਨਾਨਕ ਮਤੇ ਕੀਰਤਨ ਕਰਨ ਦੀ ਬੇਨਤੀ ਕੀਤੀ, ਮਹਾਰਾਜ ਜੀ ਨੇ ਪ੍ਰਵਾਨਗੀ ਦੇ ਦਿਤੀ। ਜਦੋਂ ਸੰਤ ਮਹਾਰਾਜ ਜੀ ਉਠ ਕੇ ਤੁਰੇ, ਕਰਨਲ ਲਾਲ ਸਿੰਘ ਜੀ ਮਹਾਰਾਜ ਵਲ ਦੇਖ ਰਹੇ ਸਨ, ਉਨ੍ਹਾਂ ਦੀ ਨਿਗ੍ਹਾ ਇਕ ਬਹੁਤ ਸੋਹਣੇ ਸਿਮਰਨੇ ਤੇ ਕੇਂਦਰਤ ਸੀ, ਮਹਾਰਾਜ ਜੀ ਨੇ ਉਹ ਕੀਮਤੀ ਸਿਮਰਨਾ ਚੁਕਿਆ ਤੇ ਕਰਨਲ ਸਾਹਿਬ ਵਲ ਨੂੰ ਵਗਾਹ ਕੇ ਮਾਰਿਆ ਅਤੇ ਜੋ ਇਨ੍ਹਾਂ ਨੇ ਦੋਵੇਂ ਹੱਥਾਂ ਵਿਚ ਬੋਚ ਕੇ ਮੱਥੇ ਨਾਲ ਲਾ ਲਿਆ। ਆਪ ਨੇ ਕਿਹਾ ਕਿ ਪ੍ਰੇਮੀਆ! ਸਿਮਰਨਾ ਤਾਂ ਲੈ ਲਿਆ ਇਹਦੇ ਨਾਲ ਕਰਨਾ ਕੀ ਹੈ ਇਹ ਤਾਂ ਪੁਛਿਆ ਹੀ ਨਹੀਂ? ਕਰਨਲ ਸਾਹਿਬ ਸਿਮਰਨਾ ਲੈ ਕੇ ਹੀ ਖੁਸ਼ ਹੋਏ ਹੋਏ ਸਨ, ਉਨ੍ਹਾਂ ਦੇ ਚਿੱਤ ਚੇਤੇ ਹੀ ਨਹੀਂ ਸੀ ਕਿ ਮੈਂ ਨਾਮ ਜਪਣ ਦੀ ਜੁਗਤ ਪੁਛਾਂ। ਕੇਵਲ ਸੇਵਾ ਕਰਨ ਦਾ ਹੀ ਉਨ੍ਹਾਂ ਨੂੰ ਐਨਾ ਮਾਣ ਪ੍ਰਾਪਤ ਹੋਇਆ ਕਿ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਆਪ ਆ ਕੇ ਆਪਣੀ ਦਰਗਾਹ ਵਿਚ ਲੈ ਗਏ। ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥*** ***ਪੰਨਾ – 26***

ਜਿਹੜੇ ਗੁਰੂ ਤੋਂ ਬੇਮੁਖ ਹੋ ਕੇ ਮਾਸ ਸ਼ਰਾਬ, ਆਂਡੇ ਖਾਂਦੇ ਨੇ, ਨਿੰਦਿਆ, ਚੁਗਲੀ, ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਹੰਸ, ਹੇਤ, ਕੋਪ, ਲੋਭ, ਮੋਹ ਦੀ ਅੱਗ ਦੀਆਂ ਨਦੀਆਂ ਵਿਚ ਸੜਦੇ ਹਨ ਉਨ੍ਹਾਂ ਨੂੰ ਅੰਤ ਸਮੇਂ ਆਦਰ ਸਤਿਕਾਰ ਨਹੀਂ ਮਿਲਦਾ। ਜਮਦੂਤ ਮਾਰਦੇ ਕੁੱਟਦੇ ਜੀਵ ਨੂੰ ਬੰਨ੍ਹ ਲੈਂਦੇ ਹਨ। ਗੁਰੂ ਨਾਨਕ ਮਹਾਰਾਜ ਜੀ ਫੁਰਮਾਨ ਕਰਦੇ ਹਨ–

***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***ਪੰਨਾ – 464***

ਗਲ ਵਿਚ ਸੰਗਲ ਪਾ ਕੇ ਜਿਵੇਂ ਪਸ਼ੂਆਂ ਨੂੰ ਘਸੀਟੀਦਾ ਹੈ ਐਵੇਂ ਗਲ ਵਿਚ ਸੰਗਲ ਪੈਂਦੇ ਹਨ। ਮਾਤਾ ਪਿਤਾ ਦੀ ਉਥੇ ਪਹੁੰਚ ਨਹੀਂ ਹੁੰਦੀ। ਨਾ ਹੀ ਕੋਈ ਪੁੱਤਰ ਧੀ ਉਥੇ ਮਦਦ ਕਰਦੇ ਹਨ। ਉਥੇ ਤਾਂ ਆਪਣੇ ਸ਼ੁਭ ਕਰਮ ਹੀ ਸਹਾਇਤਾ ਕਰਦੇ ਹਨ। ਮਹਾਰਾਜ ਫੁਰਮਾਨ ਕਰਦੇ ਹਨ ਕਿ ਜਦੋਂ ਜੀਵ ਨੂੰ ਲੈ ਜਾਂਦੇ ਹਨ ਉਥੇ ਇਸ ਦੀ ਕਰਨੀ ਤੇ ਕਿਰਤ ਦੀ ਵਿਚਾਰ ਕੀਤੀ ਜਾਂਦੀ ਹੈ। ਇਸ ਦੇ ਚੰਗੇ ਮੰਦੇ ਕੰਮਾਂ ਦਾ debit, credit balance ਕੱਢਿਆ ਜਾਂਦਾ ਹੈ। ਉਸ ਵੇਲੇ ਜੀਵ ਆਪਣੇ ਔਗੁਣਾਂ ਨੂੰ ਕਿਸੇ ਤਰ੍ਹਾਂ ਵੀ ਛੁਪਾ ਨਹੀਂ ਸਕਦਾ ਕਿਉਂਕਿ ਉਹ ਨੰਗਾ ਹੁੰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥***
***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥*** ***ਪੰਨਾ – 470***

ਸੋ ਇਸ ਤਰ੍ਹਾਂ ਨਾਲ ਜੀਵ ਨੂੰ ਲਿਜਾ ਕੇ ਉਸ ਦੇ ਕੀਤੇ ਹੋਏ ਕਰਮਾਂ ਬਾਰੇ ਜਾਣੂ ਕਰਾਇਆ ਜਾਂਦਾ ਹੈ ਜਿਵੇਂ ਕਿ ਫੁਰਮਾਨ ਹੈ –

***ਅਗੈ ਕਰਣੀ ਕੀਰਤਿ ਵਾਚੀਐ***
***ਬਹਿ ਲੇਖਾ ਕਰਿ ਸਮਝਾਇਆ॥*** ***ਪੰਨਾ – 464***

ਗੁਰਬਾਣੀ ਦਾ ਸਿਧਾਂਤ ਹੈ ਕਿ ਜਦੋਂ ਅਸੀਂ ਜੀਵ ਮਾਰ ਕੇ ਖਾਂਦੇ ਹਾਂ ਤਾਂ ਲੇਖਾ ਦੇਣ ਸਮੇਂ ਅਜਿਹੀਆਂ ਜੂਨਾਂ ਵਿਚ ਭੇਜਿਆ ਜਾਂਦਾ ਹੈ ਜਿਥੇ ਉਹ ਜੀਵ ਸਾਨੂੰ ਕੱਟ ਕੱਟ ਕੇ ਖਾਣਗੇ ਅਤੇ ਆਪਣਾ ਲੇਖਾ ਲੈਣਗੇ –

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥***
***ਪੰਨਾ – 1374***

ਪਹਿਲਾਂ ਤਾਂ ਸ਼ਿਕਾਰ ਕਰਨ ਵਾਸਤੇ ਪੰਛੀ ਪਸ਼ੂ ਮਾਰੋ ਫੇਰ ਲੇਖੇ ਦੇਣ ਵੇਲੇ ਆਪਣਾ ਗਲਾ ਕਟਾਓ। ਕੀ ਪਿਆ ਹੈ ਇਨ੍ਹਾਂ

ਗੱਲਾਂ ਵਿਚ? ਵਾਹਿਗੁਰੂ ਨੇ ਮਨੁੱਖ ਨੂੰ ਸਾਰੀਆਂ ਜੂਨੀਆਂ ਦਾ ਸਰਦਾਰ ਬਣਾਇਆ ਹੈ। ਇਸ ਦੇ ਹੱਥ ਭਲੇ ਦਾ, ਇਨਸਾਫ ਦਾ ਤੱਕੜ ਆਉਂਦਾ ਹੈ ਇਹ ਸਾਰੀਆਂ ਜੂਨੀਆਂ ਦਾ ਰਾਖਾ ਹੈ, ਫੁਲਾਂ ਫਲਾਂ ਵਾਲੇ ਦਰਖਤਾਂ ਦੀ ਰਾਖੀ ਇਸ ਨੇ ਕਰਨੀ ਹੈ, ਜੀਵ ਜੰਤੂਆਂ ਦੀ ਰਾਖੀ ਵੀ ਇਸ ਨੇ ਕਰਨੀ ਹੈ ਕਿਉਂਕਿ ਇਹ ਬਾਦਸ਼ਾਹ ਜੋ ਹੋਇਆ। ਜਿਵੇਂ ਕਿ ਫੁਰਮਾਨ ਹੈ –

***ਅਵਰ ਜੋਨਿ ਤੇਰੀ ਪਨਿਹਾਰੀ॥***
***ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ ਪੰਨਾ – 374***

ਵਾਹਿਗੁਰੂ ਜੀ ਨੇ ਮਿੱਠਾ ਸ਼ਹਿਦ ਪੈਦਾ ਕਰਨ ਲਈ ਬੇਅੰਤ ਮੱਖੀਆਂ ਬਣਾਈਆਂ ਹਨ ਜੋ ਇਕੱਲੇ-ਇਕੱਲੇ ਫੁੱਲ ਤੋਂ ਸ਼ਹਿਦ ਤਿਆਰ ਕਰਦੀਆਂ ਹਨ। ਸਿਹਤਵਰਧਕ ਦੁੱਧ ਲਈ ਮੱਝਾਂ ਗਊਆਂ ਬਣਾਈਆਂ ਹਨ ਉਹ ਕੱਟ-ਕੱਟ ਕੇ ਖਾਣ ਲਈ ਨਹੀਂ ਹਨ। ਬੇਅੰਤ ਦਵਾਈਆਂ, ਸਿਹਤ ਲਈ ਵਿਟਾਮਿਨ ਬਣਾਏ ਹਨ। ਦੁੱਧ, ਘਿਓ, ਮੱਖਣ ਫਲ ਫਰੂਟ ਹਨ। ਪਿਆਰਿਓ! ਜੋ ਬੀਜੋਂਗੇ ਉਹ ਵੱਢਣਾ ਪੈਣਾ ਹੈ –

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥***
***ਪੰਨਾ – 134***

ਉਥੇ ਲੇਖਾ ਦੇਣਾ, ਤਾਂ ਸੁਖਾਲਾ ਹੁੰਦਾ ਹੈ ਜੇ ਦਿਲ ਅੰਦਰ ਸਚਾਈ ਹੋਵੇ, ਕਿਸੇ ਨਾਲ ਧੋਖਾ ਨਾ ਕੀਤਾ ਹੋਵੇ, ਆਪਣੇ ਜਤ ਸਤ ਨੂੰ ਕਾਇਮ ਰੱਖਿਆ ਹੋਵੇ –

***ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ॥***
***ਉਸ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ॥***
***ਪੰਨਾ – 1375***

ਅਤੇ ਇਹ ਵੀ ਫੁਰਮਾਨ ਹੈ –

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥ ਪੰਨਾ – 252***

ਧਰਮਰਾਜ ਦੀ ਕਚਹਿਰੀ ਅਜਿਹੀ ਕਚਹਿਰੀ ਹੈ ਜਿਥੇ ਆਦਮੀ ਦਾ ਹੱਥ ਪਹੁੰਚਣਾ ਹੀ ਨਹੀਂ, ਉਥੇ ਤਾਂ ਸੱਚ ਦਾ ਤੱਕੜ ਲੱਗਿਆ ਹੋਇਆ ਹੈ। ਕਰਮਾਂ ਦੇ ਹਿਸਾਬ ਨਾਲ ਨਬੇੜਾ ਹੋਣਾ ਹੈ –

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀਵਾਰ॥***
***ਪੰਨਾ – 1281***

ਸੋ ਇਸ ਕਰਕੇ ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਉਥੇ ਜੀਵ ਨੂੰ ਦਰਗਾਹ ਵਿਚ ਲਿਜਾ ਕੇ ਲੇਖੇ ਪੱਤੇ ਸਮਝਾਏ ਜਾਂਦੇ ਹਨ ਜਿਵੇਂ ਕਿ –

***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***
***ਪੰਨਾ – 464***

ਉਸ ਤੋਂ ਬਾਅਦ ਉਸ ਨੂੰ ਧੱਕ ਦਿਤਾ ਜਾਂਦਾ ਹੈ, ਕਿਥੇ ਜਾਂਦਾ ਹੈ ਉਹ ਧੱਕਿਆ ਹੋਇਆ? ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪ੍ਰਮੇਸ਼ਰ ਦੇ ਹੁਕਮ ਅਨੁਸਾਰ 84 ਨਰਕ ਬਣੇ ਹੋਏ ਹਨ ਜਿਨ੍ਹਾਂ ਵਿਚੋਂ 18 ਵੱਡੇ ਨਰਕ ਹਨ ਜਿਨ੍ਹਾਂ ਵਿਚ ਮਨਮੁਖਾਂ ਨੂੰ ਉਨ੍ਹਾਂ ਦੇ ਕਿਰਦਾਰ ਮੁਤਾਬਿਕ ਧੱਕਾ ਦਿਤਾ ਜਾਂਦਾ ਹੈ।

***ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥***
***ਪੰਨਾ – 1073***

ਜੀਵ ਨੂੰ ਆਪਣੇ ਕੀਤੇ ਹੋਏ ਕਰਮਾਂ ਨੂੰ ਭੁਗਤਣ ਲਈ ਨਖਿੱਧ ਜੂਨੀਆਂ ਵਿਚ ਆਉਣਾ ਪੈਂਦਾ ਹੈ। ਕਦੇ ਉਹ ਸੱਪ ਬਣਦਾ ਹੈ, ਕਦੇ ਘੋੜਾ ਬਣਦਾ ਹੈ, ਕਦੇ ਹਾਥੀ ਬਣਦਾ ਹੈ ਜਦੋਂ ਜੀਵ ਸੰਸਾਰ ਵਿਚ ਮਾਨਸ ਸਰੀਰ ਧਾਰਨ ਕਰਦਾ ਹੈ ਉਸ ਵੇਲੇ ਨਾ ਇਹ ਕਿਸੇ ਸਾਧੂ ਮਹਾਂਪੁਰਸ਼ਾਂ ਦੀ ਗੱਲ ਮੰਨਦਾ ਹੈ, ਨਾ ਕਿਸੇ ਮਹਾਂਪੁਰਸ਼ਾਂ ਦੀ ਬਾਣੀ ਤੇ ਅਕੀਦਾ ਲਿਆਉਂਦਾ ਹੈ। ਆਪਣੀ ਮਨ ਮਰਜ਼ੀ ਕਰਦਾ ਹੈ। ਲੇਖੇ ਪੱਤੇ ਹੁੰਦੇ ਹਨ ਤਾਂ ਚੰਗੀ ਥਾਂ ਨਹੀਂ ਮਿਲਦੀ, ਉਸ ਵੇਲੇ ਰੋ ਰੋ ਕੇ ਪੁਕਾਰਾਂ ਕਰਦਾ ਹੈ ਕਿ ਮੈਨੂੰ ਇਕ ਮੌਕਾ ਹੋਰ ਦਿਓ, ਮੈਂ ਫੇਰ ਮਨੁੱਖ ਬਣਾਂ ਅਤੇ ਚੰਗੇ ਕਰਮ ਕਰਾਂ –

***ਥਾਉ ਨ ਹੋਵੀ ਪਾਉਦੀਈ ਹੁਣਿ ਸੁਣੀਐ ਕਿਆ ਰੂਆਇਆ॥***
***ਪੰਨਾ – 464***

ਇਹ ਬਾਣੀ ਗੁਰਸਿੱਖ ਦੇ ਮੁਖਾਰਬਿੰਦ ਤੋਂ ਭਾਈ ਲਹਿਣਾ ਜੀ ਕੋਲ ਬੈਠੇ ਸੁਣ ਰਹੇ ਸਨ ਅਤੇ ਅੰਦਰ ਹੀ ਅੰਦਰ ਵਿਚਾਰ ਕਰ ਰਹੇ ਸਨ ਕਿ ਅਸੀਂ ਤਾਂ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਹਾਂ। ਇਨ੍ਹਾਂ ਗੱਲਾਂ ਵਲ ਤਾਂ ਕਦੇ ਧਿਆਨ ਹੀ ਨਹੀਂ ਦਿਤਾ। ਗੁਰਸਿੱਖ ਆਸਾ ਦੀ ਵਾਰ ਦਾ ਬਹੁਤ ਲਟਕ ਲਟਕ ਕੇ ਪਾਠ ਕਰ ਰਿਹਾ ਸੀ। ਭਾਈ ਲਹਿਣਾ ਜੀ ਹੋਰ ਕੋਲ ਹੋ ਕੇ ਸੁਣਨ ਲਗ ਗਏ ਕਿ ਸਾਰੀ ਕੁਦਰਤ ਉਸ ਦੇ ਹੁਕਮ ਵਿਚ ਚਲ ਰਹੀ ਹੈ, ਕਿਸੇ ਦੀ ਤਾਕਤ ਨਹੀਂ ਕਿ ਆਪਣੀ ਮਰਜ਼ੀ ਨਾਲ ਉਸ ਹੁਕਮ ਦੇ ਨਿਯਮ ਵਿਚੋਂ ਬਾਹਰ ਆ ਜਾਵੇ। ਸਾਰੇ ਬ੍ਰਹਿਮੰਡ, ਪਉਣ, ਪਾਣੀ, ਬੈਸੰਤਰ, ਦੇਵਤੇ, ਦੇਵੀਆਂ, ਸੂਰਜ, ਚੰਦ, ਤਾਰੇ ਸਭ ਵਾਹਿਗੁਰੂ ਜੀ ਦੇ ਹੁਕਮ ਵਿਚ ਚਲਦੇ ਹਨ। ਵਾਹਿਗੁਰੂ ਜੀ ਆਪ ਸਾਰਿਆਂ ਦੇ ਮਾਲਕ ਹਨ ਉਹ ਸਾਰੇ ਉਸ ਦੇ ਹੁਕਮ ਦੇ ਅਧੀਨ ਹਨ; ਐਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਪਉਣ ਪਾਣੀ ਦੇਵਤੇ ਸਾਰੇ***
***ਚਲਦੇ ਨੇ ਭੈ ਵਿਚ ਜੀ – 2, 2.***
***ਮੇਰੇ ਪਿਆਰੇ, ਚਲਦੇ ਨੇ ਭੈ ਵਿਚ ਜੀ –2,2***
***ਪਉਣ ਪਾਣੀ ਦੇਵਤੇ ਸਾਰੇ..........।***

***ਭੈ ਵਿਚਿ ਪਵਣੁ ਵਹੈ ਸਦਵਾਉ॥***
***ਭੈ ਵਿਚਿ ਚਲਹਿ ਲਖ ਦਰੀਆਉ॥***
***ਭੈ ਵਿਚਿ ਅਗਨਿ ਕਢੈ ਵੇਗਾਰਿ॥***
***ਭੈ ਵਿਚਿ ਧਰਤੀ ਦਬੀ ਭਾਰਿ॥***
***ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥***
***ਭੈ ਵਿਚਿ ਰਾਜਾ ਧਰਮੁ ਦੁਆਰੁ॥***
***ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥***
***ਕੋਹ ਕਰੋੜੀ ਚਲਤ ਨ ਅੰਤੁ॥***
***ਭੈ ਵਿਚਿ ਸਿਧ ਬੁਧ ਸੁਰ ਨਾਥ॥***
***ਭੈ ਵਿਚਿ ਆਡਾਣੇ ਆਕਾਸ॥***
***ਭੈ ਵਿਚਿ ਜੋਧ ਮਹਾਬਲ ਸੂਰ॥***
***ਭੈ ਵਿਚਿ ਆਵਹਿ ਜਾਵਹਿ ਪੂਰ॥***
***ਸਗਲਿਆ ਭਉ ਲਿਖਿਆ ਸਿਰਿ ਲੇਖੁ॥***
***ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ ਪੰਨਾ – 464***

ਭਾਈ ਲਹਿਣਾ ਜੀ ਨੇ ਸਾਰੀਆਂ ਕੁਦਰਤੀ ਸ਼ਕਤੀਆਂ ਨੂੰ ਪ੍ਰਤੱਖ ਰੂਪ ਵਿਚ ਨਿਰੰਕਾਰ ਦੇ ਹੁਕਮ ਵਿਚ ਚਲਦੀਆਂ ਅਨੁਭਵ ਕੀਤਾ। ਵਾਹਿਗੁਰੂ ਜੀ ਦੇ ਜੋ ਪਿਆਰੇ ਹਨ ਉਨ੍ਹਾਂ ਨੂੰ ਵੀ ਪ੍ਰਮੇਸ਼ਵਰ ਵਲੋਂ ਅਧਿਕਾਰ ਮਿਲੇ ਹੋਏ ਹਨ, ਉਹ ਪ੍ਰਮੇਸ਼ਰ ਦੀ ਬੰਨ੍ਹੀ ਹੋਈ ਮਰਿਆਦਾ ਨੂੰ ਆਪਣੇ ਲਾਡਲੇ ਪਿਆਰ ਵਿਚ ਆ ਕੇ ਬਦਲ ਦਿਆ ਕਰਦੇ ਹਨ –

***ਜੋ ਕਿਛੁ ਕਰੇ ਸੋਈ ਪ੍ਰਭ ਮਾਨੈ ਓਇ ਰਾਮ ਨਾਮ ਰੰਗਿ ਰਾਤੇ॥***
***ਪੰਨਾ – 748***

ਇਸ ਸਬੰਧ ਵਿਚ ਮੈਂ ਇਕ ਬੇਨਤੀ ਕਰਦਾ ਹਾਂ ਕਿ ਪੱਛਮੀ ਪੰਜਾਬ ਵਿਚ ਇਕ ਬਹੁਤ ਵੱਡੇ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਦਾ ਨਾਮ ਰਾਮ ਕਿਸ਼ਨ ਸੀ, ਉਹ ਸ਼ਾਹਪੁਰ ਵਿਚ ਰਹਿੰਦੇ ਸਨ। ਉਸ ਵੇਲੇ ਪਾਕਿਸਤਾਨ ਦੇ ਅੰਦਰ ਜਦੋਂ ਇਕੱਠਾ ਪੰਜਾਬ ਹੁੰਦਾ ਸੀ ਤਾਂ ਜਿਹਲਮ ਦਰਿਆ ਸ਼ਾਹਪੁਰ ਨਾਲ ਲਗਦਾ ਸੀ। ਇਕ ਵਾਰੀ ਜਿਹਲਮ ਦਰਿਆ ਚੜ੍ਹ ਗਿਆ, ਉਸ ਨੇ ਸ਼ਹਿਰ ਵਲ ਨੂੰ ਵਾਢਾ ਪਾ ਦਿਤਾ। ਵੱਡੀਆਂ–ਵੱਡੀਆਂ ਬਿਲਡਿੰਗਾਂ ਨੂੰ ਗਿਰਾ ਰਿਹਾ ਸੀ। ਸਾਰੇ ਸ਼ਹਿਰ ਵਿਚ ਹਾਹਾਕਾਰ ਮਚੀ ਹੋਈ ਸੀ। ਹਰ ਕੋਈ ਆਪਣੀ ਜਾਨ ਬਚਾਉਣ ਦੇ ਫਿਕਰ ਵਿਚ ਸੀ। ਉਸ ਵੇਲੇ ਸਾਰੇ ਲੋਕ ਮਹਾਂਪੁਰਸ਼ਾਂ ਦੀ ਸ਼ਰਨ ਵਿਚ ਇਕੱਠੇ ਹੋ ਕੇ ਗਏ ਅਤੇ ਬੇਨਤੀ ਕੀਤੀ ਕਿ ਜਿਹਲਮ ਦਰਿਆ ਨੇ ਬਹੁਤ ਵੱਡੀ ਧਰਤੀ ਕੱਟ ਲਈ ਹੈ, ਹੁਣ ਤਾਂ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਪਹੁੰਚਣ ਵਾਲਾ ਹੈ, ਆਪ ਕੁਝ ਕ੍ਰਿਪਾ ਕਰੋ। ਆਪ ਸਮਰੱਥ ਹੋਂ, ਇਸ ਦਰਿਆ ਨੂੰ ਆਖੋ ਕਿ ਇਹ ਹੁਣ ਸ਼ਾਂਤ ਹੋ ਜਾਵੇ।

ਉਸ ਵੇਲੇ ਮਹਾਂਪੁਰਸ਼ ਕਹਿਣ ਲੱਗੇ ਕਿ ਪਿਆਰਿਓ! ਆਪਾਂ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਹੁਕਮ ਵਿਚ ਚਲਦੇ ਹਾਂ, ਜੇ ਉਨ੍ਹਾਂ ਨੂੰ ਭਾਉਂਦਾ ਹੈ ਕਿ ਗੁਰਦੁਆਰਾ ਬਚ ਜਾਵੇ ਤਾਂ ਰੁਕ ਜਾਵੇਗਾ ਤੇ ਜੇ ਨਹੀਂ ਭਾਉਂਦਾ ਤਾਂ ਜਿਹਲਮ ਨਹੀਂ ਰੁਕੇਗਾ। ਗੁਰੂ ਮਹਾਰਾਜ ਆਪ ਹੀ ਜਾਣਦੇ ਹਨ ਕਿ ਇਸ ਅਸਥਾਨ ਨੂੰ ਬਚਾਉਣਾ ਹੈ ਜਾਂ ਨਹੀਂ ਕਿਉਂਕਿ ਗੁਰੂ ਘਰ ਵਿਚ ਅਰਦਾਸ ਨੂੰ ਬਹੁਤ ਵੱਡੀ ਮਹਾਨਤਾ ਮਿਲੀ ਹੋਈ ਹੈ। ਜਦੋਂ ਗੁਰਸਿੱਖ ਦਾ ਕੋਈ ਬੱਲ ਨਾ ਚੱਲੇ ਤਾਂ ਉਸ ਕੋਲ ਇਕ ਸੱਚੇ ਦਿਲੋਂ ਅਰਦਾਸ ਹੁੰਦੀ ਹੈ। ਮਹਾਂਪੁਰਸ਼ਾਂ ਨੇ ਕਿਹਾ ਕਿ ਪ੍ਰਸ਼ਾਦ ਤਿਆਰ ਕਰੋ, ਗੁਰੂ ਨਾਨਕ ਪਾਤਸ਼ਾਹ ਨੂੰ ਭੋਗ ਲਵਾਓ। ਪ੍ਰਸ਼ਾਦ ਤਿਆਰ ਕੀਤਾ ਅਤੇ ਆਪ ਸੀਸ ਤੇ ਚੁੱਕ ਕੇ ਜਿਹਲਮ ਦੇ ਕੰਢੇ ਲੈ ਗਏ, ਉਥੇ ਇਕ ਢਿੱਗ ਪਿਛਲੀ ਧਰਤੀ ਨਾਲੋਂ ਹਟ ਗਈ ਸੀ ਉਥੇ ਉਪਰ ਆਪ ਨੇ ਆਸਣ ਲਾ ਲਿਆ ਅਤੇ ਜਿਹਲਮ ਨੂੰ ਕਿਹਾ ਕਿ ਲੈ ਤੈਨੂੰ ਗੁਰੂ ਦਾ ਪ੍ਰਸ਼ਾਦ ਦਿੰਦੇ ਹਾਂ, ਐਨਾ ਗੁੱਸਾ ਨਾ ਕਰ, ਇਹ ਗਰੀਬ ਜਨਤਾ ਹੈ, ਤੈਨੂੰ ਥੋੜ੍ਹਾ ਬਹੁਤ ਜੇਰਾ ਕਰਨਾ ਚਾਹੀਦਾ ਹੈ। ਇਹ ਗੁਰੂ ਦੇ ਸਿੱਖ ਹਨ, ਕਿੰਨੇ ਦੁਖੀ ਹੋ ਰਹੇ ਹਨ, ਭਾਣਾ ਮੰਨਣ ਦੀ ਇਨ੍ਹਾਂ ਵਿਚ ਸ਼ਕਤੀ ਨਹੀਂ ਹੈ। ਗੁਰੂ ਦੇ ਵਾਸਤੇ ਦੂਜੇ ਪਾਸੇ ਨੂੰ ਵਗ। ਜਿਸ ਢਿੱਗ ਤੇ ਆਪ ਬੈਠੇ ਸਨ ਉਹ ਹੇਠੋਂ ਪਾਣੀ ਨੇ ਕੱਟ ਲਈ ਸੀ, ਸਾਰਿਆਂ ਨੂੰ ਇਸ ਤਰ੍ਹਾਂ ਲਗ ਰਿਹਾ ਸੀ ਕਿ ਜਿਵੇਂ ਇਹ ਹੁਣੇ ਗਿਰ ਜਾਵੇਗੀ। ਪ੍ਰਸ਼ਾਦ ਲੈਂਦੇ ਸਾਰ ਦਰਿਆ ਨੇ ਮੁਖ ਮੋੜ ਲਿਆ, ਉਹ ਢਿੱਗ ਸੰਤਾਂ ਦੇ ਜੀਵਨ ਕਾਲ ਤਕ ਉਸੇ ਤਰ੍ਹਾਂ ਖੜ੍ਹੀ ਰਹੀ। ਹੁਣ ਤਾਂ ਪਤਾ ਨਹੀਂ ਸਮੇਂ ਬੀਤ ਗਏ ਹਨ। ਜਿਹਲਮ ਦਰਿਆ ਅੱਜ ਤਕ ਸ਼ਾਹਪੁਰ ਤੋਂ ਬਹੁਤ ਦੂਰ ਚਲਦਾ ਹੈ, ਮੁੜ ਕੇ ਉਧਰ ਨਹੀਂ ਆਇਆ। ਸਾਧਸੰਗਤ ਜੀ! ਕੁਦਰਤੀ ਸ਼ਕਤੀਆਂ ਪ੍ਰਮੇਸ਼ਵਰ ਦੇ ਭੈਅ ਵਿਚ ਚਲਦੀਆਂ ਹਨ, ਬੱਦਲ ਵੀ, ਮੀਂਹ ਵੀ ਭੈਅ ਵਿਚ ਚਲਦਾ ਹੈ।

ਇਕ ਕਥਾ ਆਉਂਦੀ ਹੈ ਕਿ ਸੰਤ ਮਹਾਰਾਜ ਮਸਤੂਆਣੇ ਵਾਲੇ ਇਕ ਵਾਰੀ ਕਬਾਇਲੀ ਇਲਾਕੇ ਵਿਚੀਂ ਲੰਘ ਰਹੇ ਸਨ, ਇਸ ਇਲਾਕੇ ਵਿਚ ਬਹੁਤ ਦੇਰ ਤੋਂ ਮੀਂਹ ਨਹੀਂ ਸੀ ਪਿਆ। ਮਹਾਂਪੁਰਸ਼ ਟਾਂਗੇ ਵਿਚ ਬੈਠੇ ਜਾ ਰਹੇ ਸਨ, ਟਾਂਗਾ ਬਹੁਤ ਹੌਲੀ ਹੌਲੀ ਚਲਦਾ ਸੀ। ਪਠਾਣਾਂ ਨੇ ਦੇਖਿਆ ਕਿ ਜਾਹੋ ਜਲਾਲ ਵਾਲਾ ਕੋਈ ਮਹਾਂਪੁਰਸ਼ ਵਲੀ ਅੱਲਾਹ ਜਾ ਰਿਹਾ ਹੈ, ਉਨ੍ਹਾਂ ਵਿਚੋਂ ਸਿਆਣੇ ਪਠਾਣ ਨੇ ਤਾਂਗੇ ਨੂੰ ਜੁੜੇ ਹੋਏ ਘੋੜੇ ਦੀਆਂ ਵਾਗਾਂ ਫੜ ਲਈਆਂ ਅਤੇ ਕਿਹਾ ਕਿ ਮਹਾਂਪੁਰਸ਼ੋ! ਸਾਡਾ ਦਿਲ ਮੰਨਦਾ ਹੈ ਕਿ ਤੁਸੀਂ ਕੋਈ ਪੀਰ ਹੋ, ਤੁਹਾਡੇ ਚਿਹਰੇ ਦੀ ਆਭਾ ਨਿਆਰੀ ਹੈ। ਤੁਹਾਡੇ ਨੇਤਰਾਂ ਦੀ ਖਿੱਚ ਅਲੌਕਿਕ ਹੈ, ਕ੍ਰਿਪਾ ਕਰੋ, ਬਹੁਤ ਚਿਰ ਤੋਂ ਇਥੇ ਬਾਰਸ਼ ਨਹੀਂ ਹੋਈ, ਫਸਲਾਂ ਨਹੀਂ ਹੋਈਆਂ। ਇਹੀ ਸਾਡਾ ਗੁਜ਼ਾਰਾ ਹੈ, ਭੁੱਖਮਰੀ ਪੈ ਜਾਵੇਗੀ। ਮਹਾਂਪੁਰਸ਼ਾਂ ਨੇ ਕਿਹਾ ਕਿ ਪਿਆਰਿਓ! ਅਸਾਡੇ ਤਾਂ ਹੱਥ ਵਿਚ ਕੁਝ ਨਹੀਂ ਹੈ। ਉਨ੍ਹਾਂ ਨੇ ਫਿਰ ਬੇਨਤੀ ਕੀਤੀ ਕਿ ਸਾਡਾ ਗੁਜ਼ਾਰਾ ਬਦਾਮਾਂ, ਅੰਗੂਰਾਂ, ਪਿਸ਼ਤਿਆਂ ਉਪਰ ਹੈ ਪਰ ਮੀਂਹ ਦੀ ਘਾਟ ਕਰਕੇ ਜਿਹੜਾ ਥੋੜ੍ਹਾ ਬਹੁਤ ਫਲ ਲੱਗਿਆ ਹੈ ਉਹ ਵੀ ਝੜ ਜਾਵੇਗਾ। ਆਪ ਦੀ ਪਹੁੰਚ ਅਲਾਹ ਤਾਲਾਹ ਤਕ ਹੈ, ਆਪ ਕ੍ਰਿਪਾ ਕਰੋ।

ਉਸ ਵੇਲੇ ਮਹਾਂਪੁਰਸ਼ਾਂ ਨੇ ਚੁੱਪ ਧਾਰ ਲਈ, ਮਹਾਂਪੁਰਸ਼ ਆਪਣੇ ਵਲੋਂ ਕੁਝ ਵੀ ਨਹੀਂ ਸੀ ਕਰਨਾ ਚਾਹੁੰਦੇ ਕਿਉਂਕਿ ਗੁਰੂ ਘਰ ਵਿਚ ਸ਼ਕਤੀਆਂ ਵਰਤਣੀਆਂ ਵਰਜਿਤ ਹਨ।

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ॥ ਬਚਿਤ੍ਰ ਨਾਟਕ***

ਉਸ ਵੇਲੇ ਦਇਆ ਦੇ ਘਰ ਵਿਚ ਆ ਕੇ ਆਪ ਟਾਂਗੇ ਵਿਚੋਂ ਉਤਰ ਗਏ ਅਤੇ ਆਪਣੇ ਨਾਲ ਦੇ ਸਾਥੀਆਂ ਨੂੰ ਕਿਹਾ ਕਿ ਸਾਜ ਸੁਰ ਕਰੋ ਆਪਾਂ ਬੇਨਤੀ ਕਰਦੇ ਹਾਂ। ਉਸ ਵੇਲੇ ਆਪ ਨੇ ਸ਼ਬਦ ਪੜ੍ਹਿਆ ਜੋ ਪਠਾਣਾਂ ਦੀ ਸਮਝ ਵਿਚ ਤਾਂ ਆ ਨਹੀਂ ਸੀ ਰਿਹਾ ਪਰ ਉਹ ਹੈਰਾਨ ਹੋ ਗਏ ਕਿ ਅਚਾਨਕ ਬੱਦਲ ਉਠ ਕੇ ਗਾੜ੍ਹੇ ਹੋ ਗਏ, ਥੋੜ੍ਹੀ ਦੇਰ ਪਿਛੋਂ ਕਿਣਮਿਣ ਕਾਣੀ ਸ਼ੁਰੂ ਹੋ ਗਈ। ਮਲਾਰ ਰਾਗ ਦੇ ਆਪ ਸ਼ਬਦ ਪੜ੍ਹ ਰਹੇ ਸਨ। ਜਿਉਂ ਜਿਉਂ ਸ਼ਬਦ ਦੀ ਧੁਨ ਉਚੀ ਹੁੰਦੀ ਸੀ ਤਿਉਂ–ਤਿਉਂ ਮੀਂਹ ਸਾਜਾਂ ਨਾਲ ਰਲ ਰਿਹਾ ਸੀ। ਐਨਾ ਮੀਂਹ ਪਿਆ ਕਿ ਵਾਜੇ ਢੋਲਕੀਆਂ ਵੀ ਗਿੱਲੀਆਂ ਹੋ ਗਈਆਂ। ਆਪ ਜੋਟੀਆਂ ਦੇ ਸ਼ਬਦ ਪੜ੍ਹ ਰਹੇ ਸਨ। ਜਦੋਂ ਬਹੁਤ ਬਾਰਸ਼ ਹੋਈ ਤਾਂ ਇਕ ਸੋਝੀਵਾਨ ਪਠਾਣ ਉਠਿਆ ਅਤੇ ਕਿਹਾ ਕਿ ਮਹਾਰਾਜ ਹੁਣ ਬਹੁਤ ਬਾਰਸ਼ ਹੋ ਗਈ ਹੈ, ਜੇ ਇਸ ਤੋਂ ਜ਼ਿਆਦਾ ਹੋ ਗਈ ਤਾਂ ਖੇਤੀਆਂ ਰੁੜ੍ਹ ਜਾਣਗੀਆਂ। ਇਸ ਤਰ੍ਹਾਂ ਦੀਆਂ ਸਾਖੀਆਂ ਤਕਰੀਬਨ ਮਹਾਂਪੁਰਸ਼ਾਂ ਦੇ ਜੀਵਨ ਵਿਚ ਆਮ ਹੀ ਆਇਆ ਕਰਦੀਆਂ ਹਨ।

ਭਾਈ ਲਹਿਣਾ ਜੀ ਚੌਥਾ ਸਲੋਕ ਬਹੁਤ ਹੀ ਧਿਆਨ ਨਾਲ ਸ੍ਰਵਣ ਕਰ ਰਹੇ ਸਨ ਤੇ ਜਦੋਂ ਆਪ ਪਉੜੀ ਸ੍ਰਵਣ ਕਰਨ ਲੱਗੇ ਤਾਂ ਉਸ ਵਿਚ ਫੁਰਮਾਨ ਆਇਆ ਕਿ ਇਸ ਜੀਵ ਨੂੰ ਭਰਮਦਿਆਂ ਜੁੱਗ ਬੀਤ ਗਏ ਹਨ ਅਤੇ ਇਸ ਦਾ ਛੁਟਕਾਰਾ ਕਿਸੇ ਕਰਮ ਨਾਲ ਨਹੀਂ ਹੁੰਦਾ। ਇਹ ਤਾਂ ਵਾਹਿਗੁਰੂ ਦੀ ਹੀ ਮਿਹਰ ਹੋ ਜਾਵੇ ਤਾਂ ਪੂਰਾ ਸਤਿਗੁਰੂ ਮਿਲ ਜਾਇਆ ਕਰਦਾ ਹੈ। ਉਸ ਸਤਿਗੁਰੂ ਪਾਸ ਉਹ ਸ਼ਬਦ ਹੈ ਜਿਸ ਸ਼ਬਦ ਨੂੰ ਸਾਰੇ ਖੰਡਾਂ ਬ੍ਰਹਿਮੰਡਾਂ ਨੇ ਧਾਰਨ ਕੀਤਾ ਹੋਇਆ ਹੈ। ਸਤਿਗੁਰੂ ਦਾਤਾ ਹੈ, ਜੇ ਪੂਰਾ ਸਤਿਗੁਰੂ ਮਿਲ ਜਾਵੇ ਤਾਂ ਹਉਮੈ ਦਾ ਨਾਸ਼ ਹੋ ਜਾਂਦਾ ਹੈ। ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹ ਹਮੇਸ਼ਾ ਹੀ ਵਾਹਿਗੁਰੂ ਨੂੰ, ਜਗਿਆਸੂ ਨੂੰ ਬੁਝਾ ਦਿਆ ਕਰਦੇ ਹਨ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਮੇਲਾ ਪੂਰਿਆਂ ਗੁਰਾਂ ਦਾ ਹੋਵੇ***
***ਨਦਰ ਹੋ ਜਾਏ ਤੇਰੀ ਮਾਲਕਾ – 2, 2.***
***ਨਦਰ ਹੋ ਜਾਏ ਜੀ, ਤੇਰੀ ਮਾਲਕਾ – 2, 2.***
***ਮੇਲਾ ਪੂਰਿਆਂ ਗੁਰਾਂ ਦਾ ਹੋਵੇ,.......–2, 2.***

***ਨਦਰਿ ਕਰੇ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥***
***ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸਣਾਇਆ।।***
***ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥***
***ਸਤਿਗੁਰਿ ਮਿਲਿਐ ਸਚੁ ਪਾਇਆ ਜਿਨੀ ਵਿਚਹੁ ਆਪੁ ਗਵਾਇਆ॥***
***ਜਿਨਿ ਸਚੋ ਸਚੁ ਬੁਝਾਇਆ॥ ਪੰਨਾ – 465***

ਇਸ ਪਉੜੀ ਨੂੰ ਸੁਣ ਕੇ ਆਪ ਸੋਚ ਰਹੇ ਹਨ ਕਿ ਪੂਰੇ ਗੁਰੂ ਦਾ ਮਿਲਾਪ ਨਹੀਂ ਹੁੰਦਾ ਜਦੋਂ ਤਕ, ਇਸ ਸੰਸਾਰ ਦੇ ਮਾਲਕ ਦੀ ਨਦਰ ਨਾ ਹੋ ਜਾਵੇ। ਇਹ ਜੀਵ ਚਾਹੇ ਕਿੰਨਾ ਹੀ ਜ਼ੋਰ ਲਾ ਲਵੇ, ਕਿੰਨਾ ਹੀ ਭਜਨ ਕਰ ਲਵੇ, ਵਾਹਿਗੁਰੂ ਦੇ ਮਿਲਾਪ ਦਾ ਆਖਰੀ ਦਰਵਾਜ਼ਾ ਨਹੀਂ ਖੁਲ੍ਹਿਆ ਕਰਦਾ। ਉਸ ਦੇ ਦਰਵਾਜ਼ੇ ਨੂੰ ਖੁਲ੍ਹਾਉਣ ਲਈ ਸਤਿਗੁਰੂ ਦੀ ਬਖਸ਼ਿਸ਼ ਜ਼ਰੂਰੀ ਹੈ। ਸਤਿਗੁਰੂ ਤੋਂ ਸ਼ਬਦ ਪ੍ਰਾਪਤ ਕਰਕੇ, ਉਸ ਦਰਵਾਜ਼ੇ ਤੇ ਖੜ੍ਹਾ ਹੋ ਕੇ ਉਸ ਸ਼ਬਦ ਦੇ ਰਾਹੀਂ ਦਰਵਾਜ਼ਾ ਖੜਕਾਉਣਾ ਪੈਂਦਾ ਹੈ। ਬਾਣੀ ਵਿਚ ਐਸਾ ਫੁਰਮਾਨ ਆਉਂਦਾ ਹੈ –

***ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥***
***ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥***
***ਪੰਨਾ – 1376***

ਸਿਆਣੇ ਕਹਿੰਦੇ ਹਨ ਕਿ ਪਿਆਰਿਓ! Knock the door. The door will be opened. ਅਸਾਡਾ ਕੰਮ ਹੈ ਦਰਵਾਜ਼ਾ ਖੜਕਾਈ ਜਾਣਾ। ਸਤਿਗੁਰੂ ਨੇ ਚਾਬੀ ਦੇ ਦਿਤੀ, ਜੇ ਅਸੀਂ ਇਸ ਦੀ ਵਰਤੋਂ ਨਾ ਕਰੀਏ ਤਾਂ ਸਾਡੀ ਗਲਤੀ ਹੈ। ਫੁਰਮਾਨ ਹੈ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥***
***ਪੰਨਾ – 205***

ਇਕ ਥਾਂ ਇਸ ਤੋਂ ਵੀ ਸਪਸ਼ਟ ਫੁਰਮਾਨ ਕਰਦੇ ਹਨ –

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਪੰਨਾ – 954***

ਦਸਵਾਂ ਦਰਵਾਜ਼ਾ ਗੁਰੂ ਦੇ ਸ਼ਬਦ ਦੀ ਮਦਦ ਨਾਲ ਖੁਲ੍ਹਦਾ ਹੈ। ਪ੍ਰਮੇਸ਼ਵਰ ਦੀ ਨਦਰ ਹੋਵੇ ਤਾਂ ਗੁਰੂ ਦਾ ਮਿਲਾਪ ਹੁੰਦਾ ਹੈ, ਗੁਰੂ ਦਿਆਲੂ ਹੋਵੇ ਤਾਂ ਗੁਰੂ ਸ਼ਬਦ ਦੀ ਦਾਤ ਦਿੰਦਾ ਹੈ, ਉਹ ਸ਼ਬਦ ਵਾਹਿਗੁਰੂ ਦੇ ਦਰਵਾਜ਼ੇ ਦੀ ਕੁੰਜੀ ਹੈ ਕਿਉਂਕਿ ਸ਼ਬਦ ਆਪਣੇ ਆਪ ਪ੍ਰਾਪਤ ਨਹੀਂ ਹੁੰਦਾ। ਫੁਰਮਾਨ ਹੈ –

***ਬਿਨ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ।।***
***ਪੰਨਾ – 649***

ਨਦਰ ਤੋਂ ਬਗੈਰ ਪੂਰੇ ਭਾਗ ਨਹੀਂ ਬਣਿਆ ਕਰਦੇ। ਵਾਹਿਗੁਰੂ ਦੇ ਦਰ ਤੇ ਹੀ ਕੂਕ ਪੁਕਾਰ ਕਰਨੀ ਪੈਂਦੀ ਹੈ। ਹੇ ਵਾਹਿਗੁਰੂ! ਕੋਈ ਐਸਾ ਪਿਆਰਾ ਮਿਲਾ ਦੇ, ਜੋ ਮੈਨੂੰ ਤੇਰੇ ਰਸਤੇ ਦੀ ਸੋਝੀ ਪਾ ਦੇਵੇ, ਜਿਸ ਚਾਬੀ ਨਾਲ ਤਾਲੇ ਖੋਲ੍ਹਦਾ ਹੋਇਆ ਮੈਂ ਤੇਰੇ ਦਰ ਪਹੁੰਚ ਜਾਵਾਂ। ਤੂੰ ਕ੍ਰਿਪਾ ਕਰੇਂ ਤੇ ਬੰਦ ਹੋਇਆ ਦਰਵਾਜ਼ਾ ਖੋਲ੍ਹ ਦੇਵੇਂ।

ਨਦਰ ਇਕ ਵੱਡਾ ਕਰਿਸ਼ਮਾ ਹੈ ਜੋ ਜਗਿਆਸੂ ਤੇ ਰਹਿਮ ਕਰਕੇ ਪ੍ਰਮੇਸ਼ਵਰ ਵਲੋਂ ਵਰਤਿਆ ਜਾਂਦਾ ਹੈ। ਬਾਣੀ ਵਿਚ 'ਨਾਨਕ ਨਦਰੀ ਨਦਰ ਨਿਹਾਲ' ਕਿਹਾ ਹੈ, ਇਹ ਨਦਰ ਹੋਵੇ ਤਾਂ ਸਤਿਗੁਰੂ ਮਿਲਦਾ ਹੈ। ਜੀਵ ਅਰਬਾਂ ਖਰਬਾਂ ਜੂਨਾਂ ਵਿਚ ਘੁੰਮਦੇ ਹਨ।

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥ ਪੰਨਾ – 176***

ਕ੍ਰਿਪਾ ਹੋਈ ਤਾਂ ਗੁਰੂ ਦੇ ਦਰ ਦੀ ਸੋਝੀ ਪ੍ਰਾਪਤ ਹੋਈ ਹੈ, ਇਸ ਤੋਂ ਵੱਧ ਕ੍ਰਿਪਾ ਹੋਈ ਤਾਂ ਗੁਰੂ ਦਿਆਲੂ ਹੋ ਗਿਆ ਤੇ ਉਸ ਨੇ ਉਹ ਸ਼ਬਦ ਸੁਣਾ ਦਿਤਾ ਜਿਸ ਦਾ ਅਭਿਆਸ ਕਰਕੇ ਅਸੀਂ ਨਾਮ ਤਕ ਪਹੁੰਚ ਜਾਂਦੇ ਹਾਂ। ਜਗਿਆਸੂ ਨੂੰ ਗੁਰੂ ਮੰਤਰ ਦਿੰਦਾ ਹੈ, ਉਸ ਦਾ ਅਭਿਆਸ ਕਰਕੇ ਮੰਜ਼ਲ ਦਰ ਮੰਜ਼ਲ ਚੜ੍ਹਾਈ ਕਰਦਾ ਹੈ ਅਤੇ ਉਥੇ ਪਹੁੰਚ ਜਾਂਦਾ ਹੈ ਜਿਥੇ ਨਾਮ ਹੈ। ਉਹ ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ–

***ਏਹੁ ਜੀਉ ਬਹੁਤੇ ਜਨਮ ਭਰੰਮਿਆ***
***ਤਾ ਸਤਿਗੁਰਿ ਸਬਦੁ ਸੁਣਾਇਆ॥ ਪੰਨਾ – 465***

ਹਰੇਕ ਜੀਵ ਦੇ ਅੰਦਰ ਸ਼ਬਦ ਹੈ ਜਿਸ ਨੂੰ ਸ਼ਬਦ ਬ੍ਰਹਮ ਜਾਂ ਨਾਮ ਜਾਂ ਵਾਹਿਗੁਰੂ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ –

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥***
***ਭਾਈ ਗੁਰਦਾਸ ਜੀ, ਵਾਰ 26/2***

ਪ੍ਰਮੇਸ਼ਵਰ ਨਿਰੰਕਾਰ ਤੋਂ ਏਕੰਕਾਰ ਅਤੇ ਸਰਗੁਣ ਰੂਪ ਵਿਚ ਆ ਕੇ ਸ਼ਬਦ ਦਾ ਉਚਾਰਨ ਹੋਇਆ ਜਿਸ ਨੂੰ ਸ਼ਬਦ ਧੁਨ ਜਾਂ ਓਅੰਕਾਰ ਕਿਹਾ ਜਾਂਦਾ ਹੈ। ਉਹ ਧੁਨ ਸਾਰੇ ਪਸਰ ਗਈ, ਜਿਸ ਤੋਂ ਸਾਰਾ ਸੰਸਾਰ ਰੂਪਮਾਨ ਹੋਇਆ। ਬੇਅੰਤ ਖਾਣੀਆਂ, ਬੇਅੰਤ ਬਾਣੀਆਂ, ਬੇਅੰਤ ਸ਼ਕਤੀਆਂ ਬਣ ਗਈਆਂ। ਉਹ ਸ਼ਬਦ ਘਟ–ਘਟ ਵਿਚ ਵਿਆਪਕ ਹੋ ਗਿਆ।

*ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

ਇਸ ਨਾਮ ਸ਼ਕਤੀ ਦੇ ਨਾਲ ਹੀ ਨਾਮੀ ਵੀ ਘਟ-ਘਟ ਵਿਚ ਵਿਆਪਕ ਹੈ। ਨਾਮ ਰਾਹੀਂ ਹੀ ਨਾਮੀ ਤਕ ਪਹੁੰਚਿਆ ਜਾ ਸਕਦਾ ਹੈ। ਓਅੰਕਾਰ ਕੋਈ ਪ੍ਰਕ੍ਰਿਤਕ ਸ਼ਬਦ ਨਹੀਂ ਹੈ, ਨਾ ਹੀ ਅੱਖਰਾਂ ਦੀ ਲਪੇਟ ਵਿਚ ਆਉਣ ਵਾਲਾ ਸ਼ਬਦ ਹੈ, ਇਹ ਪਵਿੱਤਰ ਧੁਨ ਹੈ। ਅੱਖਰਾਂ ਬਾਰੇ ਫੁਰਮਾਨ ਹੈ -

*ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥*
*ਪੰਨਾ - 340*

ਉਹ ਐਸਾ ਅੱਖਰ ਹੈ ਜਿਸਦਾ ਕੋਈ ਅੱਖਰ ਨਹੀਂ ਹੈ ਉਸੇ ਨੂੰ ਸ਼ਬਦ ਬ੍ਰਹਮ ਆਖਿਆ ਜਾਂਦਾ ਹੈ।

ਮਨੁੱਖ ਦੇ ਅੰਦਰ ਉਹ ਸ਼ਬਦ ਧੁਨ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਧੁਨ ਹਰ ਬੰਦੇ ਦੇ ਅੰਦਰ ਹੈ, ਨਿਰੰਤਰ ਸਾਕਾਰ ਰੂਪ ਵਿਚ ਰਹਿੰਦੀ ਹੈ। ਪਰ ਮਾਇਆ ਦੇ ਅੰਧਕਾਰ ਵਿਚ ਇਸ ਨੇ ਦਿਬਯ ਕੰਨ, ਦਿਬਯ ਨੇਤਰ ਬੰਦ ਕੀਤੇ ਹੋਏ ਹਨ। ਦਿਬਯ ਨਾਸਕਾ ਤੇ ਜੀਭ ਨੂੰ ਦੁਰਾਡੇ ਰੱਖਿਆ ਹੋਇਆ ਹੈ ਪਰ ਸ਼ਬਦ ਦੀ ਕਮਾਈ ਨਾਲ ਇਹ ਖੁਲ੍ਹ ਜਾਂਦੇ ਹਨ। ਪ੍ਰਤੱਖ ਰੂਪ ਵਿਚ ਇਹ ਨਾਮ ਧੁਨ ਸੁਣਦੀ ਹੈ। ਧੁਨ ਹਰ ਥਾਂ ਪ੍ਰਕਾਸ਼ ਹੋ ਕੇ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਹਨ। ਇਸ ਨਾਮ ਰਾਹੀਂ ਹੀ, ਇਸ ਸ਼ਬਦ ਰਾਹੀਂ ਹੀ ਅਸੀਂ ਵਿਵੇਕ ਮੰਡਲ ਵਿਚ ਪਹੁੰਚਦੇ ਹਾਂ। ਉਸ ਗਿਆਨ ਪ੍ਰਕਾਸ਼ ਵਿਚ ਇਸ ਜੀਵ ਨੂੰ ਆਪਣਾ ਆਪ ਗੁਆਚਿਆ ਹੋਇਆ ਨਜ਼ਰ ਆਉਂਦਾ ਹੈ, ਓਹੀ ਬਣ ਜਾਂਦਾ ਹੈ ਜਿਸ ਦੀ ਤਲਾਸ਼ ਵਿਚ ਬੇਅੰਤ ਮਿਹਨਤ ਕੀਤੀ ਹੈ ਫੁਰਮਾਨ ਹੈ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥*
*ਪੰਨਾ - 1375*

ਜਿਸ ਨੂੰ ਟੋਲਦਾ ਫਿਰਦਾ ਸੀ ਜਦੋਂ ਉਹ ਮਿਲਿਆ ਤਾਂ ਇਹ ਬਿਲਕੁਲ ਹੀ ਪਤਾ ਨਹੀਂ ਲੱਗਿਆ ਕਿ ਟੋਲ੍ਹਣ ਵਾਲਾ ਕੌਣ ਸੀ, ਪ੍ਰਕਾਸ਼ ਹੋਣ ਕਰਕੇ ਉਹ ਅੰਧਕਾਰ ਦਾ ਭੁਲੇਖਾ ਖਤਮ ਹੋ ਗਿਆ। ਸਾਰੇ ਭਰਮਾਂ ਦਾ ਨਾਸ਼ ਹੋ ਗਿਆ ਅਤੇ ਪਤਾ ਲੱਗਿਆ ਕਿ ਜੀਵ ਰੂਪੀ ਖੇਲ੍ਹ ਅੰਧਕਾਰ ਵਿਚ ਅਣਹੋਈ ਹੋਈ ਸੀ ਅਤੇ ਇਹ ਸਤਿਗੁਰੂ ਦੇ ਸਬੰਧ ਦਾ ਪ੍ਰਤਾਪ ਹੈ ਜਿਸ ਨੇ ਇਸ ਜੀਵ ਨੂੰ ਘੁਮੇਟਣੀਆਂ ਵਿਚ ਪਏ ਨੂੰ ਆਪਣੀ ਕ੍ਰਿਪਾ ਰਾਹੀਂ ਸੁਣਾਇਆ -

*ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥*
*ਪੰਨਾ - 465*

ਹੈ ਕੋਈ ਸਤਿਗੁਰੂ ਵਰਗਾ ਦਾਤਾ। ਦਾਤੇ ਤਾਂ ਬੇਅੰਤ ਹੋਏ ਨੇ। ਕੋਈ ਸਵਾ ਮਣ ਸੋਨਾ ਪੁੰਨ ਕਰਦਾ ਹੈ, ਕੋਈ ਧਰਤੀ ਦਿੰਦਾ ਹੈ। ਪਰ ਗੁਰੂ ਵਰਗਾ ਦਾਤਾ ਨਹੀਂ ਕੋਈ -

*ਸਤਿਗੁਰ ਜੇਵਡੁ ਦਾਤਾ ਕੋ ਨਹੀ*
*ਸਭਿ ਸੁਣਿਅਹੁ ਲੋਕ ਸਬਾਇਆ॥ ਪੰਨਾ - 465*

ਮਹਾਰਾਜ ਕਹਿੰਦੇ ਕਿ ਪਿਆਰਿਓ! ਕੰਨ੍ਹ ਖੋਲ੍ਹ ਕੇ ਸੁਣੋ, ਇਸ ਤਰ੍ਹਾਂ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ। ਜਦੋਂ ਪੂਰੇ ਸਤਿਗੁਰੂ ਨੇ ਮੰਤਰ ਦੇ ਕੇ ਜੋ ਮੈਂ ਭਾਵ ਇਸ ਦੇ ਅੰਦਰ ਪੈਦਾ ਹੋ ਕੇ ਇਸ ਜੀਵ ਨੂੰ ਅੰਧਕਾਰ ਵਿਚ ਧੱਕੀ ਫਿਰਦਾ ਸੀ ਉਹ ਦੂਰ ਕਰ ਦਿਤਾ ਅਤੇ ਸੱਚ ਦੀ ਪ੍ਰਾਪਤੀ ਹੋ ਗਈ।

ਜਦੋਂ ਮੈਂ ਖਤਮ ਹੋ ਗਈ ਤੇ ਅਸਲੀ ਆਤਮਕ ਵਸਤੂ ਪ੍ਰਾਪਤ ਹੋ ਗਈ ਤਾਂ ਮਨ ਦਾ ਅੰਧਕਾਰ ਮਿਟ ਕੇ ਪ੍ਰਕਾਸ਼ ਹੋ ਗਿਆ। ਇਹ ਤਾਂ ਹੀ ਹੁੰਦਾ ਹੈ ਜੇ ਪੂਰਾ ਸਤਿਗੁਰੂ ਮਿਲ ਜਾਵੇ ਤਾਂ ਨਿਸ਼ਾਨੀ ਇਹ ਹੁੰਦੀ ਹੈ ਕਿ -

*ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥*
*ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪ॥*
*ਪੰਨਾ - 1374*

ਜੇ ਤਾਂ ਮੋਹ ਮਿਟ ਗਿਆ, ਤਿੰਨੇ ਤਾਪ ਮਿਟ ਗਏ, ਆਧੀ-ਬਿਆਧੀ, ਉਪਾਧੀ ਤੋਂ ਛੁਟਕਾਰਾ ਹੋ ਗਿਆ, ਨਿੰਦਿਆ, ਚੁਗਲੀ, ਈਰਖਾ, ਛਲ, ਕਪਟ, ਆਸਾ ਅੰਦੇਸਾ ਤੋਂ ਖਹਿੜਾ ਛੁਟ ਗਿਆ ਤਾਂ ਤਾਂ ਸਮਝ ਲਓ ਕਿ ਗੁਰੂ ਮਿਲ ਗਿਆ। ਜੇ ਇਹ ਚੀਜ਼ਾਂ ਨਹੀਂ ਹਨ ਤਾਂ ਗੁਰੂ ਨਹੀਂ ਮਿਲਿਆ। ਜੇ ਗੁਰੂ ਮਿਲ ਵੀ ਗਿਆ, ਤਾਂ ਤੂੰ ਗੁਰੂ ਨੂੰ ਮਨਾਇਆ ਨਹੀਂ। ਤੇਰੀ ਰਹਿਤ ਵਿਚ ਫਰਕ ਸੀ। ਤੂੰ ਉਸ ਦੇ ਪਿਆਰਿਆਂ ਤੋਂ ਪੁਛਿਆ ਨਹੀਂ ਕਿ ਗੁਰੂ ਕਿਵੇਂ ਮਿਲਦਾ ਹੈ, ਸਤਿਗੁਰੂ ਨਾਲ ਅਜੇ ਤੇਰਾ ਦੂਰ ਦਾ ਵਾਸਤਾ ਹੈ। ਸਤਿਗੁਰੂ ਜੇ ਮਿਲ ਜਾਵੇ ਤਾਂ ਸੱਚ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ।

*ਸਤਿਗੁਰਿ ਮਿਲਿਐ ਸਚੁ ਪਾਇਆ*
*ਜਿਨੀ ਵਿਚਹੁ ਆਪੁ ਗਵਾਇਆ॥ ਪੰਨਾ - 465*

ਜਿਹੜੀ ਇਸ ਜੀਵ ਦੇ ਅੰਤਸ਼ਕਰਣ ਵਿਚ ਹੰਗਤਾ ਤੇ ਮਮਤਾ ਹੈ ਇਸ ਨੇ ਜੀਵ ਨੂੰ ਪ੍ਰਮੇਸ਼ਵਰ ਨਾਲੋਂ ਵਿਛੋੜਿਆ ਹੋਇਆ ਹੈ। ਜਦੋਂ ਸੋਝੀ ਹੋ ਗਈ ਫੇਰ 'ਮੈਂ' 'ਮੇਰੀ' ਦੀ ਧੁੰਦ ਮਿਟ ਜਾਂਦੀ ਹੈ। ਹਰ ਥਾਂ ਵਾਹਿਗੁਰੂ ਹੀ ਨਜ਼ਰ ਆਉਂਦਾ ਹੈ।

*ਜਿਨਿ ਸਚੋ ਸਚੁ ਬੁਝਾਇਆ॥ ਪੰਨਾ - 465*

ਸੋ ਇਹ ਗੁਰੂ ਦੀ ਕ੍ਰਿਪਾ ਹੈ ਜਿਸ ਨੇ ਸੱਚ ਬੁਝਾ ਦਿਤਾ ਹੈ ਅਤੇ ਕਾਲੀ ਬੋਲੀ ਅਗਿਆਨ ਦੀ ਰਾਤ ਵਿਚੋਂ ਪ੍ਰਕਾਸ਼ ਕਰਾ ਦਿਤਾ।

ਭਾਈ ਲਹਿਣਾ ਜੀ ਦੇ ਅੰਦਰ ਬਹੁਤ ਹੀ ਸੂਖਸ਼ਮ ਸੋਝੀ ਉਦੈ ਹੋ ਰਹੀ ਸੀ ਅਤੇ ਉਹ ਇਕ ਇਕ ਅੱਖਰ ਦੀ ਗਹਿਰਾਈ ਤਕ ਜਾ ਕੇ ਉਸ ਨੂੰ ਸਮਝ ਰਹੇ ਸਨ। ਭਾਈ ਲਹਿਣਾ ਜੀ ਦੇ ਉਪਰ ਇਸ ਸ਼ਬਦ ਨੇ ਬਹੁਤ ਗਹਿਰਾ ਅਸਰ ਕੀਤਾ। ਉਨ੍ਹਾਂ ਨੇ ਵਿਚਾਰ ਕੀਤੀ ਕਿ ਜਿਸ ਇਸ਼ਟ ਨੂੰ ਮੈਂ ਮੰਨਦਾ ਹਾਂ ਉਹ ਇਸ਼ਟ ਨੇ ਤਾਂ ਕਦੇ ਦੱਸਿਆ ਹੀ ਨਹੀਂ ਕਿ ਕਿਵੇਂ ਪ੍ਰਮੇਸ਼ਵਰ ਨੂੰ ਮਿਲੀਦਾ ਹੈ। ਕਿਵੇਂ ਜਨਮ ਮਰਨ ਦਾ ਚੱਕਰ ਕੱਟੀਦਾ ਹੈ, ਮੇਰਾ ਇਸ਼ਟ ਮੰਗੀਆਂ ਚੀਜ਼ਾਂ ਦੇ ਦਿੰਦਾ ਹੈ ਪਰ ਮੁਕਤੀ ਨਹੀਂ ਦਿੰਦਾ। ਪ੍ਰਮੇਸ਼ਵਰ ਦਾ ਮਿਲਾਪ ਗੁਰੂ ਤੋਂ ਬਿਨਾਂ ਨਹੀਂ ਹੋ ਸਕਦਾ। ਆਪ ਦੇ ਕੰਨ ਅਕਾਸ਼ ਰਾਹੀਂ ਇਹ ਸੁਣ ਰਹੇ ਹਨ-

*ਧਾਰਨਾ - ਬਿਨਾਂ ਗੁਰਾਂ ਤੋਂ ਪਿਆਰੇ ਰਾਮ ਨਹੀਂਓਂ ਮਿਲਦਾ -2*
*ਰਾਮ ਨਹੀਂਓਂ ਮਿਲਦਾ,*

*ਪਿਆਰੇ ਰਾਮ ਨਹੀਂਓ ਮਿਲਦਾ - 2, 2.*
*ਬਿਨਾਂ ਗੁਰਾਂ ਤੋਂ ਪਿਆਰੇ,................।*

***ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥***
***ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥***
***ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥***
***ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥***
***ਜਗਜੀਵਨੁ ਦਾਤਾ ਪਾਇਆ॥ ਪੰਨਾ - 466***

ਦੋ ਟੂਕ ਫੈਸਲਾ ਸੁਣ ਲਿਆ। ਨਾ ਪਹਿਲਾਂ ਕਿਸੇ ਨੂੰ ਮਿਲਿਆ ਹੈ, ਨਾ ਹੀ ਹੁਣ ਮਿਲਣਾ ਹੈ। ਕਿਉਂਕਿ ਪ੍ਰਮੇਸ਼ਵਰ ਨੇ ਆਪਣੇ ਦਰਵਾਜ਼ੇ ਨੂੰ ਤਾਲਾ ਲਾਇਆ ਹੋਇਆ ਹੈ। ਉਹ ਰਹਿੰਦਾ ਇਸ ਜੀਵ ਦੇ ਅੰਦਰ ਹੈ -

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ॥***
***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥***
***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥***
***ਪੰਨਾ - 1033***

ਪਰ ਇਸ ਘਰ ਨੂੰ ਤਾਲਾ ਲੱਗਿਆ ਹੋਣ ਕਰਕੇ ਇਸ ਘਰ ਦੀ ਚਾਬੀ ਪੂਰੇ ਸਤਿਗੁਰੂ ਤੋਂ ਮਿਲਦੀ ਹੈ ਪਰ ਹੋਰ ਚਾਹੇ ਜਿੰਨੇ ਮਰਜ਼ੀ ਪੁੰਨ ਕਰ ਲਓ, ਦਾਨ ਕਰ ਲਓ, ਪ੍ਰਮੇਸ਼ਵਰ ਦੇ ਦਰਵਾਜ਼ੇ ਦੀ ਚਾਬੀ ਨਹੀਂ ਮਿਲਣੀ ਕਿਉਂਕਿ ਇਹ ਪ੍ਰਾਪਤੀ ਸਤਿਗੁਰੂ ਤਕ ਹੀ ਸੀਮਤ ਹੈ।

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥***
***ਪੰਨਾ - 205***

ਜਦੋਂ ਤਕ ਗੁਰੂ ਦੀ ਸ਼ਰਨ ਵਿਚ ਆ ਕੇ ਕੁੰਜੀ ਨਹੀਂ ਮਿਲਦੀ, ਦਰਵਾਜ਼ਾ ਕਿਵੇਂ ਖੁਲ੍ਹੇਗਾ?

***ਬਿਨੁ ਸਬਦੈ ਅੰਤਰਿ ਆਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ॥ ਪੰਨਾ - 124***

ਉਹ ਕਿਹੜੀ ਚੀਜ਼ ਹੈ ਜੋ ਹਨ੍ਹੇਰੇ ਵਿਚ ਨਜ਼ਰ ਨਹੀਂ ਆ ਰਹੀ; ਉਹ ਹੈ ਆਪਣਾ ਸਰੂਪ ਜਿਸ ਨੂੰ ਆਤਮਾ ਕਿਹਾ ਜਾਂਦਾ ਹੈ। ਆਤਮਾ ਤੇ ਪ੍ਰਮਾਤਮਾ ਇਕੋ ਹੀ ਹੁੰਦੇ ਹਨ -

***ਆਤਮਾ ਪਰਾਤਮਾ ਏਕੋ ਕਰੈ॥***
***ਅੰਤਰ ਕੀ ਦੁਬਿਧਾ ਅੰਤਰਿ ਮਰੈ॥ ਪੰਨਾ - 661***

ਨਾ ਤਾਂ ਸ਼ਬਦ ਦੀ ਪ੍ਰਾਪਤੀ ਹੋਈ ਹੈ। ਸ਼ਬਦ ਦੀ ਪ੍ਰਾਪਤੀ ਇਸ ਕਰਕੇ ਨਹੀਂ ਹੋਈ ਕਿਉਂਕਿ ਦਰਵਾਜ਼ਾ ਨਹੀਂ ਖੁਲ੍ਹਿਆ। ਅੰਦਰ ਸ਼ਬਦ ਵਜਦਾ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਪੰਨਾ - 954***

ਖੋਲ੍ਹੇਗਾ ਕੌਣ? ਕਹਿੰਦੇ ਪਹਿਲਾਂ ਗੁਰੂ ਤੋਂ ਸ਼ਬਦ ਲਓ। ਜਦੋਂ ਗੁਰੂ ਦਾ ਸ਼ਬਦ ਮੰਤਰ ਰੂਪ ਦੇ ਅੰਦਰ ਮਿਲ ਗਿਆ ਫੇਰ ਤੇਰੇ ਅੰਦਰ ਜਿਹੜਾ ਸ਼ਬਦ ਹੈ ਉਸ ਦੀ ਪ੍ਰਾਪਤੀ ਹੋ ਜਾਂਦੀ ਹੈ -

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਪੰਨਾ - 954***

ਨਾਲੇ ਤਾਂ ਅਨਹਦ ਵਾਜੇ ਸੁਣਦੇ ਨੇ, ਨਾਲੇ ਜਿਹੜਾ ਗੁਰੂ ਨੇ ਸ਼ਬਦ ਦਿਤਾ ਹੈ ਉਹ ਸੁਣਦਾ ਹੈ। ਕਮਾਲ ਦੀ ਗੱਲ ਹੈ ਦੋ ਚੀਜ਼ਾਂ ਹੋ ਗਈਆਂ। ਮਹਾਰਾਜ ਕਹਿੰਦੇ ਦੋ ਨਹੀਂ ਤੀਜੀ ਵੀ ਹੈ -

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਪੰਨਾ - 954***

ਅਨੁਭਵ ਪ੍ਰਕਾਸ਼ ਹੋ ਗਿਆ -

***ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ॥***
***ਪੰਨਾ - 954***

ਐਉਂ ਨਹੀਂ ਮਿਲਦਾ ਜਦੋਂ ਤਕ ਸਮਰੱਥ ਗੁਰੂ ਨਾ ਮਿਲੇ, ਕਿਉਂਕਿ ਚਾਬੀ ਗੁਰੂ ਕੋਲ ਹੈ -

***ਬਿਨੁ ਸਤਿਗੁਰ ਕਿਨੈ ਨ ਪਾਇਓ॥***
***ਬਿਨੁ ਸਤਿਗੁਰ ਕਿਨੈ ਨ ਪਾਇਆ॥ ਪੰਨਾ - 466***

ਮਹਾਰਾਜ ਕਹਿੰਦੇ ਨੇ ਕਿ ਪੁਛ ਲਓ ਗੁਰੂ ਨੂੰ। ਨਿਗੁਰੇ ਪੁਰਸ਼ ਦਾ ਤਾਂ ਨਾਂ ਵੀ ਲੈਣਾ ਬੁਰਾ ਹੈ। ਉਹ ਜਿਥੇ ਬੈਠ ਜਾਵੇ ਸਵਾ ਗਜ਼ ਧਰਤੀ ਭਰਿਸ਼ਟ ਕਰਕੇ ਜਾਂਦਾ ਹੈ। ਜਿਥੇ ਬੰਦਗੀ ਵਾਲਾ ਪੁਰਸ਼ ਬੈਠ ਜਾਵੇ ਉਥੇ ਤੀਰਥ ਬਣ ਜਾਂਦਾ ਹੈ-

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥***
***ਪੰਨਾ - 466***

***ਜਿਥੈ ਜਾਇ ਬਹੈ ਮੇਰਾ ਸਤਿਗੁਰੂ***
***ਸੋ ਥਾਨੁ ਸੁਹਾਵਾ ਰਾਮ ਰਾਜੇ॥ ਪੰਨਾ - 450***

ਵਿਸ਼ਨੂੰ ਭਗਵਾਨ ਜੀ ਦੇ ਦਰਬਾਰ ਬੈਕੁੰਠ ਧਾਮ ਵਿਚ ਸਾਰੇ ਦੇਵਤੇ ਪਹੁੰਚ ਕੇ ਆਪਦੇ ਬਚਨ ਸ੍ਵਣ ਕਰਿਆ ਕਰਦੇ ਸੀ। ਨਾਰਦ ਨੂੰ ਕਿਉਂਕਿ ਇਹ ਸ਼ਕਤੀ ਪ੍ਰਾਪਤ ਸੀ ਕਿ ਉਹ ਸਭ ਥਾਂ ਪਹੁੰਚ ਜਾਇਆ ਕਰਦਾ ਸੀ ਸਿਰਫ ਅਕਾਲ-ਪੁਰਖ ਦੀ ਦਰਗਾਹ ਤੋਂ ਬਿਨਾਂ ਬੈਕੁੰਠ ਧਾਮ ਤੱਕ ਭੀ ਉਸ ਦੀ ਪਹੁੰਚ ਹੈ। ਧਰਤੀ ਤੇ ਵੀ ਪਹੁੰਚ ਹੈ, ਜਦੋਂ ਜੀਅ ਕਰਦਾ ਹੈ ਆ ਸਕਦਾ ਹੈ। ਕਈ ਕਹਿੰਦੇ ਨੇ ਹੁਣ ਨਹੀਂ ਆਉਂਦਾ? ਹੁਣ ਸਾਧ-ਸੰਗਤ ਜੀ! ਇਥੇ ਤੰਬਾਕੂ ਦੀ ਦੁਰਗੰਧ ਪਈ ਹੋਈ ਹੈ। ਇਕ ਦੇਵਤਾ ਤਾਂ ਕੀ, ਕੋਈ ਵੀ ਨਹੀਂ ਆ ਰਿਹਾ ਇਥੇ। ਕਲਜੁਗ ਵਰਤ ਰਿਹਾ ਹੈ ਇਥੇ ਹੁਣ ਭਲੀਆਂ ਮੁਕਤ ਆਤਮਾਵਾਂ ਆਪਣੇ ਨਾਲਾਇਕ ਵਾਰਸਾਂ ਦਾ ਸਾਥ ਛੱਡ ਗਈਆਂ ਹਨ ਕਿਉਂਕਿ ਮਨੁੱਖ ਸ਼ਰਾਬਾਂ ਕਬਾਬਾਂ, ਸ਼ਰਾਬ ਤਮਾਕੂ ਪੀ ਪੀ ਕੇ ਬਦਬੂ ਛੱਡ ਰਿਹਾ ਹੈ।

***'ਚਲਦਾ'***

LLLLLL

(ਪੰਨਾ 20 ਦੀ ਬਾਕੀ)

ਰਿਹਾ ਹੈ ਕੇਵਲ ਵਾਹਿਗੁਰੂ ਦੀ, ਕਿਸੇ ਬੰਦੇ ਦੀ ਸੇਵਾ ਨਹੀਂ ਕਰ ਰਿਹਾ, ਕੇਵਲ ਗੁਰੂ ਦੀ ਸੇਵਾ ਕਰ ਰਿਹਾ ਹੈ। ਦੂਰ ਦਰਾਜ ਜਾਂਦਾ ਹੈ, ਨਿਰਧਨ ਕੋਲ ਜਾਂਦਾ ਹੈ, ਝੌਂਪੜੀਆਂ ਵਿਚ ਜਾਂਦਾ ਹੈ, ਬਾਹਰ ਵਸਦਿਆਂ ਦੇ ਕੋਲ ਜਾਂਦਾ ਹੈ। ਦਵਾਈ ਕੀ ਦਿੰਦਾ ਹੈ, ਗੁਰਸਿਖ ਬਣਾ ਦਿੰਦਾ ਹੈ। ਸਿਖੀ ਦੀ ਸੇਵਾ ਕਰ ਰਿਹਾ ਹੈ। ਗੁਰੂ ਮਹਾਰਾਜ ਜੀ ਕੋਲ ਖਬਰਾਂ ਪਹੁੰਚ ਰਹੀਆਂ ਹਨ। ਕਈ ਸਾਲ ਲੰਘ ਗਏ, ਮਹਾਰਾਜ ਨੂੰ ਵੀ ਖਿਚ ਪੈਂਦੀ ਹੈ ਪਰ ਅਜੇ ਰੋਕਦੇ ਹਨ। ਅੱਜ ਪੋਹ ਸੁਦੀ ਸੱਤਮੀ ਆ ਗਈ। ਉਦੋਂ ਭੀ ਪੋਹ ਸੁਦੀ ਸੱਤਵੀਂ ਸੀ ਜਦੋਂ ਸੁਜਾਨ ਰਾਇ ਲਹੌਰ ਤੋਂ ਆਇਆ ਸੀ, ਅੱਜ ਫੇਰ ਆ ਗਈ। ਸਾਰੇ ਗੁਰੂ ਮਹਾਰਾਜ ਜੀ ਦੇ ਦਰਬਾਰ ਵਿਚ ਆ ਰਹੇ ਹਨ – ਆਪਣੀ ਆਪਣੀ ਭੇਟਾ ਦੇਣ ਲਈ। ਸਾਰੇ ਗੁਰੂ ਮਹਾਰਾਜ ਜੀ ਨੂੰ ਮਿਲਣ ਲਈ ਬਹੁਤ ਕਾਹਲੇ ਨੇ, ਪਰ ਅੱਜ ਗੁਰੂ ਮਹਾਰਾਜ ਦੀਵਾਨ ਵਿਚ ਨਹੀਂ ਆਏ। ਸਿੰਘਾਂ ਕੋਲੋਂ ਪਤਾ ਲੱਗਾ ਕਿ ਗੁਰੂ ਮਹਾਰਾਜ ਘੋੜੇ ਤੇ ਸਵਾਰ ਹੋ ਕੇ ਬੜੀ ਜਲਦੀ ਜਲਦੀ ਰੋਪੜ ਵਲ ਨੂੰ ਨਿਕਲ ਗਏ। ਸਿਧੇ ਮਹਾਰਾਜ ਰੋਪੜ ਪਹੁੰਚ ਗਏ। ਸੰਗਤਾਂ ਸਾਰੀਆਂ ਬੈਠੀਆਂ ਉਡਕਦੀਆਂ ਰਹੀਆਂ। ਇਥੇ ਆ ਕੇ ਆਪਣੇ ਗੁਰ ਸਿਖ ਦੀ ਝੋਂਪੜੀ ਵੱਲ ਨੂੰ ਤੁਰ ਪਏ। ਜਿਸ ਵੇਲੇ ਸਾਰਿਆਂ ਨੂੰ ਪਤਾ ਲਗਦਾ ਗਿਆ ਕਿ ਗੁਰੂ ਸਾਹਿਬ ਆ ਰਹੇ ਹਨ। ਸਾਰੇ ਜਾ ਕੇ ਸੁਜਾਨ ਰਾਇ ਨੂੰ ਖਬਰ ਕਰ ਰਹੇ ਹਨ ਕਿ ਗੁਰੂ ਮਹਾਰਾਜ ਆ ਰਹੇ ਹਨ। ਅਸੀਂ ਉਥੇ ਖੜੇ ਦੇਖੇ ਹਨ। ਨਾਲ ਸਿੰਘ ਵੀ ਹਨ। ਭਾਈ ਸੁਜਾਨ ਰਾਇ ਦੇ ਮਨ ਵਿਚ ਵੀ ਬੜਾ ਚਾਓ ਜਾਗਿਆ ਕਿ ਮੈਂ ਸੰਗਤ ਨਾਲ ਲੈ ਕੇ ਜਾਵਾਂ ਤੇ ਅੱਗੇ ਹੋ ਕੇ ਗੁਰੂ ਮਹਾਰਾਜ ਜੀ ਦਾ ਸਤਿਕਾਰ ਕਰਾਂ। ਸੰਗਤ ਇਕੱਠੀ ਕਰ ਲਈ। ਕੀਰਤਨ ਦਾ ਸਮਾਨ ਜੋਟੀਆਂ ਦੇ ਸ਼ਬਦ ਪੜ੍ਹਨ ਵਾਲਾ ਨਾਲ ਇਕੱਠਾ ਕਰ ਲਿਆ, ਇਸ ਲਈ ਕਿ ਮਹਾਰਾਜ ਨੂੰ ਜਾ ਕੇ ਲਿਆਉਣਾ ਹੈ। ਉਸੇ ਸਮੇਂ ਇਕ ਬਜ਼ੁਰਗ ਬੀਬੀ ਆ ਗਈ ਤੇ ਕਹਿਣ ਲੱਗੀ, ਮੇਰੀ ਨੂੰਹ ਘੜੀਆਂ ਪਲਾਂ ਤੇ ਹੈ। ਛੇਤੀਂ ਦਵਾਈ ਦੇ, ਨਹੀਂ ਤੇ ਮਰ ਜਾਏਗੀ। ਦੋ ਚੀਜ਼ਾਂ ਹੋ ਗਈਆਂ, ਇਕ ਪਾਸੇ ਗੁਰੂ ਹੋ ਗਿਆ। ਇਕ ਪਾਸੇ ਗੁਰੂ ਦਾ ਹੁਕਮ ਹੋ ਗਿਆ। ਗੁਰੂ ਨੇ ਕਿਹਾ ਸੀ, ਸੁਜਾਨ ਰਾਇ! ਤੂੰ ਸਾਰਿਆਂ ਦੇ ਅੰਦਰ ਮੈਨੂੰ ਦੇਖੀਂ, ਮੈਨੂੰ ਦੇਖ ਕੇ ਮੇਰੀ ਸੇਵਾ ਕਰੀਂ। ਇਕ ਪਾਸੇ ਗੁਰੂ ਸਾਖਸ਼ਾਤ ਹੈ, ਇਕ ਪਾਸੇ ਗੁਰੂ ਦਾ ਹੁਕਮ ਹੈ। ਅਖੀਰ ਗੁਰੂ ਦਾ ਹੁਕਮ ਫਤਹਿ ਪਾ ਗਿਆ। ਸੰਗਤ ਨੂੰ ਕਿਹਾ, ਤੁਸੀਂ ਜਾਓ, ਆਦਰ ਸਤਿਕਾਰ ਨਾਲ ਸ਼ਬਦ ਪੜ੍ਹਦੇ ਹੋਏ, ਕੀਰਤਨ ਕਰਦੇ ਹੋਏ। ਉਨ੍ਹਾਂ ਦਾ ਨਿਵਾਸ ਕਰਾਓ। ਸੁਜਾਨ ਰਾਇ ਨੇ ਦਵਾਈਆਂ ਦੀ ਪੋਟਲੀ ਚੁਕੀ ਤੇ ਮਾਈ ਦੇ ਘਰ ਪਹੁੰਚ ਗਏ, ਝੌਂਪੜੀ ਵਿਚ ਹਾਏ ਹਾਏ ਹੋ ਰਹੀ ਹੈ, ਬੁਰੀ ਤਰ੍ਹਾਂ ਹੈਜਾ ਹੋਇਆ ਹੋਇਆ ਹੈ। ਕੁਝ ਚਿਰ ਲਗ ਗਿਆ, ਬੈਠੇ ਦਵਾਈ ਦੇ ਰਹੇ ਹਨ।

ਇਧਰ ਦਸ਼ਮੇਸ਼ ਪਿਤਾ ਪਹੁੰਚ ਗਏ। ਸੰਗਤ ਚਾਹੁੰਦੀ ਹੈ ਕਿ ਕਿਸੇ ਚੰਗੇ ਘਰ ਵਿਚ ਉਤਾਰਾ ਕਰਾਈਏ। ਪਰ ਗੁਰੂ ਮਹਾਰਾਜ ਜੀ ਹੋਰ ਹੀ ਪਾਸੇ ਨੂੰ ਜਾ ਰਹੇ ਹਨ। ਸਿਧੇ ਸੁਜਾਨ ਰਾਇ ਦੀ ਝੋਂਪੜੀ ਨੂੰ ਜਾ ਰਹੇ ਹਨ। ਉਥੇ ਆਦਰ ਸਤਿਕਾਰ ਨਾਲ ਬਿਠਾਉਣ ਵਾਲਾ ਕੋਈ ਨਹੀਂ ਸੀ। ਝੋਂਪੜੀ ਖਾਲੀ ਪਈ ਹੈ। ਮਹਾਰਾਜ ਜੀ ਨੇ ਘੋੜਾ ਸਿੱਖ ਨੂੰ ਫੜਾਇਆ, ਅੰਦਰ ਜਾ ਕੇ ਸਫ ਤੇ ਬੈਠ ਗਏ। ਅੱਜ ਗੁਰੂ, ਸਿਖ ਦਾ ਇੰਤਜ਼ਾਰ ਕਰ ਰਿਹਾ ਹੈ। ਉਧਰੋਂ ਜਦੋਂ ਮਾਈ ਦੀ ਨੂੰਹ ਰਾਜ਼ੀ ਹੋ ਗਈ ਤਾਂ ਸੁਜਾਨ ਰਾਇ ਕਹਿਣ ਲਗੇ ਕਿ ਹੁਣ ਤੇਰੀ ਨੂੰਹ ਨੂੰ ਕੋਈ ਖਤਰਾ ਨਹੀਂ ਹੈ। ਉਧਰ ਮੇਰੇ ਸਤਿਗੁਰੂ ਆਏ ਹੋਏ ਹਨ ਪਰ ਮਾਈ ਜੇ ਤੂੰ ਚਾਹੇਂ ਤਾਂ ਮੈਂ ਹੋਰ ਬੈਠ ਜਾਵਾਂ? ਮਾਈ ਨੇ ਕਿਹਾ ਕਿ ਹੁਣ ਤਾਂ ਇਹ ਠੀਕ ਲਗਦੀ ਹੈ। ਤੂੰ ਜਾ ਕੇ ਆਪਣੇ ਗੁਰੂ ਦੇ ਦਰਸ਼ਨ ਕਰ ਲੈ। ਤੇਰਾ ਹੀ ਗੁਰੂ ਨਹੀਂ ਹੈ, ਸਾਡਾ ਵੀ ਗੁਰੂ ਹੈ। ਜਿਸਨੇ ਐਨਾ ਚੰਗਾ ਗੁਰਸਿਖ ਸਾਡੇ ਗਰੀਬਾਂ ਦੀ ਮਦਦ ਕਰਨ ਵਾਸਤੇ ਦੁਆ ਦਾਰੂ ਦੇ ਕੇ ਅਸਾਂ ਗਰੀਬਾਂ ਦੀ ਸਾਰ ਲੈਣ ਏਥੇ ਭੇਜਿਆ ਹੋਇਆ ਹੈ। ਸਾਧ ਸੰਗਤ ਜੀ ਉਸ ਵੇਲੇ ਭਾਈ ਸੁਜਾਨ ਰਾਇ ਦੇ ਦਿਲ ਤੇ ਕੀ ਗੁਜਰਦੀ ਹੋਣੀ ਹੈ ਕਿ ਮੈਂ ਸਤਿਗੁਰੂ ਦਾ ਸਤਿਕਾਰ ਨਹੀਂ ਕਰ ਸਕਿਆ। ਗੁਰੂ ਜੀ ਆਏ ਹਨ, ਪਰ ਮੈਂ ਅੱਗੇ ਜਾ ਕੇ ਹਾਰ ਨਹੀਂ ਪਾ ਸਕਿਆ, ਫੁਲਾਂ ਦਾ ਕੋਈ ਸੇਹਰਾ ਨਹੀਂ ਪਾ ਸਕਿਆ। ਫਤਿਹ ਨਹੀਂ ਬਲਾ ਸਕਿਆ, ਆਪਣੀ ਝੌਂਪੜੀ ਵੱਲ ਗਿਆ ਤਾਂ ਅੱਗੇ ਕੀ ਦੇਖਦਾ ਹੈ ਕਿ ਝੌਂਪੜੀ ਦੇ ਅੱਗੇ ਇੱਕਠ ਹੋਇਆ ਪਿਆ ਹੈ। ਬਹੁਤ ਸਾਰੇ ਲੋਕ ਖੜ੍ਹੇ ਹਨ। ਹੈਰਾਨ ਹੋ ਰਿਹਾ ਹੈ ਕਿ ਕੀ ਗੱਲ ਹੈ? ਗੁਰੂ ਮਹਾਰਾਜ ਤਾਂ ਫਲਾਣੇ ਮਹੱਲਾਂ ਦੇ ਅੰਦਰ ਉਤਾਰਨੇ ਸੀ। ਗੁਰੂ ਜੀ ਨੇ ਉਠ ਕੇ ਸੁਜਾਨ ਰਾਇ ਨੂੰ ਜੱਫੀ ਵਿਚ ਲੈ ਲਿਆ ਤੇ ਬਚਨ ਕੀਤਾ, ਸਿਖਾ! ਨਿਹਾਲ, ਨਿਹਾਲ, ਨਿਹਾਲ। ਤਿੰਨ ਵਾਰੀ ਕਿਹਾ ਤੇ ਆਪਣੇ ਵਿਚ ਹੀ ਅਭੇਦ ਕਰ ਲਿਆ। ਹੁਣ ਪਤਾ ਨਹੀਂ ਲਗਦਾ ਕਿ ਕਿਹੜਾ ਸਰੀਰ ਗੁਰੂ ਦਾ ਹੈ ਤੇ ਕਿਹੜਾ ਸੁਜਾਨ ਰਾਇ ਦਾ? ਕਿਉਂਕਿ ਮਹਾਰਾਜ ਦਾ ਐਸਾ ਫੁਰਮਾਨ ਹੈ –

***ਧਾਰਨਾ – ਮੇਰਾ ਹੀ ਰੂਪ ਨੇ ਮੇਰੇ ਹੀ ਬਣ ਗਏ ਜਿਹੜੇ।***
***ਮੇਰੇ ਹੀ ਬਣ ਗਏ ਜਿਹੜੇ – 2, 2.***
***ਮੇਰਾ ਹੀ ਰੂਪ ਨੇ,..........।***

'ਦਾਸ ਅੰਨਿਨ ਮੇਰੋ ਨਿਜ ਰੂਪ' ਜਿਹੜੇ ਮੇਰੇ ਬਣ ਗਏ, ਮੇਰੇ ਹੁਕਮ ਵਿਚ ਸਮਾਅ ਗਏ, ਉਹ ਤਾਂ ਮੇਰਾ ਹੀ ਸਰੂਪ ਹੋਇਆ ਕਰਦੇ ਹਨ।

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ।।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***ਸਰਬ ਲੋਹ ਗ੍ਰੰਥ 'ਚੋਂ***

***ਹਰਿ ਹਰਿ ਜਨ ਦੁਈ ਏਕ ਹੈ, ਬਿਬ ਬਿਚਾਰ ਕਛੁ ਨਾਹਿ॥***
***ਜਲ ਤੇ ਉਪਜ ਤਰੰਗ ਜਿਉ, ਜਲ ਹੀ ਬਿਖੈ ਸਮਾਹਿ॥***
***ਬਚਿਤ੍ਰ ਨਾਟਕ***

ਗੁਰੂ ਜੀ ਬੁੱਕਲ ਵਿਚ ਲੈ ਕੇ ਪਿਆਰ ਕਰ ਰਹੇ ਹਨ ਅਤੇ ਬਚਨ ਕਰਕੇ ਕਹਿ ਰਹੇ ਹਨ, ਸੁਜਾਨ ਰਾਇ! ਤੂੰ ਕਿਸੇ ਦੇ ਫੱਟਾਂ ਤੇ ਮਲ੍ਹਮ ਨਹੀਂ ਲਾਈ, ਮੇਰੇ ਫੱਟਾਂ ਤੇ ਪੱਟੀਆਂ ਬੰਨ੍ਹਦਾ ਰਿਹਾ ਹੈਂ ਤੇ ਮਲ੍ਹਮ ਲਾਉਂਦਾ ਰਿਹਾ ਹੈਂ, ਮੈਨੂੰ ਦਵਾਈ ਦਿੰਦਾ ਰਿਹਾ ਹੈਂ, ਮੇਰੀ ਤਾਰੀ ਕਰਦਾ ਰਿਹਾ ਹੈਂ, ਮੇਰੀ ਸੇਵਾ ਕਰਦਾ

ਰਿਹਾ ਹੈਂ। ਗੁਰਮੁਖਾ! ਨਿਹਾਲ, ਤੇਰੀ ਸੇਵਾ ਦਰਗਾਹੇ ਪਰਵਾਨ ਹੋਈ, ਹੁਣ ਤੂੰ ਚਲ ਮੇਰੇ ਨਾਲ। ਮੈਂ ਸਾਰੀਆਂ ਸੰਗਤਾਂ ਨੂੰ ਛੱਡ ਕੇ ਤੈਨੂੰ ਲੈਣ ਵਾਸਤੇ ਆਇਆ ਹਾਂ। ਸੰਗਤਾਂ ਦੂਰ ਦਰਾਜ਼ ਤੋਂ ਆਈਆਂ ਹੋਈਆਂ ਹਨ। ਮੇਰੇ ਪ੍ਰਕਾਸ਼ ਉਤਸਵ ਤੇ ਜੋ ਖੁਸ਼ੀ ਮੈਨੂੰ ਪ੍ਰਾਪਤ ਹੋਈ ਹੈ, ਸੁਜਾਨ ਰਾਇ ਦੇ ਬਚਨ ਕਮਾਉਣ ਵਿਚੋਂ ਹੋਈ ਹੈ। ਸੋ ਇਸ ਤਰ੍ਹਾਂ ਸਾਧ ਸੰਗਤ ਜੀ, ਦਸ਼ਮੇਸ਼ ਪਿਤਾ ਹਾਜ਼ਰ ਨਾਜ਼ਰ ਨੇ –

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥***
***ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥ ਪੰਨਾ – 394***

ਸਾਨੂੰ ਸਿੱਖੀ ਕਮਾਉਣ ਦੀ ਜਾਚ ਸਿਖਣੀ ਪੈਂਦੀ ਹੈ। ਸਿਖੀ ਬਹੁਤ ਉਚੀ ਚੀਜ਼ ਹੈ, ਸਾਡੇ ਕਮਲਿਆਂ ਦੇ ਹੱਥ ਵਿਚ ਆ ਗਈ; ਨਾ ਆਪ ਕਮਾਈ ਹੈ, ਨਾ ਕਿਸੇ ਨੂੰ ਪੜ੍ਹਣ ਦੇਈਏ, ਨਾ ਦਸੀਏ, ਕਿ ਗੁਰੂ ਚਾਹੁੰਦਾ ਕੀ ਹੈ। ਹੋਰ ਹੀ ਪਾਸੇ ਨੂੰ ਚਲ ਪਏ। ਗੁਰੂ ਸਾਥ ਛੱਡ ਗਿਆ।

***ਜਬ ਲਗ ਖ਼ਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈਂ ਸਾਰਾ॥***
***ਸਰਬ ਲੋਹ ਗ੍ਰੰਥ 'ਚੋਂ***

ਜਿੰਨੀ ਦੇਰ ਤਕ ਇਹ ਨਿਆਰਾ ਰਹੇਗਾ, ਉਨੀ ਦੇਰ ਤਕ ਮੇਰਾ ਤੇਜ ਇਹਦੇ ਨਾਲ ਰਹੇਗਾ।

***ਜਬ ਇਹ ਗਹੈ ਬਿਪਰਨ ਕੀ ਰੀਤ॥***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥ ਸਰਬ ਲੋਹ ਗ੍ਰੰਥ 'ਚੋਂ***

ਜਦੋਂ ਇਹ ਆਤਮ ਚਿੰਤਨ ਛੱਡ ਦੇਵੇਗਾ, ਆਤਮ ਮੰਨਨ, ਆਤਮ ਨਿਧਿਆਸਨ, ਆਤਮ ਪਦ ਦੀ ਲਖਤਾ ਉਸ ਵੇਲੇ ਮੇਰੇ ਨਾਲੋਂ ਆਪੇ ਹੀ ਟੁਟ ਜਾਵੇਗੀ, ਕਿਉਂਕਿ ਪੜਦਾ ਪੈ ਜਾਵੇਗਾ ਹਉਮੈ ਦਾ, ਉਹ ਆਪਣੇ ਆਪ ਹੀ ਅੱਡ ਕਰ ਦੇਵੇਗਾ। ਕੰਮ ਕਰੀ ਜਾਵੇ, ਵਰਦੀਆਂ ਪਾਈ ਜਾਵੇ, ਜੋ ਕਰਨਾ ਹੈ ਕਰੀ ਜਾਵੇ ਪਰ ਮੇਰੇ ਨਾਲੋਂ ਸੰਬੰਧ ਟੁਟ ਗਿਆ ਕਿਉਂਕਿ ਖਾਲਸਾ ਮੈਂ ਖਾਲਸ ਬਣਾਇਆ ਸੀ, ਇਸ ਤਰ੍ਹਾਂ ਇਸ ਨੂੰ ਹੁਕਮ ਦਿਤਾ ਸੀ। ਇਸ ਤਰ੍ਹਾਂ ਪੜ੍ਹੋ –

***ਧਾਰਨਾ – ਜਪੋ ਖਾਲਸਾ ਤੁਸੀ ਜਾਗਦੀ ਜੋਤ ਨੂੰ –2, 2.***

***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ***
***ਗੋਰ ਮੜੀ ਮਟ ਭੂਲ ਨ ਮਾਨੈ।।***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ।।***
***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ।।***

ਜਦੋਂ ਆਤਮਾ ਦਾ ਪ੍ਰਕਾਸ਼ ਹੋ ਗਿਆ, ਆਤਮਾ ਦੀ ਜੋਤ ਜਗ ਗਈ ਤੇ ਪਰਮੇਸ਼ਰ ਹੀ ਸਾਰੇ ਪਾਸੇ ਦੇਖ ਲਿਆ ਉਸ ਨੂੰ ਅਸੀਂ ਕਹਿੰਦੇ ਹਾਂ ਖਾਲਸਾ ਪਦ ਪ੍ਰਾਪਤ ਕੀਤਾ। ਉਹਦਾ ਤੇ ਮੇਰਾ ਕੋਈ ਫਰਕ ਨਹੀਂ ਹੈ। ਇਕੋ ਹੀ ਹੈ ਉਹ ਤੇ ਪਰਮੇਸ਼ਰ।

(ਇਥੋਂ ਕੱਟ ਕੇ ਭੇਜੋ ਜੀ)

## ਲਾਈਫ ਮੈਂਬਰਸ਼ਿਪ (Life-Membership) ਲਈ ਖੁਸ਼ਖਬਰੀ

'ਆਤਮ ਮਾਰਗ' ਦੇ ਪਾਂਧੀਆਂ ਨੂੰ ਸਤਿਗੁਰੂ ਜੀ ਦੀ ਨਦਰ ਬਖਸ਼ਿਸ਼ ਪ੍ਰਾਪਤ ਹੋਵੇ। ਮਹਾਂਪੁਰਸ਼ਾਂ ਨੇ ਆਪ ਸਭ ਪਾਠਕਾਂ ਨੂੰ ਅਸੀਸਾਂ ਭੇਜਦਿਆਂ ਇਹ ਆਦੇਸ਼ ਦਿਤਾ ਹੈ ਕਿ ਆਪ ਸਭ ਪਾਠਕ ਹਿੰਮਤ ਕਰਕੇ ਜੀਵਨ ਕਾਲ ਲਈ ਲਾਈਫ–ਮੈਂਬਰ ਬਣ ਜਾਉ। ਲਾਈਫ ਮੈਂਬਰਸ਼ਿਪ ਲਈ ਦੇਸ਼ ਵਾਸਤੇ ਕੇਵਲ 2000/– ਰੁਪਏ ਅਤੇ ਵਿਦੇਸ਼ ਲਈ 500 US$ ਜਾਂ 300£) ਚੰਦਾ ਹੋਵੇਗਾ। ਅਜਿਹਾ ਕਰਨ ਨਾਲ ਆਪ ਨੂੰ ਸਾਰੀ ਜ਼ਿੰਦਗੀ ਨਿਰੰਤਰ ਮੈਗਜ਼ੀਨ ਮਿਲਦਾ ਰਹੇਗਾ। ਜੇਕਰ 20 ਸਾਲ ਤੋਂ ਬਾਅਦ ਕਿਸੇ ਤਰ੍ਹਾਂ ਨਾਲ ਇਸ ਵਿਚ ਥੋੜ੍ਹਾ ਬਹੁਤ ਵਾਧਾ ਘਾਟਾ ਕਰਨਾ ਪਿਆ ਤਾਂ ਆਪ ਦੀ ਸਹਿਮਤੀ ਨਾਲ ਕੀਤਾ ਜਾਵੇਗਾ। ਆਪਣੇ ਪਰਿਵਾਰ ਲਈ ਅਨਮੋਲ ਦਾਤ ਪ੍ਰਾਪਤ ਕਰਨ ਵਿਚ ਦੇਰ ਨਾ ਕਰੀਏ। ਜਿਨ੍ਹਾਂ ਪਾਠਕਾਂ ਨੇ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ, ਉਨ੍ਹਾਂ ਲਾਈਫ ਮੈਂਬਰ ਬਣੇ ਪਾਠਕਾਂ ਦੇ ਨਾਮ ਲਗਾਤਾਰ ਆਤਮ ਮਾਰਗ ਵਿਚ ਛਪਦੇ ਰਹਿਣਗੇ। 'ਆਤਮ ਮਾਰਗ' ਨਾਲ ਜੁੜੇ ਸਭ ਪਰਿਵਾਰ ਵਡਭਾਗੀ ਹਨ। ਇਸ ਪੰਨੇ ਦੇ ਪਿਛਲੇ ਪਾਸੇ ਛਪਿਆ ਫਾਰਮ ਭਰ ਕੇ ਅਤੇ ਚੰਦੇ ਦੀ ਰਕਮ ਬੈਂਕ ਡਰਾਫਟ/ਮਨੀਆਰਡਰ/ਚੈਕ ਰਾਹੀਂ ਦਫਤਰ ਆਤਮ ਮਾਰਗ ਨੂੰ ਭੇਜੋ ਜੀ। ਮਨੀਆਰਡਰ/ਬੈਂਕ ਡਰਾਫਟ/ਚੈਕ **'ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰੱਸਟ'** ਦੇ ਨਾਂ ਤੇ ਭੇਜਿਆ ਜਾਵੇ।

(ਫਾਰਮ ਲਈ ਪਰਤੋ ਜੀ)

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥*
*...................................*
*ਖ਼ਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥*

***ਸਰਬ ਲੋਹ ਗ੍ਰੰਥ 'ਚੋਂ***

ਸੋ ਉਸ ਖਾਲਸੇ ਵਿਚ ਗੁਰੂ ਮਹਾਰਾਜ ਨੇ ਪੂਰਨ ਆਦਰਸ਼ ਲਿਆਂਦਾ ਸੀ ਤੇ ਬ੍ਰਹਮ ਗਿਆਨੀਆਂ ਦੀ ਜਮਾਤ ਬਣਾਈ ਸੀ। ਜੇ ਇਹਦੇ ਵਿਚ ਲੋਭ ਰਹਿ ਗਿਆ, ਕ੍ਰੋਧ ਰਹਿ ਗਿਆ, ਹਉਮੈ ਰਹਿ ਗਈ, ਈਰਖਾ ਰਹਿ ਗਈ, ਨਿੰਦਿਆ ਚੁਗਲੀ ਰਹਿ ਗਈ ਫੇਰ ਤਾਂ ਭਾਈ ਭੇਖ ਜਿਹਾ ਹੀ ਤੁਰਿਆ ਫਿਰਦਾ ਹੈ। ਜਿਵੇਂ ਮਹਾਰਾਜ ਨੇ ਪਹਿਲਾਂ ਕਿਹਾ ਸੀ, ਉਸੇ ਤਰ੍ਹਾਂ ਹੀ ਹੋ ਗਿਆ। ਖਾਲਸਾ ਭਰਮ ਭੇਖ ਤੋਂ ਨਿਆਰਾ, ਭਰਮਾਂ ਤੋਂ, ਪੰਜ ਕਿਸਮ ਦੇ ਭਰਮ ਤੋਂ, ਭੇਖ ਤੋਂ ਨਿਆਰਾ ਹੋ ਕੇ ਆਤਮ ਤੱਤ ਵਿਚ ਵਿਸ਼ਵਾਸ ਕਰਨ ਵਾਲਾ ਖਾਲਸਾ ਹੋਇਆ ਕਰਦਾ ਹੈ। ਸੋ ਭਾਈ ਸੁਜਾਨ ਰਾਇ ਦੀ ਐਸੀ ਅਵਸਥਾ ਹੋ ਗਈ। ਸੇਵਾ ਕਰਕੇ, ਬਚਨ ਦੀ ਕਮਾਈ ਕਰਕੇ, ਆਤਮ ਤੱਤ ਵਿਚ ਨਿਵਾਸ ਕਰਕੇ, ਬ੍ਰਹਮ ਦੀ ਅਵਸਥਾ ਨੂੰ ਪ੍ਰਾਪਤ ਹੋਇਆ, ਫੇਰ ਅਵਸਥਾ ਕਿੱਡੀ ਹੋਈ?

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰੁ॥*

***ਪੰਨਾ - 273***

ਸੋ ਭਾਈ ਸੁਜਾਨ ਰਾਇ ਨੂੰ ਐਡਾ ਵੱਡਾ ਮਾਨ ਪ੍ਰਾਪਤ ਹੋਇਆ।

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦਾ 2, 2.***
***ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦਾ-2,.***
***ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ - 2***

ਐਸਾ ਜੀਵਨ, ਸਤਸੰਗ ਵਿਚ ਆ ਕੇ, ਗੁਰੂ ਮਹਾਰਾਜ ਦੀ ਯਾਦ ਤੇ ਉਹਨਾਂ ਦੇ ਸਿਖਾਂ ਦੇ ਨਾਲ ਸੰਬੰਧ ਪ੍ਰਤੀ ਦਿਤੇ; ਉਪਦੇਸ਼ ਦੀ ਵੀਚਾਰ ਨੂੰ ਹਿਰਦੇ ਵਿਚ ਧਾਰਨ ਕਰੋ। ਉਪਦੇਸ਼ ਕੇਵਲ ਉਹਨਾਂ ਵਾਸਤੇ ਹੀ ਨਹੀਂ ਸੀ, ਸਾਡੇ ਸਾਰਿਆਂ ਵਾਸਤੇ ਹੈ। ਹੁਣ ਸਮਾਂ ਇਜ਼ਾਜਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

**L L L L L L L**

$ (ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................
2. ਨਾਮ/ Name.......................................................................
3. ਪਿਤਾ ਦਾ ਨਾਮ/Father's Name............................................
4. ਪੂਰਾ ਪਤਾ/Full address.......................................................

.......................................................

.......................................................

PINCODE.......................Telephone...............

ਮੈਂ ..................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ..............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ.................................

(ਪੰਨਾ 23 ਦੀ ਬਾਕੀ)

ਵਿਗਾਸੀਆਂ ਦਾ ਇਕ ਅਨੂਪਮ ਖੇੜਾ ਖਿੜ ਉਠਿਆ। ਸਾਰੇ ਗੁਰਮੁਖ ਜਨ ਖੇਤੀਬਾੜੀ ਦੀ ਕਾਰ ਭੀ ਕਰਨ ਅਤੇ ਨਾਮ ਅਭਿਆਸ ਦੀ ਸੱਚੀ ਕਾਰ ਵਿਚ ਭੀ ਹਮਾਤਨ ਹੋ ਕੇ ਜੁਟੇ ਰਹਿਣ। ਸਾਰਿਆਂ ਨੂੰ ਐਸਾ ਪ੍ਰਤੀਤ ਹੋਵੇ ਕਿ ਸਭ ਦੇ ਕਾਰਜ ਸਤਿਗੁਰ ਆਪ ਹੀ ਸਵਾਰ ਰਿਹਾ ਹੈ। ਇਹ ਕਦੇ ਅੱਕਣ ਥੱਕਣ ਹੀ ਨਾ। ਖੇਤੀ ਬੀਜਦੇ ਹੋਏ, ਗੁਡਾਈ ਕਰਦੇ ਹੋਏ ਬੜੀ ਸੁਬਕਤਾ ਅਤੇ ਸੁਗਮਤਾ ਸਹਿਤ ਸਾਰੇ ਕਾਰਜ ਨਿਬਾਹੀ ਜਾਣ ਅਤੇ ਸਹਿਜੇ ਹੀ ਨਿਬਾਹੀ ਜਾਣ। ਵਢਾਈ ਕਰਦੇ ਹਨ ਤਾਂ ਪਹਿਰ ਪਹਿਰ ਕਰਦੇ ਹੀ ਰਹਿਣ, ਕੋਈ ਅਗੰਮੀ ਕਲਾ ਉਨ੍ਹਾਂ ਤੋਂ ਇਹ ਕਾਰ ਕਰਾਉਂਦੀ ਸੀ। ਢੁਆਈ ਕਰਦੇ ਹਨ ਤਾਂ ਸੀਸ ਦੇ ਉਪਰ ਭਰੀਆਂ ਲੈ ਕੇ ਘਰਾਂ ਨੂੰ ਇਉਂ ਉਡੇ ਜਾਂਦੇ ਹਨ, ਜਿਵੇਂ ਉਨ੍ਹਾਂ ਦੇ ਪੈਰ ਧਰਤੀ ਤੇ ਲਗਦੇ ਹੀ ਨਹੀਂ। ਕਈ ਦਾਨੇ ਬੀਨੇ ਸੱਜਣਾਂ ਨੇ ਆਪਣੇ ਅੱਖੀਂ ਵੇਖ ਕੇ ਇਹ ਸ਼ਾਹਦੀ ਦਿਤੀ ਕਿ ਭਾਰ ਦੀਆਂ ਭਰੀਆਂ ਲਈ ਜਾਂਦੇ ਇਨ੍ਹਾਂ ਗੁਰਮੁਖ ਸਿੰਘਾਂ ਦੇ, ਸਿਰਾਂ ਤੋਂ ਦੋ ਦੋ ਗਿੱਠ ਉਚੀਆਂ ਹੀ ਰਹਿੰਦੀਆਂ ਸਨ।

361 ਚੱਕ ਵਿਚ ਜਥੇ ਵਲੋਂ ਕਈ ਵਾਰ ਅਖੰਡ ਪਾਠ ਸਮਾਗਮ ਹੋਏ ਅਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਏ, ਜਿਨ੍ਹਾਂ ਅੰਦਰ ਐਸੇ ਐਸੇ ਕੌਤਕ ਵਰਤੇ ਕਿ ਵਰਨਣ ਨਹੀਂ ਕੀਤੇ ਜਾ ਸਕਦੇ। 361 ਚੱਕ ਨਿਵਾਸੀ ਸਾਰੇ ਨਾਮ ਅਭਿਆਸੀ ਗੁਰਮੁਖ ਸਿੰਘ ਅਕਸਰ ਇਕ ਮੰਡਲੀ ਵਿਚ ਹੀ ਇਕੱਤਰ ਹੋ ਕੇ ਅਭਿਆਸ ਕਰਿਆ ਕਰਦੇ ਸਨ। ਨਾਮ ਦੇ ਖੰਡੇ ਦੀਆਂ ਗੂੰਜਾਰਾਂ ਐਸੀਆਂ ਪੈਣੀਆਂ ਕਿ ਸਾਰਾ ਨਗਰ ਹੀ ਵਜਦ ਵਿਚ ਆ ਜਾਣਾ।

ਇਕ ਗੰਗਾ ਸਿੰਘ ਨਾਮੇ ਮਸਖਰਾ ਪੁਰਸ਼ ਮਸਖਰੀ ਵਜੋਂ ਇਕ ਦਿਨ ਉਸ ਅਭਿਆਸ-ਮੰਡਲ ਦੇ ਬੂਹੇ ਅੱਗੇ ਜਾ ਖਲੋਤਾ। ਕੀ ਵੇਖਦਾ ਹੈ ਕਿ ਦਰਜਨਾਂ ਦੀਆਂ ਦਰਜਨਾਂ ਸਿੰਘ ਅਭਿਆਸੀ ਜਨ ਮਿਲ ਕੇ ਜ਼ੋਰੋ ਜ਼ੋਰ ਅਭਿਆਸ ਕਰ ਰਹੇ ਹਨ, ਉਨ੍ਹਾਂ ਦੇ ਹੱਥਾਂ ਵਿਚ ਸਰਬ ਲੋਹ ਦੇ ਮਾਲਾ-ਸਿਮਰਨੇ ਸ਼ੋਭਿਤ ਹਨ। ਉਨ੍ਹਾਂ ਉਚੀ ਉਚੀ ਅਭਿਆਸ ਕਰਦਿਆਂ ਸਿੰਘਾਂ ਦੀ ਨਕਲ ਕਰਨ ਲਈ ਉਸ ਮਸਖਰੇ ਪੁਰਸ਼ ਨੇ ਸਣ ਦੀ ਸੁਬੀ (ਰੱਸੀ) ਨੂੰ ਗੰਢਾਂ ਦੇ ਕੇ ਮਾਲਾ ਬਣਾ ਲਈ, ਅਤੇ ਬੂਹੇ ਅੱਗੇ ਖੜ੍ਹਾ ਖੜੋਤਾ ਉਸ ਨਕਲੀ ਮਾਲਾ ਨੂੰ ਫੇਰਨ ਲੱਗਾ ਅਤੇ ਅਸਲੀ ਅਭਿਆਸੀ ਜਨਾਂ ਦੀ ਨਕਲ ਵਿਚ ਉਹ ਉਚੀ ਉਚੀ ਅਭਿਆਸ ਕਰਨ ਲਗ ਪਿਆ। ਪੰਦਰਾਂ ਮਿੰਟ ਹੀ ਮਸਾਂ ਇਸ ਨਕਲੀ ਰੀਸ ਨੂੰ ਕਰਦਿਆਂ ਹੋਏ ਸੀ ਕਿ ਕਰਦਾ ਕਰਦਾ ਧੜੰਮ ਦੇ ਕੇ ਧਰਤੀ ਤੇ ਜਾ ਡਿੱਗਾ। ਉਸ ਦੀਆਂ ਕਿਲਕਾਰੀਆਂ ਨਿਕਲ ਗਿਆਂ। ਜ਼ੋਰ ਜ਼ੋਰ ਦੁਹਾਈਆਂ ਦੇਣ ਲੱਗਾ। ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਦੁਹਾਈਆਂ ਸੁਣ ਕੇ ਆਏ ਕਈ ਪ੍ਰਤਿਸ਼ਟੇ ਪੁਰਸ਼ਾਂ ਨੇ ਪੁਛਿਆ, "ਓ ਗੰਗਾ ਸਿੰਘਾ! ਤੈਨੂੰ ਕੀ ਹੋਇਆ?" ਉਤਰ ਵਿਚ ਬਹੁੜੀਆਂ ਪਾ ਕੇ ਪੁਕਾਰਨ ਲੱਗਾ, "ਮੈਂ ਪਾਪੀ ਨੂੰ ਇਨ੍ਹਾਂ ਸਿੰਘਾਂ ਤੋਂ ਬਖਸ਼ਵਾ ਦੇਵੋ।" ਨਾਲੇ ਧਰਤੀ ਤੇ ਲੇਟੀ ਜਾਵੇ, ਨਾਲੇ ਲੇਲ੍ਹੜੀਆਂ ਕੱਢੇ। ਅਭਿਆਸ-ਮੰਡਲੀ ਅੰਦਰਲੇ ਗੁਰਮੁਖ ਜਨਾਂ ਨੇ ਸੁਚੇਤ ਸਾਵਧਾਨ ਹੋ ਕੇ ਉਸ ਹਾਲੋ-ਬੇਹਾਲ ਹੋਏ ਧਰਤੀ ਨਾਲ ਸਿਰ ਪਟਕਦੇ ਗੰਗਾ ਸਿੰਘ ਨੂੰ ਚੁਕਿਆ, ਓਸੇ ਦਿਨ ਹੀ ਸੰਗਤ ਅੱਗੇ ਪ੍ਰਾਸ਼ਚਿਤ ਪਸ਼ਚਾਤਾਪ ਕਰਕੇ ਗੰਗਾ ਸਿੰਘ ਨੇ ਆਪਣੇ ਬੱਜਰ ਪਾਪਾਂ ਮਈ ਭੁਲਾਂ ਬਖਸ਼ਵਾਈਆਂ ਅਤੇ ਅੰਮ੍ਰਿਤ ਛਕ ਕੇ ਅਜਰ ਜਰਨ ਵਾਲਾ ਤਿਆਰ-ਬਰ-ਤਿਆਰ ਸਿੰਘ ਸਜ ਗਿਆ। ਇਸ ਪਿਆਰੇ ਗੰਗਾ ਸਿੰਘ ਨੇ ਪ੍ਰੇਮ-ਪੁਲਕਤਾ ਵਾਲੇ ਸਰਸ਼ਾਦ ਰਾਗ ਵਿਚ ਜ਼ਾਰੋ-ਕਤਾਰ ਰੋ ਕੇ ਖੁਦ ਅਸਾਨੂੰ ਆਪਣੀ ਨਿਜ ਬੀਤੀ ਹੱਡ-ਬੀਤੀ ਸੁਣਾਈ ਹੈ। ਬਰਸਾਂ ਬੱਧੀ 361 ਚੱਕ ਨਾਮੇ ਨਗਰੀ ਅੰਦਰ ਇਸ ਅਨੰਦ-ਭਗਤੀ ਦੀ ਇਹ ਅਗੰਮੀ ਲਹਿਰ ਐਸੀ ਚਲੀ ਕਿ ਕਈ ਹੋਰ ਚੱਕ ਵੀ ਤਿਆਰ-ਬਰ-ਤਿਆਰ ਸਿੰਘ ਸਜ ਗਏ। (ਬਜ਼ੁਰਗ ਭਾਈ ਗੰਗਾ ਸਿੰਘ ਨੂੰ ਮੈਂ ਇਸ ਘਟਨਾ ਬਾਰੇ ਪੁਛਿਆ ਤਾਂ ਉਤਰ ਦੇਣ ਵੇਲੇ ਉਹਨਾਂ ਦੇ ਨੇਤਰ ਸੱਜਲ ਹੋ ਗਏ ਅਤੇ ਮੈਨੂੰ ਦੱਸਿਆ ਕਿ ਮੈਂ ਕਹੀ ਜਾਵਾਂ ਕਿ ਭਾਈ ਹੀਰਾ ਸਿੰਘ ਜੀ! ਹੋਰ ਸਭ ਕੁਝ ਮੈਥੋਂ ਲੈ ਲਵੋ ਪਰ ਜੋ ਮਹਾਨ ਰਸ ਮੈਨੂੰ ਪ੍ਰਾਪਤ ਹੋ ਰਿਹੈ, ਇਹ ਨਾ ਚਲਿਆ ਜਾਵੇ ਮੈਂ ਸਾਰੀ ਜਿੰਦਗੀ ਇਸ ਨਾਮ ਰਸ ਵਿਚ ਸ਼ਰਸ਼ਾਰ ਰਹਾਂ। ਉਹਨਾਂ ਦਸਿਆ ਕਿ ਸਮੇਂ ਬੀਤ ਗਏ, 38 ਸਾਲ ਇਸ ਘਟਨਾਂ ਨੂੰ ਹੋ ਚੁਕੇ ਹਨ ਪਰ ਉਹ ਰਸ ਮੇਰੇ ਸਰੀਰ ਦੇ ਰੋਮ-ਰੋਮ ਵਿਚ ਰੁਮਕਦਾ ਖੇੜੇ ਪ੍ਰਦਾਨ ਕਰ ਰਿਹਾ ਹੈ। *(ਵਰਿਆਮ ਸਿੰਘ)*

## ਦਸ਼ਾ ਦਾ ਪਲਟਾ ਖਾਣਾ –

ਫੇਰ ਇਹ ਅਨੂਠਾ, ਪਰੰਤੂ ਉਲਟਾ ਕੌਤਕ ਵਰਤਿਆ ਕਿ ਗੁਰਮੁਖ ਪਿਆਰੇ ਸੰਤ ਸਰੂਪ ਭਾਈ ਹੀਰਾ ਸਿੰਘ ਜੀ ਨਾਮ-ਜੋਤਿ-ਜਗੰਨੀ ਕਲਾ ਵਲੋਂ ਠਰੰਮੇ ਪੈ ਗਏ। ਐਸੇ ਠਰੇ ਕਿ ਜੋਤਿ-ਕ੍ਰਿਸ਼ਮਣੀ ਅੰਦਰਲੇ ਘਟ ਅੰਦਰਲੇ ਚਮਤਕਾਰ ਸਾਰੇ ਹੀ ਮੱਧਮ ਪੈ ਗਏ। ਉਹ ਦੁਹਾਈਆਂ ਦੇਣ ਅਤੇ ਸੰਗਤਾਂ ਦੇ ਜੋੜਿਆਂ ਵਿਚ ਲਿਟਦੇ ਫਿਰਨ। ਇਹੋ ਪੁਕਾਰਨ ਕਿ ਅਗੰਮੀ ਠੰਢ ਅਤੇ ਘਟ ਅੰਤਰ ਜੋਤਿ ਪ੍ਰਚੰਡ ਦੀ ਕਲਾ ਵਲੋਂ ਉਹ ਉਕੇ ਹੀ ਸੱਖਣੇ ਹੋ ਗਏ ਹਨ। ਬਥੇਰੇ ਵਾਹ ਤਰਲੇ ਲਏ, ਅਨੇਕਾਂ ਉਦਮ ਕੀਤੇ, ਪਰ ਉਸ ਤਾੜੇ ਉਨ੍ਹਾਂ ਦੀ ਆਤਮ ਬਿਰਤੀ ਨਾ ਹੀ ਆਈ, ਜਿਥੇ ਕਿ ਉਹ ਅਕਸਰ ਹਮੇਸ਼ਾ ਹੀ ਖੇਲ੍ਹਿਆ ਕਰਦੇ ਸਨ। ਸਾਰੀ ਸਾਰੀ ਰਾਤ ਉਦਿਆਨ ਵਿਚ ਜਾਗ ਕੇ ਖੂਹਾਂ ਦੀਆਂ ਮੌਣਾਂ ਉਤੇ ਇਕ ਟੰਗ ਖੜ੍ਹੇ ਹੋ ਕੇ ਅਭਿਆਸ ਕੀਤੇ, ਬਥੇਰੇ ਅਜਪਾ ਜਾਪ ਸਾਧੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖੜ੍ਹੇ ਹੋ ਕੇ ਅਨੇਕਾਂ ਹੀ ਅਠੋਤਰੀਆਂ ਪੱਕੀਆਂ ਮਾਲਾਂ ਫੇਰੀਆਂ, ਪਰ ਕੁਛ ਨਾ ਬਣਿਆ। ਤਰਲੋ-ਮੱਛੀ ਲੱਗੀ ਹੀ ਰਹੀ, ਵਿਆਕੁਲਤਾ ਨਾ ਹੀ ਦੂਰ ਹੋਈ। ਕੀਰਤਨ-ਮੰਡਲਾਂ ਵਿਚ ਆਉਣ ਪਰ ਪਾਗਲਾਂ ਵਾਂਗ ਬਾਹਰ ਖੜ੍ਹੇ ਰਹਿਣ। ਆਪ-ਮੁਹਾਰੇ ਸਾਰੀਆਂ ਸੰਗਤਾਂ ਦੇ ਜੋੜੇ ਝਾੜ ਝਾੜ ਕੇ ਸਰੀਰ ਅਤੇ ਮੁਖ ਤੇ ਮਲਣ। ਪਰੰਤੂ ਜਿਉਂ-ਜਿਉਂ ਜਤਨ ਤੇ ਤਰਲੇ ਕਰਨ, ਤਿਉਂ-ਤਿਉਂ ਉਨ੍ਹਾਂ ਦੀ ਤੜਫਨੀ ਵਧਦੀ ਹੀ ਜਾਏ।

ਸਿਰੀ ਭਾਈ ਹੀਰਾ ਸਿੰਘ ਜੀ ਦੀ ਇਹ ਦਸ਼ਾ ਦੇਖ ਕੇ, ਸਿਫਾਰਸ਼ੀਆਂ ਨੇ ਕਈ ਵਾਰ ਸਿਫਾਰਸ਼ਾਂ ਪਾਈਆਂ ਅਤੇ ਕੀਰਤਨ-ਰੰਗਾਂ ਵਿਚ ਬੇਪ੍ਰਵਾਹ ਨਾਮ-ਰਤੜੇ-ਸੰਗਤ ਵਿਚ ਜੁੜੇ ਗੁਰਮੁਖ ਜਨਾਂ ਨੇ ਇਨ੍ਹਾਂ ਸ਼ਿਫਾਰਸ਼ਾਂ ਦੀ ਪ੍ਰਵਾਹ ਹੀ ਨਾ ਕਰਨੀ। ਜਥੇ ਦੇ ਗੂੜ੍ਹ ਰਮਜ਼ ਪਛਾਣ ਪਾਰਖ ਜਨ ਅੰਤਰ-ਆਤਮੇ ਸਭ ਕੁਛ ਸਮਝਦੇ ਬੁਝਦੇ ਸਨ ਅਤੇ ਇਹ ਵੀ ਜਾਣਦੇ ਸਨ ਕਿ ਅਜੇ ਭਾਈ ਹੀਰਾ ਸਿੰਘ ਜੀ ਦੇ ਬਖਸ਼ੇ ਜਾਣ ਦਾ ਸਮਾਂ ਨਹੀਂ

ਆਇਆ। ਓੜਕ ਭਾਣੇ ਅੰਦਰ ਜਦੋਂ ਸਮਾਂ ਆਇਆ ਤਾਂ ਅੰਮ੍ਰਿਤ-ਸੰਚਾਰ ਮੰਡਲ ਅੰਦਰ ਪੰਜਾਂ ਪਿਆਰਿਆਂ ਨੇ ਆਪ ਹੀ ਭਾਈ ਹੀਰਾ ਸਿੰਘ ਜੀ ਨੂੰ ਸੱਦ ਬੁਲਾਇਆ। ਦਾਸ ਲਿਖਾਰੀ ਓਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਸੀ ਜਦੋਂ ਭਾਈ ਹੀਰਾ ਸਿੰਘ ਜੀ ਪੰਜਾਂ ਪਿਆਰਿਆਂ ਸਾਮ੍ਹਣੇ ਪੇਸ਼ ਹੋਏ। ਪੰਜਾਂ ਪਿਆਰਿਆਂ ਦੇ ਹੁਕਮ ਅਨੁਸਾਰ ਭਾਈ ਹੀਰਾ ਸਿੰਘ ਜੀ ਨੂੰ ਅਸਲ ਹਕੀਕਤ ਵਰਨਣ ਕਰਨ ਲਈ ਪੁਛਿਆ ਗਿਆ। ਉਹ ਰੋ ਰੋ ਕੇ ਵਰਨਣ ਕਰਨ ਲੱਗੇ ਕਿ ਪਤਾ ਨਹੀਂ ਪਹਿਲੀ ਜੋਤਿ ਵਿਗਾਸੀ ਕਲਾ ਕਿਉਂ ਖੜ੍ਹ ਗਈ ਹੈ, ਆਤਮ ਵਿਗਾਸ ਮਈ ਸੁਰਤੀ ਬਿਰਤੀ ਕਿਉਂ ਸੱਖਣੀ ਹੋ ਗਈ ਹੈ। ਜ਼ਾਹਿਰਾ ਤਾਂ ਮੈਥੋਂ ਕੋਈ ਐਸੀ ਅਵੱਗਿਆ ਹੋ ਗਈ ਨਹੀਂ ਜਾਪਦੀ, ਸੁਪਨ-ਸਾਰਖੀ ਵੀ ਪਤਿਤ-ਕਰਮੀ ਦੁਫੇੜਤਾ ਨਹੀਂ ਵਿਆਪੀ ਅਤੇ ਪਤਾ ਨਹੀਂ ਕੀ ਪੁੱਠੀ ਭੌਣੀ ਵਗ ਗਈ ਹੈ ਕਿ ਦਸ਼ਾ ਪਹਿਲੇ ਠਿਕਾਣੇ ਆਉਂਦੀ ਹੀ ਨਹੀਂ। ਲੱਖਾਂ ਕਰੋੜਾਂ ਸੰਜਮ ਉਪਾਉ ਕੀਤੇ, ਅਨੇਕਾਂ ਵੇਰਾਂ ਸੰਗਤਾਂ ਦੀਆਂ ਧੂੜੀਆਂ ਵਿਚ ਲਿਟੇ, ਪਰ ਇਹ ਪਤਾ ਨਹੀਂ ਲੱਗਾ ਕਿ ਕੀ ਐਸੀ ਅਵੱਗਿਆ ਹੋ ਗਈ ਹੈ ਜਿਸ ਕਾਰਨ ਕਰਕੇ ਇਹ ਬੇਮੁਖਤਾ ਵਿਆਪੀ ਹੈ।

ਸੁਤੇ ਸੁਭਾਵ ਹੀ ਪੰਜਾਂ ਪਿਆਰਿਆਂ ਦੇ ਇਸ਼ਾਰੇ ਅਨੁਸਾਰ ਦਾਸ ਵਲੋਂ ਭਾਈ ਹੀਰਾ ਸਿੰਘ ਜੀ ਨੂੰ ਇਹ ਯਾਦ ਦਿਲਵਾਇਆ ਗਿਆ, "ਯਾਦ ਕਰੋ! 361 ਚੱਕ ਦੇ ਆਤਮ ਜੋਤਿ ਵਿਗਾਸੀ ਕ੍ਰਿਸ਼ਮਿਆਂ ਨੂੰ! ਕੀ ਉਹ ਕ੍ਰਿਸ਼ਮੇ ਸਤਿਗੁਰੂ ਦੀ ਨਿਜ ਨਦਰ ਮਿਹਰ ਦੁਆਰਾ ਹੀ ਕ੍ਰਿਸ਼ਮਤ ਹੋਏ ਸਨ ਜਾਂ ਤੁਸੀਂ ਆਪਣੇ ਆਪ ਨੂੰ ਹੀ ਇਨ੍ਹਾਂ ਕ੍ਰਿਸ਼ਮ-ਕਲਾ ਦਾ ਮੂਲ ਕਾਰਨ ਸਮਝਦੇ ਹੋ? ਕੀ ਇਹ ਸੂਖਮ ਹੰਕਾਰ ਤਾਂ ਤੁਹਾਨੂੰ ਨਹੀਂ ਹੋ ਗਿਆ ਕਿ ਇਹ ਕ੍ਰਿਸ਼ਮ-ਕਲਾ ਖੁਦ ਆਪਣੀ ਤਾਕਤ ਨਾਲ ਵਰਤਾਈ ਸੀ? ਇਹ ਪ੍ਰਸ਼ਨ ਸੁਣ ਕੇ ਉਹ ਠਠੰਬਰ ਗਏ, ਸਿਰ ਤੋਂ ਲੈ ਕੇ ਪੈਰਾਂ ਤਕ ਉਨ੍ਹਾਂ ਦਾ ਸਰੀਰ ਕੰਬਣ ਲਗ ਪਿਆ। ਪੈਂਦੀ ਸੱਟ ਨਾਲ ਹੀ ਦੂਜਾ ਪ੍ਰਸ਼ਨ ਭਾਈ ਹੀਰਾ ਸਿੰਘ ਤੋਂ ਪੁਛਿਆ ਗਿਆ, "ਕੀ ਤੁਸੀਂ ਖੁਦ ਹੀ ਇਕੱਲੇ ਨਾਮ ਤਾਂ ਨਹੀਂ ਦੇਣ ਲਗ ਪਏ?"

ਇਹ ਸੁਣ ਕੇ ਉਨ੍ਹਾਂ ਨੂੰ ਸੁਰਤ ਆਈ ਅਤੇ ਸੁਰਤ ਵਿਚ ਆ ਕੇ ਬਿਲਲਾ ਉਠੇ ਕਿ ਹਾਂ ਇਹ ਅਵੱਗਿਆ ਮੈਥੋਂ ਜ਼ਰੂਰ ਹੁੰਦੀ ਰਹੀ ਹੈ। ਕੁਝ ਦਿਨ ਤਾਂ ਇਹ ਕਾਰ ਚੱਲੀ ਤੇ ਖੂਬ ਚੱਲੀ, ਪਰ ਫਿਰ ਇਕ-ਦਮ ਖਲੋ ਗਈ।

ਪੰਜਾਂ ਪਿਆਰਿਆਂ ਨੇ ਉਥੇ ਹੀ ਭਾਈ ਹੀਰਾ ਸਿੰਘ ਜੀ ਨੂੰ ਥੰਮ੍ਹ ਲਿਆ ਅਤੇ ਪਕੜ ਕੇ ਖੂਬ ਹਲੂਣਿਆ ਕਿ ਬੜੀ ਭਾਰੀ ਤੁਸੀਂ ਅਵੱਗਿਆ ਕੀਤੀ ਹੈ। ਜੋ ਅਧਿਕਾਰ ਗੁਰੂ ਰੂਪ ਪੰਜਾਂ ਪਿਆਰਿਆਂ ਦਾ ਸੀ, ਤੁਸੀਂ ਖੁਦ ਇਕੱਲੇ ਹੀ ਉਸ ਅਧਿਕਾਰ ਨੂੰ ਵਰਤਣ ਲਗ ਪਏ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਤੁਸੀਂ ਥੋਥੇ ਰਹਿ ਗਏ ਅਤੇ ਨਾਮ ਵਲੋਂ ਉਕੇ ਥੋਥੇ ਪੈ ਗਏ। ਭਾਈ ਹੀਰਾ ਸਿੰਘ ਜੀ ਇਹ ਸੁਣ ਕੇ ਡਡਿਆ ਉਠੇ ਕਿ ਮੈਨੂੰ ਬਖਸ਼ ਲਵੋ, ਬਖਸ਼ ਲਵੋ।

ਪੰਜਾਂ ਪਿਆਰਿਆਂ ਨੇ ਭਾਈ ਹੀਰਾ ਸਿੰਘ ਨੂੰ ਤਕੜਾ ਡੰਡ ਲਾਇਆ ਅਤੇ ਗੁਰੂ ਪਾਸੋਂ ਬੇਨਤੀਆਂ ਦਵਾਰਾ ਬਖਸ਼ਵਾਇਆ। ਸਤਿਗੁਰੂ ਦੀਆਂ ਫਿਰ ਮੇਹਰਾਂ ਹੋਈਆਂ, ਉਹ ਤੋਰੇ ਤੁਰ ਪਏ, ਉਹ ਆਤਮ-ਹੁਲਾਰੇ ਮੁੜ ਆਉਣ ਲਗ ਪਏ। ਓਸੇ ਰੰਗ-ਚਲੂਲੀ-ਸੁਰਤੀ ਵਿਚ ਸਰਸ਼ਾਰ ਹੋ ਕੇ ਸਿਰੀ ਭਾਈ ਸੰਤ ਹੀਰਾ ਸਿੰਘ ਜੀ ਉਜਲ ਮੁਖ ਲੈ ਕੇ ਫਿਰ ਵਿਚਰਨ ਲੱਗੇ। ਕੁਝ ਕੁ ਨਿਮਰੀ-ਭੂਤ ਚੜ੍ਹਦੀ ਕਲਾ ਮੁੜ ਕੇ ਫਿਰ ਵਰਤ ਗਈ ਅਤੇ ਗੁਰੂ ਕੇ ਲਾਲ, ਹੀਰੇ, ਸਿਰੀ ਭਾਈ ਹੀਰਾ ਸਿੰਘ ਜੀ ਫਿਰ ਨਿਹਾਲੋ ਨਿਹਾਲ ਹੋ ਗਏ।

ਓੜਕ ਸਾਡੀ ਜੇਲ੍ਹ ਯਾਤਰਾ ਦੇ ਦਿਨ ਆ ਗਏ। ਸਿਰੀ ਭਾਈ ਹੀਰਾ ਸਿੰਘ ਜੀ ਮੁਹਰਲੇ ਮੋਰਚੇ ਵਿਚ ਜਥੇ ਨਾਲ ਜਾਣ ਨੂੰ ਤਤਪਰ ਸਨ, ਪਰ ਭਾਣੇ ਅਨੁਸਾਰ ਵਰਜੇ ਵਰਜਾਏ ਰਹਿ ਗਏ। ਜੇਲ੍ਹ ਯਾਤਰਾ ਤੋਂ ਵਾਪਸ ਆਉਂਦਿਆਂ ਨੂੰ, ਅੰਦਰੋਂ ਆਏ ਜਥੇ ਨੂੰ ਮਿਲਣ ਦੀਆਂ ਤਿਆਰੀਆਂ ਕਰਨ ਹੀ ਲੱਗੇ ਸਨ ਕਿ ਇਕ-ਦਮ ਕਾਲ ਨਗਾਰਾ ਉਨ੍ਹਾਂ ਦੇ ਸਿਰ ਤੇ ਵਜਿਆ। ਆਨਨ ਫਾਨਨ ਹੀ ਅਕਾਲ ਚਲਾਣਾ ਕਰ ਗਏ ਤੇ ਸਾਨੂੰ ਬ੍ਰਿਹੀ ਵੀਰਾਂ ਨੂੰ ਮੁੜ ਕੇ ਮਿਲਣੇ ਹੀ ਨਾ ਪਾਏ। ਹੁਣ ਅੱਗੇ ਧੁਰ ਦਰਗਾਹੀਂ ਮੇਲੇ ਹੋਣਗੇ।

ਸਿਰੀ ਸੰਤ ਹੀਰਾ ਸਿੰਘ ਜੀ ਦੀ ਇਕੱਲਿਆਂ ਦੀ ਹੀ ਪ੍ਰੇਮ-ਗਾਥਾ ਵਿਸਥਾਰ ਸਹਿਤ ਲਿਖੀ ਜਾਵੇ ਤਾਂ ਤਕੜੀ ਪੁਸਤਕ ਬਣ ਜਾਂਦੀ ਹੈ, ਤਾਂ ਤੇ ਟੂਕ-ਮਾਤਰ ਇਹੋ ਲਿਖ ਕੇ ਸੰਖੇਪ ਕੀਤਾ ਜਾਂਦਾ ਹੈ।

*'ਚਲਦਾ'*

**LLLLLLL**

---

(ਪੰਨਾ 36 ਦੀ ਬਾਕੀ)

ਦੇ ਬਲ ਨਾਲ ਜਦੋਂ ਪ੍ਰਭੂ ਤੋਂ ਵਿਛੋੜਨ ਵਾਲੀ ਹਉਮੈ ਪੂਰੀ ਤਰ੍ਹਾਂ ਖਤਮ ਹੋ ਜਾਂਦੀ ਹੈ ਤਾਂ ਨਾਮ ਜੱਪਣ ਵਾਲਾ, ਨਿਮਾਣੇ ਨਿਤਾਣੇ ਜੀਵ ਤੋਂ ਤਰੱਕੀ ਕਰਕੇ ਅਟੱਲ ਸੁਖਾਂ ਦੇ ਸਹੁ ਸਾਗਰ ਪ੍ਰਮੇਸ਼ਰ ਵਿਚ ਅਭੇਦਤਾ ਹਾਸਲ ਕਰ ਲੈਂਦਾ ਹੈ ਤੇ ਪ੍ਰਮੇਸ਼ਰ ਦਾ ਰੂਪ ਹੀ ਬਣ ਜਾਂਦਾ ਹੈ। ਨਾਮ ਜੱਪਣ ਵਾਲਿਆਂ ਨੂੰ ਬਿਬੇਕ ਬੁੱਧ, ਅਨੁਭਵ ਦਾ ਗਿਆਨ ਅਟੱਲ ਸੁਖਾਂ ਦੇ ਮੰਡਲ ਵਿਚ ਨਿਸਚਲ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਭਾਵ ਨਾਮ ਦੀ ਮਹਿਮਾ ਨੂੰ ਕਿਸੇ ਵੀ ਤਰ੍ਹਾਂ ਕੋਈ ਵੀ ਪ੍ਰਕਿਰਤੀ ਦੇ ਅੱਖਰਾਂ ਵਿਚ ਵਰਨਣ ਨਹੀਂ ਕਰ ਸਕਦਾ। ਇਸ ਅਮੋਲਕ ਨਾਮ ਦਾ, ਇਕ ਕਿਣਕਾ ਵੀ ਕਿਸੇ ਭਾਗਾਂ ਵਾਲੇ ਦੇ ਹਿਰਦੇ ਵਿਚ ਵਸ ਜਾਏ ਤਾਂ ਉਸਦੀ ਮਹਿਮਾ ਵਰਨਣ ਨਹੀਂ ਕੀਤੀ ਜਾ ਸਕਦੀ। ਉਸ ਦੀ ਲੋਕ ਪ੍ਰਲੋਕ ਜੈ-ਜੈਕਾਰ ਹੁੰਦੀ ਹੈ। ਉਹ ਆਪ ਤਾਂ ਸੰਸਾਰ ਵਿਚੋਂ ਮੁਕਤ ਹੋ ਹੀ ਜਾਂਦਾ ਹੈ ਬਲਕਿ ਆਪਣੇ ਸੰਗੀ ਸਾਥੀਆਂ ਨੂੰ ਵੀ ਤਾਰ ਲੈਂਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਕੋਈ ਵਿਰਲਾ ਹੀ ਇਸ ਨਾਮ ਦਾ ਵਾਪਾਰ ਕਰਦਾ ਹੈ ਤੇ ਮੈਂ ਉਸ ਨਾਮ ਦੇ ਵਪਾਰੀ ਤੋਂ ਕੁਰਬਾਨ ਜਾਂਦਾ ਹਾਂ।

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥***
***ਇਹੁ ਵਾਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥ ਪੰਨਾ - 283***

***ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥***
***ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥***
***ਪੰਨਾ - 721***

**LLLLLLL**

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

# PERENNIAL PSYCHOLOGY OF THE BHAGVAD GITA

*ਮੂਲ ਲੇਖਕ - ਡਾ ਸਵਾਮੀ ਰਾਮ ਜੀ*

*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਦਸਵਾਂ ਅਧਿਆਇ

### ਪ੍ਰਮਾਤਮਾ ਦਾ ਮਹਾਨ ਪ੍ਰਕਾਸ਼

ਕ੍ਰਿਸ਼ਨ ਜੀ ਬਚਨ ਕਰਦੇ ਹਨ -

1. ਹੇ ਮਹਾਬਾਹੋ, ਫਿਰ ਭੀ ਮੇਰੇ ਪਰਮ ਰਹੱਸ ਯੁਕਤ ਬਚਨ ਸੁਣ ਜੋ ਮੈਂ ਤੈਨੂੰ ਬਹੁਤ ਪ੍ਰੇਮ ਰੱਖਣ ਵਾਲੇ ਦੇ ਲਈ, ਹਿੱਤ ਦੀ ਇੱਛਾ ਕਰਕੇ ਕਹਿ ਰਿਹਾ ਹਾਂ।

2. ਹੇ ਅਰਜਨ! ਮੇਰੀ ਉਤਯੁਕਤ ਨੂੰ ਅਰਥਾਤ ਬਿਭੂਤੀ ਸਹਿਤ ਲੀਲ੍ਹਾ ਕਰਕੇ ਪ੍ਰਗਟ ਹੋਣ ਨੂੰ ਨਾ ਦੇਵਤਾ ਲੋਕ ਅਤੇ ਨਾ ਮਹਾਂਰਿਸ਼ੀ ਹੀ ਜਾਣਦੇ ਹਨ ਕਿਉਂਕਿ ਮੈਂ ਸਭ ਦੇਵਤਿਆਂ ਤੇ ਮਹਾਂਰਿਸ਼ੀਆਂ ਦਾ ਆਦਿ ਕਾਰਨ ਹਾਂ।

3. ਅਤੇ ਜੋ ਮੈਨੂੰ ਅਜਨਮਾ ਅਤੇ ਅਨਾਦਿ ਤਥਾ ਲੋਕਾਂ ਦਾ ਮਹਾਨ ਈਸ਼ਵਰ ਤਤ੍ਵ ਤੋਂ ਜਾਣਦਾ ਹੈ ਉਹ ਮਨੁੱਖਾਂ ਵਿਚ ਗਿਆਨਵਾਨ ਪੁਰਸ਼ ਸੰਪੂਰਨ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।

ਕ੍ਰਿਸ਼ਨ ਜੀ ਦੇ ਡੂੰਘੇ ਬਚਨ ਹੌਲੀ ਹੌਲੀ ਅਰਜਨ ਦੇ ਸ਼ੰਕੇ ਦੂਰ ਕਰਦੇ ਹਨ, ਦੈਵੀ ਗੁਰੂ ਦਾ ਹਿਰਦਾ ਇਕ ਮਾਂ ਦੀ ਤਰ੍ਹਾਂ ਹੁੰਦਾ ਹੈ ਜਿਹੜੀ ਸਦਾ ਬੱਚੇ ਦਾ ਭਲਾ ਹੀ ਲੋਚਦੀ ਹੈ, ਪਰਮ ਸਤਿ ਦਸਦਿਆਂ ਕ੍ਰਿਸ਼ਨ ਜੀ ਦਸਦੇ ਹਨ ਕੇ ਦੇਵਤੇ ਵੀ ਪ੍ਰਮਾਤਮਾ ਨੂੰ ਨਹੀਂ ਜਾਣਦੇ, ਰਿਸ਼ੀ ਮੁਨੀ ਵੀ ਉਸ ਪਰਮ ਸ਼ਕਤੀ ਪ੍ਰਮਾਤਮਾ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ। ਦੇਵਤੇ ਤੇ ਰਿਸ਼ੀ ਮੁਨੀ ਪ੍ਰਮਾਤਮਾ ਤੋਂ ਹੀ ਪੈਦਾ ਹੁੰਦੇ ਹਨ, ਪ੍ਰਮਾਤਮਾ ਸਭ ਦਾ ਪਿਤਾ ਹੈ, ਦੇਵਤਿਆ ਤੇ ਰਿਸ਼ੀਆਂ ਮੁਨੀਆਂ ਦਾ ਵੀ ਪਿਤਾ ਹੈ, ਇਹ ਸਭ ਪ੍ਰਮਾਤਮਾ ਦੇ ਬੱਚੇ ਹਨ। ਪ੍ਰਮਾਤਮਾ ਆਪਣੀ ਪੂਰੀ ਸ਼ਾਨ ਨਾਲ ਦੇਵਤਿਆਂ ਰਿਸ਼ੀਆਂ ਮੁਨੀਆਂ ਤੋਂ ਪਹਿਲੇ ਵੀ ਸੀ ਕਿਉਂਕਿ ਉਹ ਆਦਿ ਤੋਂ ਹੈ। ਦੇਵਤੇ ਤੇ ਰਿਸ਼ੀ ਮੁਨੀ ਵੀ ਪ੍ਰਮਾਤਮਾ ਦੀ ਅਰਾਧਨਾ ਨੂੰ ਨਹੀਂ ਜਾਣ ਸਕੇ। ਜਿਹੜਾ ਪ੍ਰਮਾਤਮਾ ਦੇ ਸਤਿ ਨੂੰ ਜਾਣਦਾ ਹੈ, ਉਹ ਇਹ ਜਾਣਦਾ ਹੈ ਕਿ ਪਰਮ ਸਤ ਪ੍ਰਮਾਤਮਾ ਕਦੀ ਜਨਮਿਆ ਨਹੀਂ, ਉਸ ਦਾ ਨਾ ਕੋਈ ਆਦਿ ਹੈ, ਨਾ ਅੰਤ; ਉਹ ਅਨੰਤ ਹੈ, ਸੰਪੂਰਨ ਹੈ। ਉਹ ਨਿਰਲੇਪ ਹੋ ਕੇ ਸਭ ਕੁਝ ਕਰਦਾ ਹੈ ਤੇ ਮਨੁੱਖਾਂ ਦੀ ਅਧਿਆਤਮ ਪ੍ਰਾਪਤੀ ਵਿਚ ਲੱਗਾ ਰਹਿੰਦਾ ਹੈ। ਉਹ ਦਿਆਲੂ ਹੈ, ਕ੍ਰਿਪਾਲੂ ਹੈ, ਕੀੜੀ ਤੱਕ ਦੀ ਉਹ ਰੱਖਿਆ ਕਰਦਾ ਹੈ। ਇਸ ਸਤਿ ਨੂੰ ਜਾਣ ਕੇ ਜਗਿਆਸੂ ਵੀ ਨਿਸੁਆਰਥ ਹੋ ਕੇ ਜੀਵਨ ਜੀਉਂਦਾ ਹੈ ਅਤੇ ਨਿਰਬਲਾਂ ਦੀ ਸਹਾਇਤਾ ਕਰਦਾ ਹੈ। ਜਿਹੜਾ ਨਿਸੁਆਰਥ ਹੋ ਕੇ ਕੰਮ ਕਰਦਾ ਹੈ, ਉਹ ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ, ਉਹ ਪਵਿੱਤਰ ਤੇ ਸੁਤੰਤਰ ਹੋ ਜਾਂਦਾ ਹੈ।

4, 5. ਅਤੇ ਹੇ ਅਰਜਨ ਨਿਸ਼ਚਾ ਕਰਨ ਦੀ ਸ਼ਕਤੀ ਅਤੇ ਤਤ੍ਵ ਗਿਆਨ ਅਤੇ ਅਮੂੜਤਾ, ਖਿਮਾ, ਸਤਯ ਅਤੇ ਇੰਦ੍ਰੀਆਂ ਨੂੰ ਵਸ ਵਿਚ ਕਰਨਾ ਅਤੇ ਮਨ ਦਾ ਨਿਗ੍ਰਹਿ ਤਥਾ ਸੁਖ ਦੁਖ, ਉਤਪਤਿ ਅਤੇ ਪਰਲੋ ਏਵੰ ਭੈ ਅਤੇ ਅਭੈ ਭੀ। ਅਹਿੰਸਾ, ਸਮਤਾ, ਸੰਤੋਖ, ਤਪ (ਸਧਰਮ ਦੇ ਆਚਰਣ ਤੋਂ ਇੰਦ੍ਰੀਆਂ ਆਦਿਕਾਂ ਨੂੰ ਸ਼ੁਧ ਕਰਨ ਦਾ ਨਾਮ ਤਪ ਹੈ) ਦਾਨ, ਕੀਰਤੀ, ਅਪਕੀਰਤੀ ਅਜਿਹੇ ਪ੍ਰਾਣੀਆਂ ਨੂੰ ਨਾਨਾ ਪ੍ਰਕਾਰ ਦੇ ਭਾਵ ਮੈਥੋਂ ਹੀ ਹੁੰਦੇ ਹਨ।

6. ਅਤੇ ਹੇ ਅਰਜਨ! ਸੱਤ ਤਾਂ ਮਹਾਂਰਿਸ਼ੀ ਜਨ ਅਤੇ ਚਾਰ ਉਨ੍ਹਾਂ ਤੋਂ ਭੀ ਪਹਿਲਾਂ ਹੋਣ ਵਾਲੇ ਸਨਕਾਦਿਕ ਤਥਾ ਸਾਯੰਭੁਵ ਆਦਿ ਚੌਦਾਂ ਰਤਨ ਇਹ ਮੇਰੇ ਭਾਵ ਵਾਲੇ ਸਭ ਦੇ ਸਭ, ਮੇਰੇ ਸੰਕਲਪ ਤੋਂ ਉਤਪੰਨ ਹੋਏ ਹਨ ਕਿ ਜਿਨ੍ਹਾਂ ਦੀ ਸੰਸਾਰ ਵਿਚ ਇਹ ਸੰਪੂਰਨ ਪਰਜਾ ਹੈ।

7. ਅਤੇ ਜੋ ਪੁਰਸ਼ ਜੋ ਮੇਰੀ ਪਰਮੇਸ਼੍ਵਰ ਰੂਪ ਵਿਭੂਤੀ ਨੂੰ ਅਤੇ ਯੋਗ ਸ਼ਕਤੀ ਨੂੰ ਤਤ੍ਵ ਸੇ ਜਾਣਦਾ ਹੈ ਉਹ ਪੁਰਸ਼ ਨਿਸਚਲ ਧਿਆਨ ਯੋਗ ਦੁਆਰਾ ਮੇਰੇ ਵਿਚ ਹੀ ਏਕੀਭਾਵ ਤੋਂ ਸਥਿਤ ਹੁੰਦਾ ਹੈ ਇਸ ਵਿਚ ਕੁਝ ਭੀ ਸੰਸਾ ਨਹੀਂ ਹੈ।

ਮਨੁੱਖ ਦੇ ਅੰਦਰ ਜਿੰਨੇ ਗੁਣ ਹਨ, ਉਹ ਸਾਰੇ ਅਨੰਤ ਤੋਂ ਹੀ ਜਨਮ ਲੈਂਦੇ ਹਨ, ਪਰੀਪੂਰਨ ਪ੍ਰਮਾਤਮਾ ਤੋਂ ਜਨਮ ਲੈਂਦੇ ਹਨ ਜਿਵੇਂ ਕਿ ਸਪਤ ਰਿਸ਼ੀ, ਚਾਰ ਮੰਨੂ (ਜਿਨ੍ਹਾਂ ਨੇ ਨਿਯਮ ਦਿਤੇ, ਕਾਨੂੰਨ ਵਿਧਾਨ ਦਿਤਾ) ਪ੍ਰਮਾਤਮਾ ਹੀ ਸਾਰੇ ਜੀਵ ਜੰਤੂਆਂ ਦਾ ਜਨਮ ਦਾਤਾ ਹੈ। ਜਿਹੜੀ ਸ਼ਕਤੀ ਸਾਰੇ ਪਰੀਪੂਰਨ ਹੈ ਉਹ ਉਸ ਪ੍ਰਮਾਤਮਾ ਦੀ ਸ਼ਕਤੀ ਹੈ। ਪ੍ਰਮਾਤਮਾ ਦੇ ਸਰਬ ਵਿਆਪਕ ਮਨ ਤੋਂ ਹੀ ਮਨੁੱਖ ਦੀਆਂ ਸਾਰੀਆਂ ਮਾਨਸਿਕ ਸ਼ਕਤੀਆਂ ਨਿਕਲਦੀਆਂ ਹਨ। ਬੁੱਧੀ ਅਤੇ ਗਿਆਨ ਅਨੰਤ ਦੇ ਸਾਗਰ ਤੋਂ ਸਦਾ ਵਹਿਣ ਵਾਲੇ ਦਰਿਆ ਹਨ। ਪ੍ਰਮਾਤਮਾ ਦੀ ਸ਼ਾਨ, ਸ਼ੋਭਾ ਦਾ ਪ੍ਰਗਟਾਵਾ, ਪਸਾਰਾ ਹੀ ਇਨ੍ਹਾਂ ਸ਼ਲੋਕਾਂ ਵਿਚ ਦੱਸਿਆ ਗਿਆ ਹੈ। ਜਿਹੜਾ ਜਗਿਆਸੂ ਇਹ ਜਾਣਦਾ ਹੈ, ਇਸ ਪੱਖੋਂ ਪੂਰੀ ਤਰ੍ਹਾਂ ਸੁਚੇਤ ਹੈ ਕਿ ਸਭ ਕੁਝ ਦਾ ਸ੍ਰੋਤ ਪ੍ਰਮਾਤਮਾ ਆਪ ਹੀ ਹੈ, ਉਹ ਸੰਪੂਰਨ ਹੋ ਜਾਂਦਾ ਹੈ।

ਯੋਗੀ ਉਹ ਹੈ ਜਿਹੜਾ ਪ੍ਰਮਾਤਮਾ ਨਾਲ ਇਕ ਹੈ। ਜਦੋਂ ਯੋਗੀ ਇਹ ਜਾਣ ਲੈਂਦਾ ਹੈ ਕਿ ਖੁਸ਼ੀ, ਸੰਤਾਪ, ਸਫਲਤਾ, ਅਸਫਲਤਾ, ਨਾਮ, ਬਦਨਾਮੀ, ਇਹ ਸਭ ਪ੍ਰਮਾਤਮਾ ਦੇ ਹੀ ਕੀਤੇ ਹੁੰਦੇ ਹਨ, ਧਰਤੀ ਦੇ ਸਾਰੇ ਜੀਵਨ ਉਸ ਦੇ ਬਣਾਏ ਹਨ ਤੇ ਪ੍ਰਮਾਤਮਾ ਦੇ ਹੀ ਥਾਪੇ ਹੋਏ ਹਨ, ਫੇਰ ਉਹ ਹਰ ਹਾਲ ਵਿਚ ਮਨ ਸ਼ਾਂਤ ਰਖਦਾ ਹੈ। ਯੋਗੀ ਲਈ ਇਸ ਵਿਸ਼ਵ ਦਾ ਹਰ ਪਾਸਾ, ਹਰ ਪੱਖ ਪ੍ਰਮਾਤਮਾ ਦਾ ਆਪਣਾ ਪੱਖ ਹੈ। ਜਿਹੜਾ ਵੀ ਪ੍ਰਮਾਤਮਾ ਨਾਲ ਅਭੇਦ ਹੋ ਕੇ ਰਹਿੰਦਾ ਹੈ ਉਹ

ਨਿਰਭੈ ਹੋ ਜਾਂਦਾ ਹੈ।

8. ਮੈਂ ਵਾਸਦੇਵ ਹੀ ਸਾਰੇ ਜਗਤ ਦੀ ਉਤਪਤੀ ਦਾ ਕਾਰਣ ਹਾਂ ਅਤੇ ਮੈਥੋਂ ਹੀ ਸ਼ਕਤੀ ਪ੍ਰਾਪਤ ਕਰਕੇ ਸਭ ਜਗਤ ਚੇਸ਼ਟਾ ਕਰ ਰਿਹਾ ਹੈ ਇਸ ਪ੍ਰਕਾਰ ਤਤ੍ਵ ਸੇ ਸਮਝ ਕੇ ਸ਼ਰਧਾ ਅਤੇ ਭਗਤੀ ਸੇ ਯੁਕਤ ਹੂਆ, ਬੁੱਧੀਮਾਨ ਭਗਤ ਜਨ ਮੈਨੂੰ ਪਰਮੇਸ਼੍ਵਰ ਨੂੰ ਹੀ ਨਿਰੰਤਰ ਭਜਦੇ ਹਨ।

9. ਉਨ੍ਹਾਂ ਦੇ ਮਨ ਮੇਰੇ ਵਿਚ ਹੀ ਰਹਿੰਦੇ ਹਨ, ਚਿੱਤ ਮੇਰੇ ਅੰਦਰ ਹੀ ਰਹਿੰਦਾ ਹੈ, ਮੇਰੇ ਵਿਚ ਹੀ ਉਨ੍ਹਾਂ ਦੇ ਪ੍ਰਾਣ ਵਸਦੇ ਹਨ, ਉਹ ਇਕ ਦੂਸਰੇ ਨੂੰ ਗਿਆਨ ਦਿੰਦੇ ਹਨ, ਸਦਾ ਮੇਰਾ ਹੀ ਕਥਾ ਕੀਰਤਨ ਕਰਦੇ ਹਨ, ਸੰਤੁਸ਼ਟ ਰਹਿੰਦੇ ਹਨ ਤੇ ਸਦਾ ਰਮਣ ਕਰਦੇ ਹਨ।

10. ਜਿਹੜੇ ਸਦਾ ਮੇਰੇ ਨਾਲ ਹੀ ਜੁੜੇ ਰਹਿੰਦੇ ਹਨ, ਮੇਰੇ ਪ੍ਰੇਮ ਵਿਚ ਹੀ ਭਿੱਜੇ ਰਹਿੰਦੇ ਹਨ, ਇਨ੍ਹਾਂ ਨੂੰ ਮੈਂ ਐਸਾ ਬੁਧ ਯੋਗ ਦਿੰਦਾ ਹਾਂ, ਜਿਸ ਨਾਲ ਇਹ ਮੈਨੂੰ ਆ ਮਿਲਦੇ ਹਨ।

11. ਇਨ੍ਹਾਂ ਉਤੇ ਕ੍ਰਿਪਾ ਕਰਨ ਲਈ ਮੈਂ ਇਨ੍ਹਾਂ ਦੇ ਅੰਤਸ਼ਕਰਣ ਵਿਚ ਸਥਿਤ ਹੋ ਕੇ ਇਨ੍ਹਾਂ ਦੇ ਅਗਿਆਨ ਤੋਂ ਉਤਪੰਨ ਹੋਏ ਅੰਧਕਾਰ ਨੂੰ ਪ੍ਰਕਾਸ਼ਮਈ ਤਤ੍ਵ ਗਿਆਨ ਰੂਪ ਦੀਵੇ ਨਾਲ ਦੂਰ ਕਰ ਦਿੰਦਾ ਹਾਂ।

ਪ੍ਰਮਾਤਮਾ ਸਾਰੀ ਸ੍ਰਿਸ਼ਟੀ ਦਾ ਸਰੋਤ ਹੈ। ਸਾਰੇ ਵਿਸ਼ਵ ਵਿਚ ਕੋਈ ਵੀ ਐਸੀ ਚੀਜ਼ ਨਹੀਂ ਜਿਹੜੀ ਪ੍ਰਮਾਤਮਾ ਤੇ ਨਿਰਭਰ ਨਾ ਹੋਵੇ, ਸਾਰੇ ਸੰਸਾਰ ਦਾ ਬਨਾਉਣ ਵਾਲਾ ਪ੍ਰਮਾਤਮਾ ਹੈ। ਇਸ ਸਚਾਈ ਨੂੰ ਜਾਣਦੇ ਹੋਏ ਜਗਿਆਸੂ ਆਪਣਾ ਮਨ ਪ੍ਰਮਾਤਮਾ ਨੂੰ ਸਮਰਪਣ ਕਰਦਾ ਹੈ, ਸਾਰਾ ਜੀਵਨ ਉਸ ਦੇ ਅੱਗੇ ਸਮਰਪਣ ਕਰ ਦਿੰਦਾ ਹੈ। ਉਸ ਸਮਰਪਣ ਨਾਲ ਗਿਆਨ ਪ੍ਰਾਪਤ ਹੁੰਦਾ ਹੈ, ਪ੍ਰਾਪਤ ਕੀਤਾ ਗਿਆਨ ਉਹ ਫੇਰ ਦੂਸਰਿਆਂ ਵਿਚ ਵੰਡਦਾ ਹੈ। ਇਹੋ ਜਿਹਾ ਭਗਤ ਸਦਾ ਪ੍ਰਮਾਤਮਾ ਦੇ ਗੁਣ ਗਾਇਣ ਕਰਦਾ ਹੋਇਆ ਅਨੰਦ ਮਾਣਦਾ ਹੈ। ਜਿਹੜਾ ਜਗਿਆਸੂ ਸਦਾ ਯੋਗਾ ਅਭਿਆਸ ਕਰਦਾ ਹੈ, ਉਹ ਗਿਆਨ ਪ੍ਰਾਪਤ ਕਰ ਹੀ ਲੈਂਦਾ ਹੈ, ਉਹ ਸਦਾ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ, ਸ਼ੁਧ ਗਿਆਨ ਜਿਹੜਾ ਉਸ ਨੂੰ ਪ੍ਰਾਪਤ ਹੁੰਦਾ ਹੈ ਉਸ ਦਾ ਸਾਰਾ ਅਗਿਆਨ ਖਤਮ ਕਰ ਦਿੰਦਾ ਹੈ ਤੇ ਜਗਿਆਸੂ ਲਈ ਕੁਝ ਵੀ ਪ੍ਰਾਪਤ ਕਰਨਾ ਔਖਾ ਨਹੀਂ ਰਹਿੰਦਾ, ਜੋ ਜਗਿਆਸੂ ਚਾਹੇ ਉਹ ਪ੍ਰਾਪਤ ਕਰ ਸਕਦਾ ਹੈ।

ਜਿਸਨੂੰ ਪ੍ਰਮਾਤਮਾ ਤੇ ਪੂਰਾ ਭਰੋਸਾ ਹੈ, ਪੂਰਾ ਵਿਸ਼ਵਾਸ਼ ਹੈ, ਨਿਸ਼ਠਾ ਹੈ ਉਹ ਸਦਾ ਨਿਰਭੈ ਰਹਿੰਦਾ ਹੈ ਤੇ ਉਹ ਪ੍ਰਮਾਤਮਾ ਦਾ ਪਵਿੱਤਰ ਉਦੇਸ਼ ਲੈ ਕੇ ਚਲਦਾ ਹੈ। ਉਸ ਨੇ ਸਾਰਾ ਜੀਵਨ ਪ੍ਰਮਾਤਮਾ ਨੂੰ ਸਮਰਪਣ ਕਰ ਦਿਤਾ ਹੁੰਦਾ ਹੈ ਤੇ ਉਹ ਬੜੀ ਖੁਸ਼ੀ ਖੁਸ਼ੀ ਪ੍ਰਮਾਤਮਾ ਦਾ ਉਦੇਸ਼ ਪੂਰਨ ਕਰਦਿਆਂ ਕਾਲ ਨੂੰ ਵੀ ਆਪਣਾ ਆਪ ਸਮਰਪਣ ਕਰ ਦਿੰਦਾ ਹੈ, ਉਹ ਧਰਤੀ ਤੇ ਨਿਰਭੈ ਹੋ ਕੇ ਚਲਦਾ ਹੈ ਤੇ ਇਹੋ ਹੀ ਸੰਦੇਸ਼ ਦੂਸਰਿਆਂ ਨੂੰ ਦਿੰਦਾ ਹੈ। ਇਸ ਗਿਆਨ ਨੂੰ ਵੰਡਣਾ ਉਸ ਦਾ ਜੀਵਨ ਮਨੋਰਥ ਬਣ ਜਾਂਦਾ ਹੈ। ਉਹ ਪ੍ਰਮਾਤਮਾ ਦਾ ਦਿਤਾ ਗਿਆਨ ਬੜੇ ਹੀ ਸਰਲ ਤਰੀਕੇ ਨਾਲ ਆਪਣੀ ਡਿਊਟੀ ਸਮਝ ਕੇ ਦੂਸਰਿਆਂ ਨੂੰ ਵੰਡਦਾ ਹੈ। ਜਿਥੇ ਵੀ ਉਹ ਜਾਂਦਾ ਹੈ, ਉਹ ਪ੍ਰਮਾਤਮਾ ਦੇ ਹੀ ਗੁਣ ਗਾਣ ਕਰਦਾ ਰਹਿੰਦਾ ਹੈ ਜਿਸ ਨਾਲ ਉਸ ਨੂੰ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ। ਜਿਸ ਨੇ ਮਨ ਬਚਨ ਕਰਮ ਪ੍ਰਮਾਤਮਾ ਨੂੰ ਅਰਪਣ ਕੀਤੇ ਹੋਣ, ਉਹ ਸਦਾ ਹੀ ਭਰਪੂਰ ਰਹਿੰਦਾ ਹੈ। ਇਸ ਤਰ੍ਹਾਂ ਦੇ ਮਨੁੱਖ ਨੂੰ ਸਥਾਈ ਯੋਗੀ ਕਹਿੰਦੇ ਹਨ। ਜੀਵਨ ਵਿਚ ਭਾਵੇਂ ਕੁਝ ਵੀ ਕਿਉਂ ਨਾ ਹੋ ਜਾਏ ਉਸ ਦੀ ਸਾਧਨਾ ਕਦੇ ਵੀ ਭੰਗ ਨਹੀਂ ਹੁੰਦੀ। ਉਸ ਦੇ ਜੀਵਨ ਦਾ ਪ੍ਰੇਮ ਪ੍ਰਮਾਤਮਾ ਹੈ, ਉਸ ਦਾ ਮਨ ਤੇ ਹਿਰਦਾ ਸਦਾ ਪ੍ਰਮਾਤਮਾ ਦੇ ਪ੍ਰੇਮ ਵਿਚ ਹੀ ਡੁੱਬਿਆ ਰਹਿੰਦਾ ਹੈ, ਉਹ ਸਦਾ ਹੀ ਸਾਧਨਾ ਵਿਚ ਰਹਿੰਦਾ ਹੈ। ਸਾਧਨਾ ਹੀ ਉਸ ਦਾ ਜੀਵਨ ਬਣ ਜਾਂਦੀ ਹੈ। ਜਿਸ ਨੇ ਇਹ ਬ੍ਰਹਮ ਗਿਆਨ ਯੋਗ ਪ੍ਰਾਪਤ ਕਰ ਲਿਆ ਉਹ ਸਦਾ ਹੀ ਪ੍ਰਮਾਤਮਾ ਨਾਲ ਇਕ ਹੋ ਕੇ ਰਹਿੰਦਾ ਹੈ, ਉਸ ਤੇ ਪ੍ਰਮਾਤਮਾ ਦੇ ਪ੍ਰੇਮ ਦੀ ਸਥਾਈ ਕ੍ਰਿਪਾ ਰਹਿੰਦੀ ਹੈ। ਇਹੋ ਜਿਹੇ ਯੋਗੀ ਦੇ ਮਨ ਤੇ ਚਿੱਤ ਵਿਚ ਸਦਾ ਹੀ ਪ੍ਰਮਾਤਮਾ ਨਿਵਾਸ ਰਖਦਾ ਹੈ ਕਿਉਂਕਿ ਉਸ ਕੋਲ ਨਿਰੋਲ ਗਿਆਨ ਹੈ ਜਿਸ ਕਾਰਨ ਅਗਿਆਨ ਦੀ ਕੋਈ ਜਗ੍ਹਾ ਹੀ ਨਹੀਂ।

**L L L L L L**

## ਬਾਬਾ ਜੀ ਨੂੰ ਕੋਠੀ ਵਿਚ ਮਿਲਣ ਲਈ ਸਮਾਂ ਵੰਡ

**1. ਚੰਡੀਗੜ੍ਹ, ਮੋਹਾਲੀ ਅਤੇ ਪਿੰਡਾਂ ਦੀ ਸੰਗਤ ਲਈ –**
ਹਰ ਸ਼ਨਿਚਰਵਾਰ ਸਵੇਰੇ 9 ਵਜੇ ਤੋਂ 10 ਵਜੇ ਤਕ

**2. ਪੰਜਾਬ ਅਤੇ ਦੂਰੋਂ ਆਉਣ ਵਾਲੀ ਸੰਗਤ ਲਈ –**

ਹਰ ਬੁੱਧਵਾਰ ਟੈਲੀਫੋਨ ਤੇ ਸਮਾਂ ਨੀਯਤ ਕਰਕੇ ਹੀ

**3. ਵਿਦੇਸ਼ਾਂ ਤੋਂ ਆਉਣ ਵਾਲੇ ਪ੍ਰੇਮੀ –** ਸੋਮਵਾਰ ਤੋਂ ਸ਼ੁਕਰਵਾਰ ਟੈਲੀਫੋਨ ਤੇ ਸਮਾਂ ਨਿਯੁਕਤ ਕਰਕੇ ਹੀ

**4. ਹਰ ਐਤਵਾਰ – ਸੰਗਰਾਂਦ, ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ 12 ਵਜੇ ਤੋਂ 5 ਵਜੇ ਸ਼ਾਮ ਤਕ**

ਬਚਨ ਕੇਵਲ ਰੂਹਾਨੀ ਕੀਤੇ ਜਾਣਗੇ, ਹੋਰ ਬਚਨ ਕਰਨ ਦੀ ਸਖਤ ਮਨਾਹੀ ਹੈ

***ਪ੍ਰਬੰਧਕ***
***ਬਾਬਾ ਜੀ ਦੇ ਹੁਕਮ ਨਾਲ***

# ਸਨੇਹੀਆਂ ਦਾ ਪੰਨਾ

ਜਿਥੋਂ ਤਕ ਮੇਰੀ ਯਾਦ ਜਾਂਦੀ ਹੈ ਬਹੁਤ ਸਮੇਂ ਤੋਂ ਮੈਂ ਆਪਣੇ ਸਹਿਯੋਗੀ ਸਾਥੀਆਂ ਨਾਲ ਸੰਪਰਕ ਨਹੀਂ ਰੱਖ ਸਕਿਆ ਕਿਉਂਕਿ ਗੁਰੂ ਮਹਾਰਾਜ ਜੀ ਦੇ ਹੁਕਮ ਵਿਚ ਪਿਛਲੀ 1999 ਜਨਵਰੀ ਤੋਂ ਮੇਰੀ ਸਿਹਤ ਖਰਾਬ ਹੋਣੀ ਸ਼ੁਰੂ ਹੋ ਗਈ ਸੀ। ਮੈਂ ਆਤਮ ਮਾਰਗ ਦੇ ਦਫਤਰ ਵੀ ਘੱਟ ਹੀ ਆਇਆ ਅਤੇ ਗੁਰਦੁਆਰਾ ਸਾਹਿਬ ਦੀ ਬਣ ਰਹੀ ਬਿਲਡਿੰਗ ਦੀ ਉਸਾਰੀ ਵੀ ਬਹੁਤ ਘੱਟ ਨੇੜਿਓਂ ਹੋ ਕੇ ਦੇਖੀ, ਬੁਨਿਆਦ ਤਾਂ 26 ਜਨਵਰੀ 1999 ਨੂੰ ਰਖਾ ਦਿਤੀ ਸੀ ਪਰ ਛੇਤੀਂ ਹੀ ਕੁਝ ਸਿਹਤ ਦੀਆਂ ਤਰੁੱਟੀਆਂ ਨੇ ਮੇਰੇ ਨਿਤ ਦੇ ਕਰਮ ਵਿਚ ਫਰਕ ਪਾ ਦਿਤਾ, ਮੈਂ ਘਰੋਂ ਚਲ ਕੇ ਕਾਰ ਵਿਚ ਹੀ ਘੁੰਮ ਕੇ ਮੁੜ ਜਾਇਆ ਕਰਦਾ ਸਾਂ ਅਤੇ ਕਾਰ ਵਿਚੋਂ ਘੱਟ ਹੀ ਉਤਰਿਆ ਕਰਦਾ ਸੀ। ਪਿਛਲੇ ਅਪ੍ਰੈਲ ਤੋਂ ਦਿਲ ਦੀ ਬਿਮਾਰੀ ਜ਼ਿਆਦਾ ਹੀ ਵਧ ਗਈ, ਬਾਰ-ਬਾਰ ਜੀਭ ਥੱਲੇ ਦਵਾਈ ਰੱਖਣੀ ਪੈਂਦੀ ਸੀ ਅਤੇ ਸਪਰੇਅ ਵੀ ਕਰਨੀ ਪੈਂਦੀ ਸੀ। 6 ਅਗਸਤ 1999 ਨੂੰ ਮੈਂ ਗੁਰਦੁਆਰਾ ਸਾਹਿਬ ਆਇਆ ਹੋਇਆ ਸੀ ਅਚਾਨਕ ਬੀਮਾਰ ਹੋ ਗਿਆ ਮੈਂ ਹਰ ਰੋਜ਼ ਜੋ ਦਵਾਈ ਲੈਂਦਾ ਸੀ ਉਸਦਾ ਵੀ ਕੋਈ ਅਸਰ ਨਾ ਹੋਇਆ। 6 ਅਗਸਤ ਸ਼ਾਮ ਦੇ ਵੇਲੇ ਮੈਂ ਪੀ.ਜੀ.ਆਈ ਜਾਣ ਲਈ ਕਿਹਾ, ਉਥੇ ਉਨ੍ਹਾਂ ਨੇ ਐਮਰਜੈਂਸੀ 'ਚ ਬਹੁਤ ਚੰਗੀ ਤਰ੍ਹਾਂ ਦੇਖਭਾਲ ਕੀਤੀ ਅਤੇ ਰਾਤ ਨੂੰ ਮੈਨੂੰ ਇਕ ਕਮਰਾ ਦੇ ਦਿਤਾ। E.C.G ਆਦਿ ਦੀਆਂ ਮਸ਼ੀਨਾਂ ਫਿੱਟ ਕਰ ਦਿਤੀਆਂ, ਡਾਕਟਰ ਜਗਮੋਹਨ ਜੀ ਜੋ heart specialist ਹਨ ਅਤੇ ਹੈਡ ਹਨ ਉਨ੍ਹਾਂ ਨੇ ਮੈਨੂੰ ਸਵੇਰੇ ਹੀ ਕਿਹਾ ਕਿ ਬਾਬਾ ਜੀ, ਹਾਲਤ ਕੁਝ ਖਤਰਨਾਕ ਲਗ ਰਹੀ ਹੈ। 9 ਅਗਸਤ ਸਵੇਰੇ ਹੀ ਉਨ੍ਹਾਂ ਨੇ ਮੈਨੂੰ ਕਿਹਾ ਕਿ ਰਾਤ ਦੇ ਜੋ ਨਤੀਜੇ ਹਨ ਉਹ ਮੈਂ ਦੁਬਾਰਾ ਦੁਹਰਾਉਣਾ ਨਹੀਂ ਚਾਹੁੰਦਾ ਅਤੇ ਤੁਹਾਡੀ E.C.G ਖਤਰੇ ਦੀ ਨਿਸ਼ਾਨੀ ਦੇ ਰਹੀ ਹੈ। ਅਸੀਂ ਕਲ੍ਹ ਨੂੰ, ਮੰਨੋ ਨਾ ਮੰਨੋ ਵੱਡੇ ਹਿਤ ਸਾਮ੍ਹਣੇ ਰਖਦੇ ਹੋਏ ਆਪ ਦਾ ਆਪਰੇਸ਼ਨ ਕਰ ਦੇਣਾ ਹੈ। ਅਸੀਂ ਨਹੀਂ ਚਾਹੁੰਦੇ ਕਿ ਤੁਸੀਂ ਐਨੇ ਡਾਕਟਰਾਂ ਦੇ ਹੁੰਦਿਆਂ ਹੋਇਆਂ ਸਰੀਰ ਛੱਡ ਕੇ ਚਲੇ ਜਾਵੋ। ਮੈਨੂੰ ਵੀ ਕੁਝ ਯਾਦ ਸੀ ਜਦੋਂ ਮੈਨੂੰ ਕੁਝ ਝਟਕੇ ਲੱਗੇ ਸੀ ਮੈਂ ਕਿਹਾ ਕਿ ਆਪਰੇਸ਼ਨ ਤਾਂ ਮੈਂ ਜ਼ਰੂਰ ਕਰਾਵਾਂਗਾ ਪਰ ਮੈਂ ਦਿੱਲੀ ਐਸਕਾਰਟ ਹਾਸਪੀਟਲ ਵਿਚ ਕਰਵਾਵਾਂਗਾ।

ਮੈਂ ਉਸ ਵੇਲੇ ਸ੍ਰੀ ਰਸ਼ਪਾਲ ਮਲਹੋਤਰਾ ਜੀ ਡਾਇਰੈਕਟਰ ਸੈਂਟਰਲ ਰੂਰਲ ਰੀਸਰਚ ਇੰਨਸਟੀਚਿਊਟ ਆਫ਼ ਡੀਵੈਲਪਮੈਂਟ ਨੂੰ ਫੋਨ ਕਰਕੇ ਕਿਹਾ ਕਿ ਜਹਾਜ਼ ਦਾ ਸਪੈਸ਼ਲ ਇੰਤਜ਼ਾਮ ਕੀਤਾ ਜਾਵੇ, ਐਂਬੂਲੈਂਸ ਪੀ.ਜੀ.ਆਈ ਤੋਂ ਏਅਰਪੋਰਟ ਤਕ ਸ਼ਪੈਸਲ ਕੀਤੀ ਗਈ। ਇਕ ਘੰਟੇ ਪਿਛੋਂ ਛੋਟਾ ਜਹਾਜ਼ ਪਹੁੰਚ ਗਿਆ, ਪੰਜ ਡਾਕਟਰ ਅਤੇ ਨਰਸਾਂ ਸਮੇਤ ਪਹਿਲਾਂ ਹੀ ਉਸ ਵਿਚ ਮਸ਼ੀਨਾਂ ਲਾਈਆਂ ਹੋਈਆਂ ਸਨ। ਪਿਆਰ ਵਾਲੀਆਂ ਸੰਗਤਾਂ ਦਾ ਇਕ ਹੜ੍ਹ ਆਇਆ ਹੋਇਆ ਸੀ। ਪੁਲਿਸ ਦਾ ਵੀ ਇੰਤਜ਼ਾਮ ਹੋਇਆ, ਸਾਡੇ ਵੀ ਸਾਰੇ ਸਿੰਘ ਲੱਗੇ ਹੋਏ ਸਨ ਕਿ ਬਾਬਾ ਜੀ ਐਂਬੂਲੈਂਸ ਗੱਡੀ ਤਕ ਕਿਵੇਂ ਪਹੁੰਚ ਜਾਣ, ਸੰਗਤਾਂ ਨੂੰ ਲਾਈਨਾਂ ਲਗਾ ਕੇ ਖੜ੍ਹਾ ਕਰ ਦਿਤਾ ਗਿਆ, ਭੀੜ ਐਨੀ ਸੀ ਕਿ ਲਾਈਨਾਂ ਲੱਗੀਆਂ ਪਈਆਂ ਸੀ, ਜਦੋਂ ਮੈਂ stretcher ਤੇ ਜਾ ਰਿਹਾ ਸੀ ਤਾਂ ਸਭ ਦੇ ਅੱਖਾਂ 'ਚੋਂ ਹੰਝੂ ਜਾ ਰਹੇ ਸਨ ਤੁਹਾਡੇ ਬੀਜੀ ਵੀ ਉਸੇ ਲਾਈਨ ਵਿਚ ਖੜ੍ਹੇ ਸਨ। ਐਂਬੂਲੈਂਸ ਵਿਚ airport ਪਹੁੰਚੇ, ਬੀਜੀ ਨੇ ਆ ਕੇ ਮੇਰੇ ਪੈਰਾਂ ਤੇ ਮੱਥਾ ਟੇਕਿਆ ਅਤੇ ਇਕ ਗੱਲ ਕਹੀ ਕਿ ਜਿਵੇਂ ਤੁਸੀਂ ਜਾ ਰਹੇ ਹੋ ਉਸੇ ਤਰ੍ਹਾਂ ਖੁਸ਼-ਖੁਸ਼ ਵਾਪਸ ਆਇਓ। ਮੇਰਾ ਤਾਂ ਰੱਬ ਹੀ ਰਾਖਾ ਹੈ। ਪਰ ਆਪਣੀ ਸੰਗਤ ਨੂੰ ਬਿਰਹੁੰ ਦੀਆਂ ਗਹਿਰੀਆਂ ਘੁੰਮਣ ਘੇਰੀਆਂ ਵਿਚ ਨਾ ਸੁੱਟ ਜਾਇਓ। ਇਸ ਗੱਲ ਨੇ ਮੇਰੇ ਅੰਦਰ ਵੀ ਭਾਵ ਪੈਦਾ ਕਰ ਦਿਤੇ। ਮੈਂ ਕੋਈ ਪੱਥਰ ਤਾਂ ਹੈ ਨਹੀਂ ਸੀ, ਸਾਰੀ ਜ਼ਿੰਦਗੀ ਪਿਆਰ ਵਿਚ ਜਿਉਂਇਆਂ ਹਾਂ, ਪਿਆਰ ਵਿਚ ਰਹਿ ਕੇ ਹੀ ਜਾਣਾ ਚਾਹੁੰਦਾ ਸੀ, ਅਡੋਲ ਹੀ ਅੱਖਾਂ ਵਿਚੋਂ ਜਲ ਵਹਿ ਤੁਰਿਆ ਅਤੇ ਬਿਨਾਂ ਬੋਲੇ ਹੀ ਤੁਹਾਡੀ ਬੀਜੀ ਨੂੰ ਹੱਥ ਚੁੱਕ ਕੇ ਅਸ਼ੀਰਵਾਦ ਦਿਤਾ। 54 ਮਿੰਟ ਵਿਚ ਮੈਂ ਦਿੱਲੀ ਪਹੁੰਚ ਗਿਆ।

10 ਤਰੀਕ ਨੂੰ ਐਸਕਾਰਟਸ ਹਾਸਪੀਟਲ ਵਿਖੇ ਡਾ. ਤਰੇਹਨ ਅਤੇ ਡਾਕਟਰ ਟੀ. ਐਸ ਕਲੇਰ ਨੇ ਬਹੁਤ ਸਾਵਧਾਨੀ ਨਾਲ ਆਪਰੇਸ਼ਨ ਕੀਤਾ। ਉਥੇ ਡਾਕਟਰ ਐਸ.ਐਸ ਦੱਤਾ ਸਨ ਉਨ੍ਹਾਂ ਨੇ, ਜਦੋਂ ਮੈਨੂੰ ਆਪਰੇਸ਼ਨ ਵਾਸਤੇ ਤਿਆਰ ਕੀਤਾ ਜਾ ਰਿਹਾ ਸੀ ਥੋੜ੍ਹੇ ਜਿਹੇ ਬਚਨ ਮੇਰੇ ਨਾਲ ਕੀਤੇ ਅਤੇ ਬਗੈਰ ਮੈਨੂੰ ਦੱਸੇ ਜਿਥੇ ਖੂਨ ਦਿਤਾ ਜਾ ਰਿਹਾ ਸੀ, ਜਾ ਕੇ ਖੂਨ ਦੇ ਆਏ। ਆਪਰੇਸ਼ਨ ਤੋਂ ਤੀਸਰੇ ਦਿਨ ਮੇਰੇ ਕੋਲ ਆਏ ਉਨ੍ਹਾਂ ਨੇ ਕੋਈ ਰੂਹਾਨੀ ਪ੍ਰਸ਼ਨ ਮੇਰੇ ਉਤੇ ਕਰ ਦਿਤਾ, ਮੈਂ ਅੱਧਾ ਘੰਟਾ ਬੋਲਦਾ ਰਿਹਾ। ਉਸ ਨੇ ਕਿਹਾ ਕਿ ਤੁਸੀਂ ਆਮ ਹਾਲਤ ਨਾਲੋਂ ਤਿੰਨ ਦਿਨ advance recovery ਵਲ ਨੂੰ ਜਾ ਰਹੇ ਹੋਂ। ਮੈਂ ਤੁਹਾਡੀ capacity ਦੇਖਣੀ ਸੀ। ਸੋ ਇਹ ਲੰਮੀ ਗੱਲਬਾਤ ਹੈ।

ਉਸ ਤੋਂ ਬਾਅਦ ਮੈਂ 22 ਦਿਨ ਪਿਛੋਂ ਕੋਠੀ ਆਪਣੇ ਨਿਵਾਸ ਅਸਥਾਨ ਤੇ ਆ ਗਿਆ। ਉਥੇ ਵੀ ਗੈਸ ਮਾਸਕ ਪਹਿਨ ਕੇ ਡਾਕਟਰ ਹੀ ਅੰਦਰ ਆ ਸਕਦੇ ਸੀ। ਸਖਤ ਪਾਬੰਧੀ ਹੋਣ ਕਰਕੇ ਮੈਂ ਇਕੱਲਾ ਹੀ ਆਪਣੀ ਕੋਠੀ ਵਿਚ ਪਿਆ ਰਿਹਾ। ਇਸੇ ਅਰਸੇ ਵਿਚ ਜਦੋਂ ਮੈਂ ਹਸਪਤਾਲ ਵਿਚ ਸੀ ਤਾਂ 22 ਅਗਸਤ ਨੂੰ ਪਤਾ ਲੱਗਿਆ ਕਿ ਮੇਰੀ ਛਾਤੀ ਤੇ ਹਰਪੀਜ਼ (ਜਨੇਊ) ਬਹੁਤ ਬੁਰੀ ਤਰ੍ਹਾਂ ਨਾਲ ਪ੍ਰਗਟ ਹੋ ਗਈ ਹੈ। ਉਸ ਦਾ ਐਨਾ ਦਰਦ ਸੀ ਕਿ ਮੈਂ by pass ਸਰਜਰੀ ਨੂੰ ਬਿਲਕੁਲ ਭੁੱਲ ਗਿਆ, ਉਹ ਮੇਰੇ ਹਰ ਵਕਤ ਯਾਦ ਰਹਿੰਦੀ ਸੀ। ਕਪੜਾ ਪਹਿਨ ਹੀ ਨਹੀਂ ਸੀ ਸਕਦਾ। ਹੋਮਿਓਪੈਥੀ ਦੇ ਇਲਾਜ ਨਾਲ ਵੀ ਕੋਈ ਫਰਕ ਨਾ ਪਿਆ। ਇਸੇ ਸਮੇਂ ਵਿਚ ਮੇਰੇ ਨੋਟਿਸ ਵਿਚ ਆਇਆ ਕਿ ਮੇਰੇ ਗਲ ਵਿਚ ਗਿਲਟੀ ਹੋ ਗਈ ਹੈ। ਉਸ ਨੂੰ ਮੈਂ ਸੁਭਾਵਿਕ ਜਿਹੀ ਹੀ ਜਾਣਿਆ ਅਤੇ ਇਕ ਦਿਨ ਸ੍ਰੀ ਰਸ਼ਪਾਲ ਮਲਹੋਤਰਾ ਜੀ ਮੇਰੀ ਅੱਖ ਚੈਕ ਕਰਾਉਣ ਪੀ.ਜੀ.ਆਈ ਲੈ ਗਏ। ਡਾਕਟਰ ਨੇ ਅੱਖ ਦਾ ਟੈਸਟ ਕਰਕੇ ਜਾਲੀ ਕੱਟ ਦਿਤੀ ਅਤੇ ਮੈਨੂੰ ਬਹੁਤ ਸੋਹਣਾ ਦਿਸਣ ਲਗ ਗਿਆ। ਉਸ ਦਿਨ ਸ਼ਾਇਦ 10 ਸਤੰਬਰ ਹੋਣਾ ਹੈ। ਸ੍ਰੀ

ਰਸ਼ਪਾਲ ਮਲਹੋਤਰਾ ਮੈਨੂੰ ਹੋਰ ਡਾਕਟਰਾਂ ਪਾਸ ਲੈ ਗਏ। ਉਹ ਬਹੁਤ ਹੀ ਭਲੇ ਪੁਰਸ਼ ਸਨ, ਸਾਰੇ ਡਾਕਟਰਾਂ ਨੇ ਬਹੁਤ ਹੀ co-operation ਦਿਤਾ ਅਤੇ ਮੈਨੂੰ ਦੱਸਿਆ ਕਿ ਤੁਹਾਡੇ ਗਲ ਵਿਚ ਕੈਂਸਰ develop ਹੋ ਚੁਕਿਆ ਹੈ। ਇੰਟਰਨੈਟ ਤੇ ਦੁਨੀਆਂ ਭਰ ਦੇ ਡਾਕਟਰਾਂ ਦੀਆਂ, ਬੱਚਿਆਂ ਦੀਆਂ, ਮਿਤਰਾਂ ਦੋਸਤਾਂ, ਸੰਗਤ ਦੀਆਂ ਰਾਇਆਂ ਲਈਆਂ ਗਈਆਂ। ਅਖੀਰ ਇਹ ਫੈਸਲਾ ਹੋਇਆ ਕਿ ਅਮਰੀਕਾ ਆਉਣ ਦੀ ਲੋੜ ਨਹੀਂ, ਇੰਗਲੈਂਡ ਵਿਚ ਹੀ ਇਲਾਜ ਕਰਾਇਆ ਜਾਵੇ ਕਿਉਂਕਿ ਉਹ ਨੇੜੇ ਪੈਂਦਾ ਸੀ। ਪਰ ਮਹਿੰਦਰ ਸਿੰਘ ਗਿੱਲ ਟਰਲੋਕ, (ਕੈਲੇਫੋਰਨੀਆਂ) ਵਾਲੇ ਇਸ ਗੱਲ ਉਪਰ ਬਹੁਤ ਜ਼ੋਰ ਦੇ ਰਹੇ ਸਨ ਕਿ ਤੁਸੀਂ ਸਾਨਫਰਾਂਸਿਸਕੋ ਇਲਾਜ ਕਰਾਓ, ਅਸੀਂ ਸੇਵਾ ਕਰਾਂਗੇ। ਮੈਂ ਬਹੁਤ ਕੁਝ ਵਿਚਾਰ ਕੇ ਇੰਗਲੈਂਡ ਸੁਖਜਿੰਦਰ ਸਿੰਘ ਖੈਰਾ ਦੀ ਰਾਏ ਨਾਲ ਫਰਾਇਰੀ ਹਾਸਪੀਟਲ ਬ੍ਰਹਿਮਿੰਗਮ ਹੀ ਇਲਾਜ ਸ਼ੁਰੂ ਕਰਾ ਦਿਤਾ। ਮਲਹੋਤਰਾ ਜੀ ਨਾਲ ਸਨ, ਮੇਰੀ ਵੱਡੀ ਲੜਕੀ ਬਲਦੇਵ ਵੀ ਨਾਲ ਸੀ। ਉਸ ਡਾਕਟਰ ਨੇ ਲਿੰਮਫੋਮਾ ਲੋਅਰ ਗਰੇਡ declare ਕਰ ਦਿਤਾ। ਡਾਕਟਰ Michal Culon ਇਲਾਜ ਕਰ ਰਹੇ ਸਨ ਉਨ੍ਹਾਂ ਨੇ ਸਭ ਕੁਝ ਦੇਖ ਕੇ ਕਿਹਾ ਕਿ ਕੋਈ problem ਨਹੀਂ ਹੈ You are very lucky ਇਹ ਲੋਅਰ ਗਰੇਡ ਦਾ ਲਿੰਮਫੋਮਾ ਹੈ।

ਇਲਾਜ ਦੌਰਾਨ ਸੰਗਤ ਨੂੰ ਮਿਲਣ ਲਈ ਮੈਨੂੰ KTC Oil ਦੀ ਫੈਕਟਰੀ ਦੇ ਵਿਸ਼ਾਲ ਕਮਰੇ ਵਿਚ ਲੈ ਜਾਇਆ ਜਾਂਦਾ ਸੀਅਤੇ ਉਥੇ ਸੈਂਕੜੇ ਹੀ ਪਿਆਰ ਵਾਲੇ ਇਕੱਠੇ ਹੋ ਜਾਇਆ ਕਰਦੇ ਸਨ। ਡੇਢ ਘੰਟਾ ਬਚਨ ਬਿਲਾਸ ਹੁੰਦੇ, ਫੇਰ ਕਦੇ ਬੈਡਫੋਰਡ, ਕਦੇ ਲਿਸਟਰ, ਕਦੇ ਲੰਡਨ ਬਦਲ ਬਦਲ ਕੇ ਪ੍ਰੋਗਰਾਮ ਰੱਖੇ ਜਾਂਦੇ। ਇਸ ਤਰ੍ਹਾਂ ਕਾਫੀ ਸਮਾਂ ਲੰਘ ਗਿਆ। ਡਾਕਟਰਾਂ ਨੇ ਵੀ ਇਲਾਜ ਦੇ 42 ਦਿਨ ਪੂਰੇ ਕਰ ਲਏ। ਡਾਕਟਰਾਂ ਨੇ regular ਚੈਕਿੰਗ ਅਨਾਊਂਸ ਕਰਕੇ ਕਿਹਾ ਕਿ ਤੁਸੀਂ ਦਵਾਈ 14 ਦਿਨ ਖਾਇਆ ਕਰੋ ਅਤੇ ਜਦੋਂ ਹੋਰ 14 ਦਿਨ ਬਗੈਰ ਖਾਧੇ ਹੋ ਜਾਣ ਤਾਂ ਫੇਰ blood ਟੈਸਟ ਕਰਾਓ। ਉਸ ਸਮੇਂ ਮੈਨੂੰ ਪ੍ਰੇਰਨਾ ਹੋਈ ਕਿ ਮੇਰੇ ਕੋਲ ਇਕ ਮਹੀਨੇ ਵਿਚ 25 ਦਿਨ ਬਗੈਰ ਕਿਸੇ ਰੁਝੇਵੇਂ ਤੋਂ ਹਨ, ਅਮਰੀਕਾ ਤੋਂ ਆਉਣ ਵਾਲੇ ਟੈਲੀਫੂਨਾਂ ਵਿਚ ਬਹੁਤ ਜ਼ਿਆਦਾ ਬੇਨਤੀਆਂ ਕੀਤੀਆਂ ਜਾਂਦੀਆਂ ਸਨ ਕਿ ਅਮਰੀਕਾ, ਕੈਨੇਡਾ ਵਿਚ ਪ੍ਰਚਾਰ ਦੌਰਾ ਛੇਤੀਂ ਆਰੰਭ ਕਰ ਦਿਤਾ ਜਾਵੇ। ਇਥੇ ਇੰਗਲੈਂਡ ਵਾਲੇ ਬਹੁਤ ਜ਼ਿਆਦਾ ਜ਼ੋਰ ਪਾ ਰਹੇ ਸੀ ਪਰ ਮੇਰੇ ਕੋਲ ਕੈਨੇਡਾ ਤੋਂ ਯੂ.ਐਸ.ਏ ਦਾ ਵੀਜ਼ਾ ਨਹੀਂ ਸੀ ਇਸ ਸਬੰਧ ਵਿਚ ਮੈਨੂੰ ਭਾਰਤ ਵਾਪਸ ਆਉਣਾ ਪਿਆ। ਇਥੇ ਆ ਕੇ ਇਨ੍ਹਾਂ ਦੇਸ਼ਾਂ ਦਾ ਜਥੇ ਸਮੇਤ ਵੀਜ਼ਾ ਲੈ ਲਿਆ। ਮੈਂ ਆਪਣਾ ਸਫਰ ਇੰਗਲੈਂਡ ਵਿਚ ਆ ਕੇ ਪੂਰਾ ਕੀਤਾ। ਜਥਾ ਅਮਰੀਕਾ ਚਲਿਆ ਗਿਆ ਸੀ ਅਤੇ ਮੈਂ ਇੰਗਲੈਂਡ ਖੂਨ ਟੈਸਟ ਕਰਾ ਕੇ ਡਾਕਟਰ ਦੀ ਰਾਏ ਨਾਲ ਕੁਝ ਦਿਨਾਂ ਪਿਛੋਂ ਅਮਰੀਕਾ ਪਹੁੰਚ ਗਿਆ। ਉਥੇ ਜੋ ਪ੍ਰੋਗਰਾਮ ਚੱਲੇ ਉਹ ਬਹੁਤ ਹੀ ਸ਼ਲਾਘਾਯੋਗ ਸਨ ਕਿਉਂਕਿ ਕੈਨੇਡਾ, ਅਮਰੀਕਾ ਵਾਸੀਆਂ ਨੇ ਭਰਪੂਰ ਸਹਿਯੋਗ ਦਿਤਾ, ਐਨਾ ਪਿਆਰ ਦਿਤਾ ਕਿ ਮੈਨੂੰ ਲਗਦਾ ਸੀ ਕਿ ਮੈਂ ਤਾਂ ਇਥੇ ਜੋਗਾ ਹੀ ਹੋ ਗਿਆ ਹਾਂ। ਇਨ੍ਹਾਂ ਪ੍ਰੋਗਰਾਮਾਂ ਦੇ ਪ੍ਰਚਾਰ ਦੌਰੇ ਬਾਰੇ ਲਿਖਣਾ ਜਾਰੀ ਰਹੇਗਾ ਤਾਂ ਕਿ ਪੂਰੀ ਤਰ੍ਹਾਂ ਨਾਲ ਦਸਿਆ ਜਾ ਸਕੇ।

ਇਹ ਤਾਂ ਇਕ ਪੱਖ ਸੀ। ਦੂਸਰਾ ਪੱਖ ਬਹੁਤ ਹੀ ਖਿਚਾਂ ਭਰਿਆ ਸੀ ਅਸਥਾਨ ਦੀਆਂ ਸੰਗਤਾਂ ਬਹੁਤ ਹੀ ਉਦਾਸ ਸਨ, ਮੈਂ ਇਨ੍ਹਾਂ ਨੂੰ ਕਿਹਾ ਕਿ ਵਾਰਸ਼ਕ ਸਮਾਗਮ ਜੋ ਅਕਤੂਬਰ ਵਿਚ ਮਨਾਇਆ ਜਾਂਦਾ ਹੈ ਉਹ ਜ਼ਰੂਰ ਮਨਾ ਲਓ ਪਰ ਉਸ ਸਮਾਗਮ ਦੇ ਪ੍ਰਬੰਧ ਬਹੁਤ ਵੱਡੇ ਹਨ। ਜੇ ਕਹੋ ਕਿ ਪੰਜਾਬ ਵਿਚ ਇਹੋ ਇਕੋ ਇਕ ਸਮਾਗਮ ਬਹੁਤ ਵੱਡਾ ਹੈ ਲੱਖਾਂ ਦੀ ਗਿਣਤੀ ਵਿਚ ਨਿਯਮਬੱਧ ਵਿਚਾਰਾਂ ਤੇ ਕਥਾ ਕੀਰਤਨ ਸੁਣਨ ਲਈ ਸੰਗਤਾਂ ਇਕੱਤਰ ਹੁੰਦੀਆਂ ਹਨ। ਇਹ ਕੋਈ ਅਥਕਥਨੀ ਨਹੀਂ ਹੈ। 40 ਵੱਡੀਆਂ ਲੋਹਾਂ ਉਪਰ ਪ੍ਰਸ਼ਾਦੇ ਲਗਾਤਾਰ ਲਹਿੰਦੇ ਹਨ, ਇਕ ਦਿਨ ਵਿਚ 3200 ਬੀਬੀਆਂ ਪ੍ਰਸ਼ਾਦੇ ਲਾਹੁਣ ਦੀ ਸੇਵਾ ਕਰਦੀਆਂ ਹਨ। ਇਸੇ ਤਰ੍ਹਾਂ ਬਹੁਤ ਵੱਡਾ ਪ੍ਰਬੰਧ ਹੋਣ ਕਰਕੇ ਸੰਗਤ ਨੇ ਇਹੀ ਫੈਸਲਾ ਕੀਤਾ ਕਿ ਇਸ ਵਾਰੀ ਇਹ ਪ੍ਰੋਗਰਾਮ cancel ਕਰ ਦਿਤਾ ਜਾਵੇ ਅਤੇ ਜਦੋਂ ਬਾਬਾ ਜੀ ਪੂਰੀ ਤਰ੍ਹਾਂ ਸਵੱਸਥ ਹੋ ਕੇ ਆਉਣ ਉਸ ਵੇਲੇ ਅਗਲੇ ਸਾਲ ਮਨਾਇਆ ਜਾਵੇ।

3 ਮਈ 2000 ਨੂੰ ਵਾਪਸ ਭਾਰਤ ਪਰਤਦਿਆਂ ਹੀ ਮੈਂ ਸੰਗਤ ਦੇ ਭਾਰੀ ਇਕੱਠ ਵਿਚ ਜੋ ਮੇਰੀ ਉਡੀਕ ਵਿਚ ਅਸਥਾਨ ਤੇ ਇਕੱਠੀ ਹੋਈ ਹੋਈ ਸੀ ਉਸ ਵਿਚ ਰਾਏ ਕਰਕੇ ਦੱਸ ਦਿਤਾ ਕਿ ਇਸ ਵਾਰੀ ਸਮਾਗਮ ਜ਼ਰੂਰ ਮਨਾਇਆ ਜਾਵੇਗਾ। ਗੁਰੂ ਮਹਾਰਾਜ ਜੀ ਕ੍ਰਿਪਾ ਕਰਨ ਤਾਂ ਆਪਾਂ ਫੇਰ ਇਕੱਠੇ ਹੋ ਕੇ ਆਪਣੀ ਵਿਚਾਰ ਲੜੀ ਨੂੰ ਵਧਾਵਾਂਗੇ। ਦੂਸਰਾ ਮੈਨੂੰ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਯੂਰਪ, ਆਸਟਰੇਲੀਆ ਸਮੇਤ ਬਾਰ-ਬਾਰ ਤਾਕੀਦ ਕੀਤੀ ਜਾਂਦੀ ਸੀ ਕਿ ਇਸ ਵਾਰੀ ਸਮਾਗਮ ਜ਼ਰੂਰ ਮਨਾਉਣਾ ਹੈ। ਬਾਹਰਲੀਆਂ ਸੰਗਤਾਂ ਦਾ ਉਤਸ਼ਾਹ ਦੇਖ ਕੇ ਮੈਂ ਵੀ ਇਹ ਫੈਸਲਾ ਕੀਤਾ ਕਿ ਵਾਹਿਗੁਰੂ ਜੀ ਨੇ ਚਾਹਿਆ ਤਾਂ ਸਮਾਗਮ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਮੈਨੂੰ ਪ੍ਰਦੇਸ ਤੋਂ ਵਾਪਸ ਆਉਣ ਵੇਲੇ ਲੈਣ ਆਉਣ ਵਾਲੇ, ਸਾਰੇ ਪ੍ਰੇਮੀ ਇਕ ਵਿਸ਼ੇਸ਼ ਇਕੱਠ ਵਿਚ ਵੱਡੇ ਸ਼ੈਡ ਵਿਚ ਸਸ਼ੋਭਤ ਸਨ ਉਸ ਵਿਚ ਮੈਂ ਦੱਸਿਆ ਕਿ 29, 30 ਸਤੰਬਰ ਅਤੇ 1, 2 ਅਕਤੂਬਰ ਨੂੰ ਇਹ ਪ੍ਰੋਗਰਾਮ ਚਾਰ ਦਿਨ ਵਾਸਤੇ ਹੋਵੇਗਾ ਅਤੇ ਇਸ ਉਪਰ ਬਹੁਤ ਵੇਰਵੇ ਸਹਿਤ ਵਿਚਾਰ ਕਰਨ ਵਾਸਤੇ 15 ਜੂਨ 2000 ਨੂੰ ਸਾਰੇ ਭਾਰਤ ਵਰਸ਼ ਵਿਚੋਂ ਇਕ ਵੱਡੀ ਮੀਟਿੰਗ ਬੁਲਾਈ ਜਾਣੀ ਨਿਯਤ ਹੋਈ ਹੈ। ਇਸ ਵਿਚ ਤਕਰੀਬਨ 350 ਆਈਟਮਾਂ ਜੋ ਸਮਾਗਮ ਨਾਲ ਸਬੰਧ ਰਖਦੀਆਂ ਹਨ ਉਨ੍ਹਾਂ ਉਪਰ ਘੰਟਿਆਂ ਬੱਧੀ ਵਿਚਾਰ ਹੁੰਦੀ ਹੈ ਅਤੇ ਕੰਮ ਵੰਡ ਦਿਤੇ ਜਾਂਦੇ ਹਨ। ਸਾਡੇ ਪਾਸ ਸਿਰਫ ਤਿੰਨ ਮਹੀਨੇ ਦਾ ਸਮਾਂ ਬਚਿਆ ਹੁੰਦਾ ਹੈ ਉਸੇ ਵਿਚ ਸਾਰੀ ਲਿਖਾ ਪੜ੍ਹੀ ਅਤੇ ਹੋਰ ਪ੍ਰਬੰਧ ਕੀਤੇ ਜਾਂਦੇ ਹਨ।

ਜੋ ਸੁਨੇਹਾ ਮੈਂ ਤੁਹਾਨੂੰ ਸਨੇਹੀਆਂ ਦੇ ਪੰਨੇ ਵਿਚ ਦੇਣਾ ਚਾਹੁੰਦਾ ਹਾਂ ਉਸਨੂੰ ਧਿਆਨ ਨਾਲ ਪੜ੍ਹੋ ਅਤੇ ਬਗੈਰ ਕਿਸੇ ਘੌਲ ਕਰਨ ਤੋਂ ਅਸਾਨੂੰ ਆਪਣੇ ਫੈਸਲੇ ਤੋਂ ਜਾਣੂੰ ਕਰਾਓ

ਕਿਉਂਕਿ ਮੈਨੂੰ ਅਮਰੀਕਾ ਕੈਨੇਡਾ ਵਿਚ ਕਿਹਾ ਗਿਆ ਸੀ ਕਿ ਅਸਾਨੂੰ ਹਵਾਈ ਸਫਰ ਲਈ ਹਵਾਈ ਜਹਾਜ਼ਾਂ ਵਿਚ ਸੀਟਾਂ ਬੁੱਕ ਕਰਾਉਣ ਵਿਚ ਮੁਸ਼ਕਿਲ ਹੁੰਦੀ ਹੈ ਇਸ ਕਰਕੇ ਸਾਨੂੰ ਛੇਤੀਂ ਤੋਂ ਛੇਤੀਂ ਸਮਾਗਮ ਦੀਆਂ ਤਰੀਕਾਂ ਭੇਜ ਦੇਵੋ। ਇਥੇ ਦੇ ਪ੍ਰਬੰਧਕਾਂ ਵਿਚ ਉਤਸ਼ਾਹ ਹੁੰਦਾ ਹੈ ਕਿ ਜੇ ਘੱਟੋ ਘੱਟ ਅਸੀਂ ਉਹ ਸਹੂਲਤਾਂ ਜੋ ਤੁਹਾਨੂੰ ਅਮਰੀਕਾ ਵਿਚ ਪ੍ਰਾਪਤ ਹਨ ਨਹੀਂ ਵੀ ਦੇ ਸਕਦੇ ਤਾਂ ਵੀ ਆਪ ਦੇ ਲਈ ਕੁਝ ਸਹੂਲਤਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ ਉਸ ਦੇ ਵਾਸਤੇ ਤੁਸੀਂ ਲਿਖਤੀ ਰੂਪ ਵਿਚ ਜਾਂ ਟੈਲੀਫੂਨ ਤੇ ਸੰਪਰਕ ਕਰਕੇ 'ਆਤਮ ਮਾਰਗ' ਦੇ ਦਫਤਰ ਵਿਚ ਦੱਸਣ ਦੀ ਖੇਚਲ ਕਰੋ ਕਿ ਆਪ ਨੂੰ ਕਿੰਨੀ accommodation (ਰਿਹਾਇਸ਼) ਚਾਹੀਦੀ ਹੈ।

1. ਆਪ ਦੇ ਨਾਲ ਵਿਦੇਸ਼ਾਂ ਤੋਂ ਪਰਿਵਾਰ ਮਿਤਰ ਦੋਸਤ ਕੁੱਲ ਕਿੰਨੇ ਮੈਂਬਰ ਆ ਰਹੇ ਹਨ।

2. ਆਪ ਦੇ ਨਾਲ ਕਿੰਨੇ ਬੱਚੇ ਆ ਰਹੇ ਹਨ।

3. ਪੰਜਾਬ ਤੋਂ ਤੁਹਾਡੇ ਨਾਲ ਕਿੰਨੇ ਰਿਸ਼ਤੇਦਾਰ, ਭਾਈ ਭਰਾ, accommodation ਚਾਹੁੰਣਗੇ।

4. ਅਸੀਂ accommodation (ਰਿਹਾਇਸ਼) ਦਾ ਪ੍ਰਬੰਧ ਤੁਹਾਡੀ confirmation ਆਈ ਤੋਂ ਕਰਨਾ ਹੈ, ਸਾਨੂੰ ਵੀ 3-4 ਮਹੀਨੇ ਪਹਿਲਾਂ ਸਮਾਂ ਚਾਹੀਦਾ ਹੈ ਕਿਉਂਕਿ ਇਨ੍ਹਾਂ ਸ਼ਹਿਰਾਂ ਵਿਚ ਹਰ ਵਕਤ ਕੋਈ ਨਾ ਕੋਈ ਸਮਾਗਮ ਹੋਣ ਕਰਕੇ ਯਾਤਰੂਆਂ ਦੇ ਨਿਵਾਸ ਅਸਥਾਨ ਬੁੱਕ ਹੋਏ ਰਹਿੰਦੇ ਹਨ ਇਹ ਇਤਲਾਹ ਸਾਡੇ ਪਾਸ 10 ਜੂਨ ਤਕ ਪਹੁੰਚ ਜਾਵੇ। ਤੁਸੀਂ ਆਪਣੀ ਲੋੜ ਫੈਕਸ ਰਾਹੀਂ ਭੇਜ ਦਿਓ। (ਫੈਕਸ ਨੰ: 671301 ਮੇਰੀ ਕੋਠੀ ਵਿਚ ਹੈ)

ਇਕ ਵਾਰੀ ਅਸੀਂ ਚਾਹੁੰਦੇ ਹਾਂ ਕਿ ਸੰਗਤਾਂ ਨੂੰ ਬਾਹਰ ਰਹਿਣ ਵਾਲੇ ਮੈਂਬਰਾਂ ਦੇ, ਸਹਿਯੋਗੀਆਂ ਦੇ ਜ਼ਰੂਰ ਹੀ ਦਰਸ਼ਨ ਕਰਾਏ ਜਾਣ ਕਿਉਂਕਿ 'ਆਤਮ ਮਾਰਗ' ਦਾ ਨਵਾਂ ਟਰੱਸਟ ਬਣਿਆ ਹੈ ਇਸ ਵਿਚ ਜੋ ਵੀ ਲਾਈਫ ਮੈਂਬਰ ਬਣਿਆ ਹੈ ਉਹ ਇਸ ਦਾ ਸਲਾਹਕਾਰ ਅਤੇ ਸਹਾਇਕ ਮੈਂਬਰ ਹੋਇਆ ਕਰਦਾ ਹੈ।

ਅਗਲੀ ਬੇਨਤੀ ਹੈ ਕਿ ਆਉਣ ਵਾਲੇ ਪ੍ਰੇਮੀ ਆਪਣੀਆਂ ਸੀਟਾਂ ਹੁਣੇ ਹੀ ਹਵਾਈ ਜਹਾਜ਼ ਵਿਚ ਬੁੱਕ ਕਰਾ ਲੈਣ ਨਹੀਂ ਤਾਂ ਦੇਖਿਆ ਗਿਆ ਹੈ ਕਿ ਫੇਰ ਕਿਰਾਇਆ ਵੀ ਬਹੁਤ ਦੇਣਾ ਪੈਂਦਾ ਹੈ ਅਤੇ ਸੀਟਾਂ ਬੁੱਕ ਕਰਾਉਣ ਵੇਲੇ ਬਹੁਤ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਜਿਸ ਨੇ ਗੁਰਦੁਆਰਾ ਸਾਹਿਬ ਦੀ accommodation ਵਿਚ ਜ਼ਿਆਦਾ ਦੇਰ ਰਹਿਣਾ ਹੈ ਉਹ ਰਹਿ ਸਕਦਾ ਹੈ। ਪਹਿਲੇ 15 ਕਮਰਿਆਂ ਦੇ complex ਵਿਚ ਹੋਰ 12 ਕਮਰੇ ਨਵੇਂ ਬਣ ਗਏ ਹਨ ਇਸ ਕਰਕੇ ਇਸ ਬਾਰੇ ਵੀ ਸਾਨੂੰ ਦੱਸ ਦਿਤਾ ਜਾਵੇ।

***ਸੰਤ ਵਰਿਆਮ ਸਿੰਘ ਜੀ***
***ਚੇਅਰਮੈਨ - 'ਆਤਮ ਮਾਰਗ'***

**L L L L L L L**

(ਪੰਨਾ 43 ਦੀ ਬਾਕੀ)

***ਸੋਈ ਫਿਰਿ ਕੈ ਤੂੰ ਭਇਆ ਜਾ ਕਉ ਕਹਤਾ ਅਉਰੁ॥***
***ਪੰਨਾ - 1369***

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***
***ਪੰਨਾ - 1375***

ਕਹਿਣ ਲੱਗੇ ਤੂੰ ਭਗਤੀ ਦੀ ਬਾਤ ਸੁਣ ਲੈ> ਸਰਵਨ ਕਰਨਾ, ਮਹਾਂਪੁਰਸ਼ਾਂ ਦੇ ਉਪਦੇਸ਼ ਸਰਵਣ ਕਰਨੇ, ਇਸ ਨੂੰ ਸਰਵਣ ਭਗਤੀ ਕਹਿੰਦੇ ਹਨ ਜਿਹੜੀ ਆਪਾਂ ਹੁਣ ਕਰ ਰਹੇ ਹਾਂ। ਦੂਜੀ ਕੀਰਤਨ ਭਗਤੀ ਹੁੰਦੀ ਹੈ - ਹਰੀ ਦਾ ਜਸ ਕਰਨਾ। ਉਸ ਦਾ ਫਲ ਕਿੰਨਾ ਹੁੰਦਾ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਪੰਨਾ - 546***

ਜਿਹੜੇ ਕੀਰਤਨ ਭਗਤੀ ਕਰਦੇ ਹਨ ਉਨ੍ਹਾਂ ਨੂੰ ਕਈ ਕਰੋੜਾਂ ਜੱਗਾਂ ਦਾ ਫਲ ਮਿਲਦਾ ਹੈ। ਤੀਸਰੀ ਯਾਦ ਭਗਤੀ ਹੁੰਦੀ ਹੈ ਜਿਸ ਨੂੰ ਸਿਮਰਨ ਭਗਤੀ ਆਖਦੇ ਹਨ। ਸਿਮਰਨ ਭਗਤੀ ਦੇ ਅੰਦਰ ਬਾਰ-ਬਾਰ ਨਾਮ ਜਪਣਾ ਪੈਂਦਾ ਹੈ, ਫੇਰ ਇਹ ਯਾਦ ਪੱਕ ਜਾਂਦੀ ਹੈ, ਜਦੋਂ ਯਾਦ ਪੱਕ ਗਈ, ਉਸ ਵੇਲੇ ਸਮਝੋ ਅਸੀਂ ਪ੍ਰਾਪਤੀ ਦੇ ਰਸਤੇ ਤੇ ਤੁਰ ਪਏ। ਜਿੰਨਾਂ ਚਿਰ ਵਾਹਿਗੁਰੂ-ਵਾਹਿਗੁਰੂ ਕਰਦਾ ਹੈ, ਓਨਾਂ ਚਿਰ ਤਾਂ ਯਾਦ ਹੈ, ਜਦੋਂ ਫੇਰ ਭੁਲ ਗਿਆ, ਉਸ ਵੇਲੇ ਸਮਝੋ ਹਾਲੇ ਯਾਦ ਪੱਕੀ ਨਹੀਂ ਹੈ। ਸੋ ਇਹ ਚੇਤਾ ਭਗਤੀ, ਯਾਦ ਭਗਤੀ ਹੈ। ਚੌਥੀ ਨਮਸ਼ਕਾਰ ਭਗਤੀ ਹੁੰਦੀ ਹੈ। ਪੰਜਵੀਂ ਪੂਜਨ ਭਗਤੀ ਹੁੰਦੀ ਹੈ ਅਤੇ ਛੇਵੀਂ ਚਰਨ ਸੇਵਨ ਭਗਤੀ ਹੋਇਆ ਕਰਦੀ ਹੈ ਜਿਸਨੂੰ ਪਾਦ ਸੇਵਨ ਵੀ ਕਹਿੰਦੇ ਹਨ। ਸੱਤਵੀਂ ਦਾਸਾ ਭਾਵ ਹੁੰਦੀ ਹੈ - ਆਪਣੇ ਆਪ ਨੂੰ ਦਾਸ ਸਮਝਣਾ, ਗੁਲਾਮ ਸਮਝਣਾ-

***ਗੋਲਾ ਮੁਲ ਖਰੀਦੁ ਕਾਰੇ ਜੋਵਣਾ॥***
***ਭਾਈ ਗੁਰਦਾਸ ਜੀ, ਵਾਰ 3/18***

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥***
***ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥***
***ਪੰਨਾ - 991***

ਗੁਲਾਮ ਬਣ ਕੇ ਆਪਣੀ ਮਰਜ਼ੀ ਛੱਡ ਦੇਣੀ, ਇਸ ਨੂੰ ਦਾਸਾ ਭਗਤੀ ਕਹਿੰਦੇ ਹਨ।

***ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ,***
***ਮੇਰਾ ਨਾਉ ਸੁਭਾਗਾ ਜੀ -2, 2.***
***ਮੇਰਾ ਨਾਉ ਸੁਭਾਗਾ ਜੀ, - 2, 2.***
***ਮੁੱਲ ਖਰੀਦੀ ਲਾਲਾ ਗੋਲਾ,.........2***

***'ਚਲਦਾ'***

**L L L L L L L**

# ਦੇਸ਼-ਵਿਦੇਸ਼ ਸਰਗਰਮੀਆਂ

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 64)*

ਬਾਬਾ ਜੀ ਨੇ ਬਹਿਰਾਮ ਦੇ ਸੈਂਟਰ ਤੇ ਦੁਆਬੇ ਦੇ ਪ੍ਰਚਾਰ ਬਾਰੇ ਬਚਨ ਸੁਣਾ ਕੇ, ਸੰਗਤਾਂ ਵਿਚ ਪ੍ਰਸ਼ਾਦ ਵਰਤਾਉਣ ਦਾ ਹੁਕਮ ਦਿਤਾ ਤੇ ਸਾਰੇ ਅਸ਼ੀਰਵਾਦ ਲੈ ਕੇ ਆਪੋ ਆਪਣੇ ਘਰੀਂ ਪਰਤੇ।

ਦੀਵਾਨਾਂ ਤੇ ਨਿਵਾਸ ਸਥਾਨ ਵਿਖੇ ਸੰਗਤਾਂ ਨੂੰ ਮਿਲਣ ਤੋਂ ਇਲਾਵਾ ਬਾਬਾ ਜੀ ਬਾਕੀ ਸਮਾਂ ਪ੍ਰੇਮੀਆਂ ਵਲੋਂ ਬੇਨਤੀ ਕਰਨ ਤੇ ਉਨ੍ਹਾਂ ਦੇ ਘਰਾਂ ਵਿਚ ਚਰਨ ਪਾਉਂਣ ਵਿਚ ਵੀ ਰੁਝੇ ਰਹਿੰਦੇ ਸਨ। ਹਰ ਰੋਜ਼ ਤਕਰੀਬਨ ਚਾਰ ਪੰਜ ਘਰਾਂ ਵਿਚ ਜਾਣਾ ਪੈਂਦਾ ਸੀ। ਅੰਮ੍ਰਿਤ ਵੇਲੇ ਜਥਾ ਘਰਾਂ ਵਿਚ ਸਵੇਰੇ 5.30 ਤੋਂ 7.30 ਵਜੇ ਤਕ ਆਸਾ ਦੀ ਵਾਰ ਦਾ ਕੀਰਤਨ ਕਰਦਾ ਸੀ। ਉਪਰੰਤ 9 ਵਜੇ ਬਾਬਾ ਜੀ ਪਹੁੰਚਦੇ ਸਨ। ਇਸ ਸਮੇਂ ਦੌਰਾਨ ਪ੍ਰੇਮੀ ਆਪਣੀਆਂ ਘਰੇਲੂ ਤੇ ਮਾਨਸਿਕ ਸਮੱਸਿਆਵਾਂ ਦਾ ਹੱਲ ਬਾਬਾ ਜੀ ਪਾਸੋਂ ਪੁੱਛ ਕੇ ਸਮਾਧਾਨ ਕਰਵਾਉਂਦੇ ਤੇ ਬਾਬਾ ਜੀ ਸਾਰਿਆਂ ਨੂੰ ਨਾਮ ਜਪਣ ਦੀ ਪ੍ਰੇਰਨਾ ਦਿੰਦੇ ਸਨ। ਇਸ ਤਰ੍ਹਾਂ ਨਾਲ ਭਾਈ ਦਲਜੀਤ ਸਿੰਘ ਲਵਿੰਗਸਟਨ ਦੇ ਗ੍ਰਹਿ ਵਿਖੇ ਆਸਾ ਦੀ ਵਾਰ ਲੱਗੀ ਤੇ ਉਨ੍ਹਾਂ ਦੇ ਬੱਚਿਆਂ ਨੂੰ ਬਾਬਾ ਜੀ ਨੇ ਚੰਗੀ ਤਰ੍ਹਾਂ ਦਿਲ ਲਗਾ ਕੇ ਪੜ੍ਹਾਈ ਕਰਨ ਦਾ ਉਪਦੇਸ਼ ਦਿਤਾ, ਭਾਈ ਦਰਸ਼ਨ ਸਿੰਘ ਲਵਿੰਗਸਟਨ ਦੇ ਗ੍ਰਹਿ ਵਿਖੇ ਚਰਨ ਪਾਏ, ਇਨ੍ਹਾਂ ਨੂੰ ਸ਼ਰਾਬ ਛੱਡਣ ਲਈ ਕਿਹਾ ਤੇ ਇਹ ਆਤਮ ਮਾਰਗ ਦੇ ਲਾਈਫ ਮੈਂਬਰ ਵੀ ਬਣੇ। ਭਾਈ ਜਰਨੈਲ ਸਿੰਘ ਜੋ ਨਿਹੰਗ ਦਾ ਬਾਣਾ ਪਹਿਨਦੇ ਹਨ ਉਨ੍ਹਾਂ ਦੋਵਾਂ ਪਤੀ ਪਤਨੀ ਨੂੰ ਪਿਆਰ ਨਾਲ ਰਹਿਣ ਦੀ ਪ੍ਰੇਰਨਾ ਦਿਤੀ ਕਿ ਉਹ ਆਪਸੀ ਤਨਾਵ ਦੂਰ ਕਰਕੇ ਸੁਖ ਸ਼ਾਂਤੀ ਨਾਲ ਰਹਿਣ ਅਤੇ ਨਿਤਨੇਮ ਅਨੁਸਾਰ ਗੁਰੂ ਮਹਾਰਾਜ ਅੱਗੇ ਅਰਦਾਸ ਕਰਿਆ ਕਰਨ ਕਿ ਉਨ੍ਹਾਂ ਦੀ ਸਾਂਝ ਸੁੱਖ ਸ਼ਾਂਤੀ ਨਾਲ ਨਿਭ ਜਾਵੇ।

ਭਾਈ ਸੁਰਿੰਦਰ ਸਿੰਘ ਨੇ ਆਤਮ ਮਾਰਗ ਦੇ ਪੰਜ ਮੈਂਬਰ ਬਣਾਏ। ਭਾਈ ਸੁਰਿੰਦਰ ਸਿੰਘ ਦੇ ਹੀ ਸਹੁਰਾ ਸਾਹਿਬ ਸਰਦਾਰ ਮੋਹਨ ਸਿੰਘ ਜੌਹਲ ਉਥੇ ਉਨ੍ਹਾਂ ਦੇ ਘਰ ਆਪਣੀ ਫੈਕਟਰੀ ਅਤੇ ਗ੍ਰਿਹ ਵਿਖੇ ਬਾਬਾ ਜੀ ਨੂੰ ਲਿਆਉਣ ਵਾਸਤੇ ਆਏ ਹੋਏ ਸਨ। ਉਨ੍ਹਾਂ ਦੀ ਫੈਕਟਰੀ ਦਾ ਨਾਮ FIVE KEYS INC ਹੈ। ਇਨ੍ਹਾਂ ਨੇ ਤੇ ਇਨ੍ਹਾਂ ਦੇ ਸਪੁਤਰਾਂ ਤੇ ਸਾਰੇ ਸਟਾਫ ਨੇ ਬੜੇ ਆਦਰ ਸਤਿਕਾਰ ਅਤੇ ਪਿਆਰ ਨਾਲ ਫੈਕਟਰੀ ਵਿਚ ਬਾਬਾ ਜੀ ਦੇ ਚਰਨ ਪਵਾਏ, ਇਸ ਫੈਕਟਰੀ ਵਿਚ ਬਰਫ ਤੇ ਜ਼ਿਆਦਾ ਠੰਢ ਵਿਚ ਪਾਉਣ ਵਾਲੀਆਂ ਜੈਕਟਾਂ ਬਣਦੀਆਂ ਹਨ। ਕਪੜਾ ਮਿੱਲਾਂ ਤੋਂ ਸਿੱਧਾ ਆਉਂਦਾ ਹੈ। ਕੱਟ-ਕਟਾਈ ਸਿਲਾਈ ਆਦਿ ਸਾਰਾ ਕੰਮ ਮਸ਼ੀਨਾਂ ਨਾਲ ਕੀਤਾ ਜਾਂਦਾ ਹੈ ਤੇ ਇਥੇ ਕਾਫੀ ਗਿਣਤੀ ਵਿਚ ਬੀਬੀਆਂ ਹੀ ਕੰਮ ਕਰਦੀਆਂ ਹਨ, ਜਿਨ੍ਹਾਂ ਵਿਚ ਪੰਜਾਬੀ, ਚੀਨੀ, ਅਮਰੀਕਨ ਤੇ ਵੀਅਤਨਾਮੀ ਤੇ ਫਿਲਪਾਈਨ ਆਦਿ ਦੇਸ਼ਾਂ ਦੀਆਂ ਹਨ। ਜਦੋਂ ਬਾਬਾ ਜੀ ਅੰਦਰ ਦਾਖਲ ਹੋਏ ਸਾਰੀਆਂ ਬੀਬੀਆਂ ਤੇ ਸਟਾਫ ਨੇ ਬੜੇ ਅਦਬ ਨਾਲ ਬੈਠਿਆਂ ਹੀ ਨਮਸ਼ਕਾਰ ਕੀਤੀ। ਸਰਦਾਰ ਮੋਹਨ ਸਿੰਘ ਜੌਹਲ ਹੋਰਾਂ ਨੇ ਦੱਸਿਆ ਕਿ ਇਥੇ ਜਿੰਨੀਆਂ ਵੀ ਦੁਕਾਨਾਂ ਤੇ ਫੈਕਟਰੀਆਂ ਹਨ ਉਹ ਸਾਰੀਆਂ ਉਨ੍ਹਾਂ ਦੀਆਂ ਹਨ ਭਾਵ ਉਹ ਇਸ estate ਦੇ ਮਾਲਕ ਹਨ। ਉਪਰੰਤ ਉਹ ਬਾਬਾ ਜੀ ਨੂੰ ਤੇ ਸਿੰਘਾਂ ਨੂੰ ਆਪਣੇ ਗ੍ਰਹਿ ਵਿਖੇ ਲੈ ਗਏ। ਉਨ੍ਹਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਪਿੰਡ ਮੋਹਨਪੁਰਾ (ਨੂਰਪੁਰਬੇਦੀ) ਹੈ। ਬਾਬਾ ਜੀ ਨੇ ਦੱਸਿਆ ਕਿ ਉਨ੍ਹਾਂ ਨੂੰ ਬੜੀ ਖੁਸ਼ੀ ਹੁੰਦੀ ਹੈ, ਜਦੋਂ ਉਹ ਵੇਖਦੇ ਹਨ ਕਿ ਕਿਸੇ ਪ੍ਰੇਮੀ ਨੇ ਮਿਹਨਤ ਕਰਕੇ ਇੰਨਾਂ ਵੱਡਾ ਆਪਣਾ ਬਿਜ਼ਨਸ ਬਣਾਇਆ ਹੈ ਤੇ ਨਾਲ ਦੂਜੇ ਹੋਰ ਲੋਕਾਂ ਨੂੰ ਕੰਮ ਦੇ ਕੇ ਉਸ ਦੀ ਮਦਦ ਕਰਦੇ ਹਨ। ਇਨ੍ਹਾਂ ਨੇ ਬਾਬਾ ਜੀ ਨੂੰ ਸ਼ੇਖ ਫਰੀਦ ਜੀ ਜਿਨ੍ਹਾਂ ਦੀ ਬਾਣੀ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਦਰਜ ਹੈ ਉਸ ਬਾਰੇ ਪੁਛਿਆ ਸੀ ਤਾਂ ਬਾਬਾ ਜੀ ਨੇ ਬਚਨ ਕੀਤਾ ਕਿ ਇਸ ਦੀ ਗੁਰੂ ਮਹਾਰਾਜ ਜੀ ਨੇ ਸੋਧ ਕੀਤੀ ਹੈ। ਜਿਵੇਂ ਉਨ੍ਹਾਂ ਨੇ ਫੁਰਮਾਇਆ ਸੀ -

***ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥***
***ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥***

***ਪੰਨਾ - 1378***

ਤਾਂ ਗੁਰੂ ਜੀ ਨੇ ਸੋਧ ਕੀਤੀ ਕਿ ਇਹ ਨਾ ਹੋਵੇ ਕਿ ਵਡੇਰੀ ਉਮਰ ਵਾਲੇ ਜਗਿਆਸੂ ਦਾ ਦਿਲ ਟੁੱਟ ਜਾਵੇ ਤੇ ਦੱਸਿਆ -

***ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥***
***ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ।।***
***ਏਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥***

***ਪੰਨਾ - 1378***

ਉਨ੍ਹਾਂ ਨੇ ਕਿਹਾ ਕਿ ਅਸੀਂ ਜਦੋਂ ਵੀ ਭਾਰਤ ਆਏ ਤਾਂ ਜ਼ਰੂਰ ਰਤਵਾੜਾ ਸਹਿਬ ਆਵਾਂਗੇ ਤੇ ਸਮਾਗਮ ਬਾਰੇ ਉਨ੍ਹਾਂ ਨੂੰ ਦੱਸਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਜ਼ਰੂਰ ਦਰਸ਼ਨ ਕਰਾਂਗੇ। ਉਨ੍ਹਾਂ ਨੇ ਵੀ ਪੰਜ ਮੈਂਬਰ ਆਤਮ ਮਾਰਗ ਦੇ ਬਣਾਏ ਤੇ ਆਪ ਵੀ ਮੈਂਬਰ ਬਣ ਕੇ ਬਾਬਾ ਜੀ ਦੀ ਖੁਸ਼ੀ ਹਾਸਲ ਕੀਤੀ ਤੇ ਸ਼ਰਧਾਪੂਰਵਕ ਮਹਾਂਪੁਰਸ਼ਾਂ ਦਾ ਆਦਰ ਮਾਣ ਕੀਤਾ।

7 ਫਰਵਰੀ ਦਿਨ ਸੋਮਵਾਰ ਨੂੰ ਗੁਰਦੁਆਰਾ ਸਟਾਕਟਨ ਗਏ ਜੋ ਕਿ ਗਦਰੀ ਬਾਬਿਆਂ ਨੇ ਸਥਾਪਿਤ ਕੀਤਾ ਸੀ। ਇਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਈ ਬੇਮਿਸਾਲ ਕੁਬਾਨੀਆਂ ਦਿਤੀਆਂ ਹਨ ਤੇ ਇਹ ਗੁਰਦੁਆਰਾ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਹੈ। ਗੁਰਦੁਆਰਾ ਸਾਹਿਬ ਦੀ ਬਹੁਤ ਸੋਹਣੀ ਬਿਲਡਿੰਗ, ਲੰਗਰ ਹਾਲ ਤੇ ਲਾਇਬ੍ਰੇਰੀ ਤੇ ਅਜਾਇਬ ਘਰ ਵੀ ਹੈ। ਸ਼ਾਮ ਨੂੰ 6.15 ਵਜੇ ਦੀਵਾਨ ਸ਼ੁਰੂ ਹੋਇਆ, ਭਾਈ ਲਖਬੀਰ ਸਿੰਘ ਜੀ ਨੇ 'ਪਾਰਬ੍ਰਹਮ ਗੁਰ ਨਾਹੀ ਭੇਦ' ਬਾਰੇ ਦੱਸਿਆ ਕਿ ਗੁਰੂ ਤੇ ਕਿੰਨਾ ਭਰੋਸਾ ਹੋਣਾ ਚਾਹੀਦਾ ਹੈ ਇਸ ਪ੍ਰਥਾਇ ਗੁਰੂ ਅੰਗਦ ਸਾਹਿਬ ਦੇ ਬਚਨ ਸੁਣਾਏ ਜੋ ਉਨ੍ਹਾਂ ਨੇ ਬਾਬਾ ਬੁੱਢਾ ਜੀ, ਭਾਈ ਬਾਲਾ ਜੀ ਤੇ ਭਾਈ ਮਨਸੁਖ ਆਦਿ

ਨੂੰ ਸੁਣਾਏ ਸਨ। ਉਪਰੰਤ ਬਾਬਾ ਜੀ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਦੁਖਾਂ ਦਾ ਕਾਰਨ ਤੇ ਉਨ੍ਹਾਂ ਦੀ ਨਵਿਰਤੀ ਦੇ ਉਪਾਵ ਦੱਸੇ ਤੇ ਨਾਮ ਨੂੰ ਸੁਣਨ, ਮੰਨਣ, ਅਭਿਆਸ ਤੇ ਪ੍ਰਾਪਤੀ ਦੇ ਸਾਧਨ ਦੱਸੇ। ਉਨ੍ਹਾਂ ਦੱਸਿਆ ਕਿ ਪ੍ਰਕ੍ਰਿਤੀ ਵਿਚ ਦੁਖ ਅਤੇ ਨਾਮ ਵਿਚ ਸੁੱਖ ਹੈ। ਸਾਰੀਆਂ ਸੰਗਤਾਂ ਹੁੰਮ ਹੁੰਮਾ ਕੇ ਪੁੱਜੀਆਂ ਹੋਈਆਂ ਸਨ, ਬਾਬਾ ਜੀ ਦੇ ਪ੍ਰਵਚਨ ਬੜੇ ਧਿਆਨ ਨਾਲ ਸਰਵਣ ਕਰ ਰਹੀਆਂ ਸਨ। ਇਥੋਂ ਦੇ ਸਕੱਤਰ ਸਰਦਾਰ ਜਸਪਾਲ ਸਿੰਘ ਬੋਲੀਨਾ ਬੜੇ ਪਿਆਰ ਤੇ ਸ਼ਰਧਾ ਵਾਲੇ, ਸੁਲਝੇ ਹੋਏ ਗੁਰਸਿੱਖ ਹਨ ਜਿਨ੍ਹਾਂ ਦਾ ਬਾਬਾ ਜੀ ਪ੍ਰਤੀ ਬਹੁਤ ਸਤਿਕਾਰ ਹੈ ਅਤੇ ਆਤਮ ਮਾਰਗ ਦੇ ਮੈਂਬਰ ਆਪ ਵੀ ਹਨ ਅਤੇ ਇਨ੍ਹਾਂ ਨੇ ਕਾਫੀ ਮੈਂਬਰ ਵੀ ਬਣਾਏ ਹਨ। ਇਸੇ ਤਰ੍ਹਾਂ ਇਸ ਗੁਰਦੁਆਰਾ ਸਿੱਖ ਟੈਂਪਲ ਸਟਾਕਟਨ ਵਿਖੇ ਤਿੰਨ ਦਿਨ ਲਗਾਤਾਰ ਸ਼ਾਮ ਦੇ ਦੀਵਾਨ ਲੱਗੇ ਅਤੇ ਹਰ ਰੋਜ਼ ਸੰਗਤਾਂ ਦਾ ਇਕੱਠ ਵਧਦਾ ਹੀ ਗਿਆ। ਬਾਬਾ ਜੀ ਨੇ ਅਨੇਕਾਂ ਵਿਸ਼ਿਆਂ ਤੇ ਆਪਣੇ ਪ੍ਰਵਚਨ ਸੰਗਤਾਂ ਨੂੰ ਸੁਣਾਏ ਜਿਵੇਂ ਕਿ ਗੁਰਮੁਖ ਤੇ ਮਨਮੁਖ, ਗੁਰਸਿੱਖ ਦਾ ਉਦੇਸ਼ ਕੀ ਹੈ - 'ਭਈ ਪਰਾਪਤਿ ਮਾਨੁਖ ਦੇਹੁਰੀਆ' ਇਕਾਗਰਤਾ ਤੇ ਸੇਵਾ ਆਦਿ ਵਿਸ਼ਿਆਂ ਤੇ ਵੀ ਵਿਚਾਰਾਂ ਸਰਵਣ ਕਰਾਈਆਂ।

ਸੰਗਤਾਂ ਦੀ ਤਿੰਨ ਮਹੀਨੇ ਦੀ ਉਡੀਕ ਤੋਂ ਬਾਅਦ ਬਾਬਾ ਜੀ ਵਿਦੇਸ਼ਾਂ ਵਿਚ ਪ੍ਰਚਾਰ ਕਰਕੇ ਤੇ ਸਰੀਰਕ ਇਲਾਜ ਕਰਵਾ ਕੇ 3 ਮਈ, 2000 ਦਿਨ ਬੁੱਧਵਾਰ ਨੂੰ ਜਥੇ ਸਮੇਤ ਲੰਡਨ ਤੋਂ ਦਿੱਲੀ, ਤਕਰੀਬਨ ਦਿਨ ਦੇ 11 ਵਜੇ ਪੁੱਜੇ ਮਹਾਂਪੁਰਸ਼ ਇੰਡੀਅਨ ਇੰਟਰਨੈਸ਼ਨਲ ਸੈਂਟਰ ਵਿਖੇ ਆਰਾਮ ਕਰਨ ਉਪਰੰਤ ਸ਼ਤਾਬਦੀ ਦੁਆਰਾ ਰਾਤ ਨੂੰ 8.00 ਵਜੇ ਚੰਡੀਗੜ੍ਹ ਪੁੱਜੇ ਜਦ ਕਿ ਜਥੇ ਦੇ ਸਿੰਘ ਪੰਜ ਵਜੇ ਦੇ ਕਰੀਬ ਪਹਿਲਾਂ ਹੀ ਰਤਵਾੜਾ ਸਾਹਿਬ ਪੁੱਜ ਚੁੱਕੇ ਸਨ। ਸੰਗਤਾਂ ਨੂੰ ਮਨ੍ਹਾਂ ਕਰਨ ਦੇ ਬਾਵਜੂਦ ਭਾਰੀ ਤਦਾਦ ਵਿਚ ਸੰਗਤਾਂ ਚੰਡੀਗੜ੍ਹ ਰੇਲਵੇ ਸ਼ਟੇਸ਼ਨ ਤੇ ਆਪੋ ਆਪਣੀਆਂ ਸਵਾਰੀਆਂ ਰਾਹੀਂ ਪੁੱਜੀਆਂ ਹੋਈਆਂ ਸਨ। ਸੰਗਤਾਂ ਵਲੋਂ ਮਹਾਂਪੁਰਸ਼ਾਂ ਦੇ ਨਿਵਾਸ ਸਥਾਨ ਨੂੰ ਉਚੇਚੇ ਤੌਰ ਤੇ ਲਾਈਟਾਂ ਰਾਹੀਂ ਰੋਸ਼ਨੀ ਕਰਕੇ ਸਜਾਇਆ ਹੋਇਆ ਸੀ। ਮਨ੍ਹਾ ਕਰਨ ਦੇ ਬਾਵਜੂਦ ਵੀ ਸੰਗਤਾਂ ਦਾ ਕਾਫੀ ਇਕੱਠ ਕੋਠੀ ਪੁੱਜ ਗਿਆ ਤੇ ਮਹਾਂਪੁਰਸ਼ ਤਕਰੀਬਨ ਦੋ ਘੰਟੇ ਸੰਗਤਾਂ ਨਾਲ ਪਿਆਰ ਭਰੇ ਬਚਨ ਕਰਦੇ ਰਹੇ। ਐਤਵਾਰ 7 ਮਈ ਨੂੰ ਮਹਾਂਪੁਰਸ਼ਾਂ ਦੇ ਦਰਸ਼ਨ ਤੇ ਸਵਾਗਤ ਲਈ ਸਵੇਰੇ 8 ਵਜੇ ਤੋਂ ਇਕੱਠ ਹੋਣਾ ਸ਼ੁਰੂ ਹੋ ਗਿਆ ਤੇ 12 ਵਜੇ ਤਕ ਇਹ ਵਿਸ਼ਾਲ ਸਮੂੰਹ ਦਾ ਰੂਪ ਧਾਰਨ ਕਰ ਗਿਆ। ਕੇਸਰੀ ਦਸਤਾਰਾਂ ਵਾਲੇ ਬੈਂਡ ਰਾਹੀਂ ਮਹਾਂਪੁਰਸ਼ਾਂ ਨੂੰ ਗੇਟ ਤਕ ਲਿਆਂਦਾ ਗਿਆ ਤੇ ਦੁਪਹਿਰ ਦੇ 2 ਵਜੇ ਤਕ ਸੰਗਤਾਂ ਦਾ ਤਾਂਤਾ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਤੇ ਉਨ੍ਹਾਂ ਨੂੰ ਪਿਆਰ ਭੇਟਾਵਾਂ ਭੇਟ ਕਰਨ ਲਈ ਬੱਝਾ ਰਿਹਾ। ਸੰਗਤਾਂ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਉਪਰੰਤ ਢਾਈ ਵਜੇ ਤੋਂ ਲੈ ਕੇ ਤਕਰੀਬਨ 4 ਵਜੇ ਤਕ ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਤੇ ਕੀਰਤਨ ਰਾਹੀਂ ਸੰਗਤਾਂ ਨੂੰ ਭੀਲਣੀ ਤੇ ਸ੍ਰੀ ਰਾਮ ਚੰਦਰ ਜੀ, ਗੁਰੂ ਸੱਤਵੇਂ ਪਾਤਸ਼ਾਹ ਤੇ ਮਾਤਾ ਭਾਗ ਭਰੀ ਅਤੇ ਕ੍ਰਿਸ਼ਨ ਜੀ ਤੇ ਬਿਦਰ ਜੀ ਆਦਿ ਦੇ ਪ੍ਰੇਮ-ਪਿਆਰ ਦੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਹੀ ਨਹੀਂ ਕੀਤਾ ਸਗੋਂ ਸਾਰਿਆਂ ਦੇ ਨੇਤਰ ਪਿਆਰ ਵਿਚ ਸੇਜਲ ਹੋਏ ਨਜ਼ਰ ਆ ਰਹੇ ਸਨ। ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਦੱਸਿਆ ਕਿ ਵਾਹਿਗੁਰੂ ਨੂੰ ਕੇਵਲ ਪ੍ਰੇਮ ਨਾਲ ਵਸ ਕੀਤਾ ਜਾ ਸਕਦਾ ਹੈ ਕਿਉਂਕਿ ਉਹ ਭਾਉ ਭਗਤ ਦਾ ਭੁੱਖਾ ਹੈ।

14 ਮਈ ਦਿਨ ਐਤਵਾਰ ਨੂੰ ਸਾਬਕਾ ਕੇਂਦਰੀ ਮੰਤਰੀ, ਸਾਬਕਾ ਮਹਾਰਾਜਾ ਜੰਮੂ ਅਤੇ ਕਸ਼ਮੀਰ ਡਾਕਟਰ ਕਰਨ ਸਿੰਘ ਜੋ ਕਿ ਇੰਟਰਨੈਸ਼ਨਲ ਟੈਂਪਲ ਆਫ ਅੰਡਰਸਟੈਂਡਿੰਗ ਦੇ ਪ੍ਰੈਜ਼ੀਡੈਂਟ ਹਨ, ਦੁਆਰਾ ਲਾਲਾ ਲਾਜਪਤਰਾਏ ਭਵਨ ਵਿਖੇ ਇਸ ਸੰਸਥਾ ਦਾ 'ਚੰਡੀਗੜ੍ਹ ਚੈਪਟਰ' ਦੀ ਸਥਾਪਨਾ ਤੇ ਉਦਘਾਟਨ ਹੋਣਾ ਸੀ ਇਸ ਮੌਕੇ ਤੇ ਚੰਡੀਗੜ੍ਹ ਦੇ ਪੜ੍ਹੇ ਲਿਖੇ ਸੱਜਣ ਜਿਨ੍ਹਾਂ ਵਿਚ ਜੱਜ, ਪਾਰਲੀਮੈਂਟ ਮੈਂਬਰ ਤੇ ਹੋਰ ਰਿਟਾਇਰ ਹੋਏ ਉਚ ਅਧਿਕਾਰੀ ਸ਼ਾਮਲ ਸਨ ਤੇ ਆਡੀਟੋਰੀਅਮ ਹਾਲ ਖਚਾ-ਖਚ ਭਰਿਆ ਹੋਇਆ ਸੀ। ਇਸ ਸੰਸਥਾ ਦਾ ਮੁੱਖ ਮੰਤਵ ਸੰਸਾਰ ਵਿਚ ਵਸਦੇ ਵੱਖ-ਵੱਖ ਮਜ਼ਹਬਾਂ ਦੇ ਲੋਕਾਂ ਨੂੰ ਇਹ ਸੰਦੇਸ਼ ਦੇਣਾ ਸੀ ਕਿ ਉਨ੍ਹਾਂ ਵਿਚ ਇਕੋ ਹੀ ਵਾਹਿਗੁਰੂ ਪਰੀਪੂਰਨ ਹੈ ਤੇ ਮਜ਼ਹਬ ਉਸ ਵਾਹਿਗੁਰੂ ਤਕ ਪਹੁੰਚਣ ਦਾ ਤਰੀਕਾ ਹੈ ਪਰ ਮਜ਼ਹਬ ਨੂੰ ਆਪਸੀ ਲੜਾਈ ਤੇ ਵਿਤਕਰੇ ਦਾ ਮੁਦਾ ਨਹੀਂ ਬਣਾਉਣਾ ਚਾਹੀਦਾ ਅਤੇ ਆਪਸ ਵਿਚ ਪਿਆਰ ਨਾਲ ਰਹਿਣਾ ਚਾਹੀਦਾ ਹੈ। ਇਸ ਸੰਸਥਾ ਦਾ ਉਦਘਾਟਨ ਕਰਨ ਅਤੇ ਅਸ਼ੀਰਵਾਦ ਵਾਸਤੇ ਉਨ੍ਹਾਂ ਨੇ ਤਿੰਨ ਮਹੀਨੇ ਪਹਿਲਾਂ ਵੀ ਸ੍ਰੀ ਰਸ਼ਪਾਲ ਮਲਹੋਤਰਾ ਰਾਹੀਂ ਬਾਬਾ ਜੀ ਨੂੰ ਬੇਨਤੀ ਕੀਤੀ ਸੀ ਪਰ ਉਨ੍ਹਾਂ ਨੇ ਦੱਸਿਆ ਕਿ ਉਸ ਵੇਲੇ ਬਾਬਾ ਜੀ ਵਿਦੇਸ਼ ਯਾਤਰਾ ਤੇ ਗਏ ਹੋਏ ਸਨ। ਡਾਕਟਰ ਕਰਨ ਸਿੰਘ ਜੀ ਨੇ ਆਪਣੀ ਕ੍ਰਿਤਗਯਤਾ ਬਿਆਨ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਬਾਬਾ ਜੀ ਰਾਹੀਂ ਇਸ ਸੰਸਥਾ ਨੂੰ ਚੰਡੀਗੜ੍ਹ ਵਿਚ ਖੋਲ੍ਹਣ ਦਾ ਅਸ਼ੀਰਵਾਦ ਪ੍ਰਾਪਤ ਹੋ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਜਦੋਂ ਸੰਸਾਰ ਉਤੇ ਮਜ਼ਹਬਾਂ ਦੇ ਬਖੇੜਿਆਂ ਕਰਕੇ ਅਸ਼ਾਂਤੀ ਤੇ ਜ਼ੁਲਮ-ਤਸ਼ੱਦਦ ਦਾ ਬੋਲ ਬਾਲਾ ਹੋਇਆ, ਸਮੇਂ ਸਮੇਂ ਸੰਤਾਂ ਤੇ ਮਹਾਂਪੁਰਸ਼ਾਂ ਦੁਆਰਾ ਇਸਦਾ ਸਮਾਧਾਨ ਕੇਵਲ ਸੰਤਾਂ ਦੀ ਬਾਨੀ ਤੇ ਉਨ੍ਹਾਂ ਦੀ ਰੂਹਾਨੀ ਸ਼ਕਤੀ ਰਾਹੀਂ ਹੁੰਦਾ ਰਿਹਾ।

ਬਾਬਾ ਜੀ ਨੇ ਆਪਣੇ ਪ੍ਰਵਚਨ ਸ਼ੁਰੂ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੋਲੀਟੀਕਲ ਪਿਛੋਕੜ ਹੁੰਦਿਆਂ ਹੋਇਆਂ ਵੀ ਇਹੋ ਜਿਹੀ ਸ਼ੁਭ ਸੋਚਣੀ ਇਨ੍ਹਾਂ ਵਿਚ ਹੈ ਤੇ ਬੜੀ ਚੰਗੀ ਗੱਲ ਹੈ। ਬਾਬਾ ਜੀ ਨੇ ਮਜ਼ਹਬ ਤੇ ਧਰਮ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰਦਿਆਂ ਦੱਸਿਆ ਕਿ ਮਜ਼ਹਬ ਸਮੇਂ ਸਮੇਂ ਸੰਸਾਰ ਦੀਆਂ ਵੱਖ-ਵੱਖ ਆਬਾਦੀਆਂ ਵਿਚ ਉਥੋਂ ਦੇ ਮਹਾਂਪੁਰਸ਼ਾਂ ਵਲੋਂ ਧਰਮ ਦੇ ਅਸੂਲਾਂ ਨੂੰ ਅਪਨਾਉਣ ਤੇ ਦ੍ਰਿੜ੍ਹ ਕਰਵਾਉਣ ਤੇ ਵਾਹਿਗੁਰੂ ਦੀ ਪ੍ਰਾਪਤੀ ਦੇ ਸਾਧਨ ਵਜੋਂ ਹੁੰਦਾ ਹੈ ਜਦਕਿ ਧਰਮ ਸਾਰੇ ਸੰਸਾਰ ਦਾ ਇਕੋ ਹੀ ਹੈ ਤੇ ਇਸ ਦੇ ਇਹ ਵੱਡੇ ਅੰਗ ਹੁੰਦੇ ਹਨ - ਸਤਿ, ਸੰਤੋਖ, ਦਇਆ, ਖਿਮਾ, ਅਹਿੰਸਾ, ਸੌਚ, ਸ਼ੀਲ, ਪਵਿਤਰਤਾ, ਦਾਨ, ਸੇਵਾ ਆਦਿ। ਇਹ ਕੰਮ ਤਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪੰਜ ਸੌ ਸਾਲ ਪਹਿਲਾਂ ਹੀ ਸ਼ੁਰੂ ਕਰ ਦਿਤਾ ਸੀ ਜੋ ਕਿ

ਦੱਸਾਂ ਗੁਰੂ ਸਾਹਿਬਾਨ ਰਾਹੀਂ ਇਸ ਦਾ ਪ੍ਰਚਾਰ ਤੇ ਵਿਸਥਾਰ ਹੁੰਦਾ ਰਿਹਾ ਤੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਸਾਰ ਦੇ ਲੋਕਾਂ ਨੂੰ ਸਮਝਾਇਆ ਕਿ ਆਪਸ ਵਿਚ ਪਿਆਰ ਨਾਲ ਰਹੋ ਤੇ ਫੁਰਮਾਇਆ 'ਦੇਹੁਰਾ ਮਸੀਤ ਸੋਈ, ਪੂਜਾ ਔ ਨਿਮਾਜ ਓਈ' ਅਤੇ 'ਸਾਚ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।' ਭਾਈ ਘਨਈਆ ਜੀ ਦੀ ਉਦਾਹਰਣ ਦਿੰਦਿਆਂ ਬਾਬਾ ਜੀ ਨੇ ਦੱਸਿਆ ਕਿ ਉਹ ਬਿਨਾਂ ਕਿਸੇ ਵਿਤਕਰੇ ਦੇ ਸਭ ਨੂੰ ਪਾਣੀ ਪਿਲਾਉਂਦਾ ਸੀ ਤੇ ਦਸ਼ਮੇਸ਼ ਪਿਤਾ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਜ਼ਖਮਾਂ ਤੇ ਲਾਉਣ ਲਈ ਮਲ੍ਹਮ ਅਤੇ ਪੱਟੀਆਂ ਵੀ ਦਿਤੀਆਂ ਤੇ ਪਿਆਰ ਨਾਲ ਗਲਵਕੜੀ ਵਿਚ ਲਿਆ ਅਤੇ ਕਿਹਾ ਕਿ ਤੂੰ ਗੁਰੂ ਨਾਨਕ ਦੇ ਸਿਧਾਂਤ ਨੂੰ ਸਮਝਿਆ ਹੈ। ਡਾਕਟਰ ਕਰਨ ਸਿੰਘ ਤੇ ਹੋਰ ਬੈਠੇ ਸਰੋਤੇ ਬਾਬਾ ਜੀ ਦੇ ਐਸੇ ਪ੍ਰਵਚਨਾਂ ਨੂੰ ਸੁਣ ਕੇ ਮਨੋ ਮਨ ਝੂੰਮ ਰਹੇ ਸਨ ਤੇ ਸਿਰ ਹਿਲਾ ਕੇ ਹੁੰਗਾਰਾ ਭਰਦੇ ਮਹਿਸੂਸ ਹੋ ਰਹੇ ਸਨ। ਉਪਰੰਤ ਬਾਬਾ ਜੀ ਨੇ ਡਾਕਟਰ ਕਰਨ ਸਿੰਘ ਨੂੰ ਅਤੇ ਸ੍ਰੀ ਓਅੰਕਾਰ ਚੰਦ ਨੂੰ ਪੁਸਤਕਾਂ ਦਾ ਸੈਟ ਤੇ ਆਤਮ ਮਾਰਗ ਦੀਆਂ ਕਾਪੀਆਂ ਭੇਟ ਕੀਤੀਆਂ ਜਿਨ੍ਹਾਂ ਦਾ ਉਨ੍ਹਾਂ ਨੇ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਇਥੋਂ ਦੀ ਕੌਂਸਲ ਦੇ ਸਾਰੇ ਕਾਰਜ ਕਰਤਾ ਬਾਬਾ ਜੀ ਦੇ ਆਦੇਸ਼ ਅਨੁਸਾਰ ਥਾਪੇ ਜਾਣਗੇ ਅਤੇ ਡਾਕਟਰ ਕਰਨ ਸਿੰਘ ਨੇ ਕਿਹਾ ਕਿ ਉਹ ਰਤਵਾੜਾ ਸਾਹਿਬ ਵਿਚ ਹੋਣ ਵਾਲੇ ਅਕਤੂਬਰ ਸਮਾਗਮ ਵਿਚ ਹਾਜ਼ਰੀ ਭਰਨ ਆਉਣਗੇ।

ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦਾ ਕੰਮ ਬਾਬਾ ਜੀ ਦੇ ਆਉਣ ਨਾਲ ਜੰਗੀ ਪੱਧਰ ਤੇ ਸ਼ੁਰੂ ਹੋ ਗਿਆ ਹੈ, ਬਾਬਾ ਜੀ ਨੇ construction ਕਮੇਟੀ ਦੀ ਮੀਟਿੰਗ ਬੁਲਾ ਕੇ ਸਾਰੇ ਮੈਂਬਰਾਂ ਦੀਆਂ ਵੱਖੋ-ਵੱਖ ਕੰਮਾਂ ਵਾਸਤੇ ਡਿਊਟੀਆਂ ਲਗਾ ਦਿਤੀਆਂ ਹਨ ਤੇ ਆਗਿਆ ਕੀਤੀ ਹੈ ਕਿ ਸਮਾਗਮ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋ ਜਾਣੇ ਚਾਹੀਦੇ ਹਨ।

**ਵੀ.ਡੀ.ਓ ਫਿਲਮਾਂ ਰਾਹੀਂ ਪ੍ਰਚਾਰ** – ਮਾਸਟਰ ਸੁਰਿੰਦਰ ਸਿੰਘ ਤੇ ਸਾਥੀਆਂ ਰਾਹੀਂ ਰੋਪੜ ਜ਼ਿਲੇ ਦੇ ਪਿੰਡਾਂ ਵਿਚ ਬਾਬਾ ਜੀ ਦੀਆਂ ਵੀਡੀਓ ਫਿਲਮਾਂ ਰਾਹੀਂ ਪ੍ਰਚਾਰ ਚਲ ਰਿਹਾ ਹੈ। 30 ਅਪ੍ਰੈਲ ਤੋਂ 5 ਮਈ ਪਿੰਡ ਬਾਹਮਣਵਾਲ (ਨੇੜੇ ਮੀਆਂਪੁਰ ਚੰਗਰ), 8 ਮਈ ਤੋਂ 11 ਮਈ ਪਿੰਡ ਬਰਦਾਰ, 11 ਤੋਂ 13 ਮਈ ਹਿਰਦਾਪੁਰ ਚੰਗਰ। ਪਿੰਡ ਸੈਂਫਲਪੁਰ ਵਿਖੇ ਮਹੀਨੇ ਦੇ ਪਹਿਲੇ ਸ਼ਨਿਚਰਵਾਰ ਨੂੰ ਫਿਲਮ ਰਾਹੀਂ ਦੀਵਾਨ ਲਗਦਾ ਹੈ ਇਹ ਉਨ੍ਹਾਂ ਵੱਲੋਂ ਉਚੇਚੇ ਤੌਰ ਤੇ ਮੰਗ ਨੂੰ ਮੁੱਖ ਰੱਖ ਕੇ ਲਗਾਇਆ ਜਾਂਦਾ ਹੈ। ਇਨ੍ਹਾਂ ਵਿਚ ਬਾਬਾ ਜੀ ਲਈ ਖਾਸ ਸਰਧਾ ਤੇ ਪਿਆਰ ਹੈ ਜਿਵੇਂ ਕਿ ਪਿੰਡ ਬਾਹਮਣਵਾਦ 45 ਦੇ 45 ਘਰ 7 ਮਈ ਨੂੰ ਬਾਬਾ ਜੀ ਦੇ ਦਰਸ਼ਨ ਕਰਨ ਲਈ ਟਰਾਲੀਆਂ ਰਾਹੀਂ ਪੁੱਜੇ ਅਤੇ ਪਿੰਡਾਂ ਵਾਲੇ ਇਹ ਮਹਿਸੂਸ ਕਰਦੇ ਹਨ ਕਿ ਸਾਡਾ ਇਲਾਕਾ ਗਰੀਬ ਹੋਣ ਕਰਕੇ ਇਥੇ ਕਦੇ ਕੋਈ ਸਾਧੂ ਮਹਾਤਮਾ ਨਹੀਂ ਆਏ ਅਤੇ ਉਹ ਇਸ ਗੱਲੋਂ ਵੀ ਬਾਬਾ ਜੀ ਦੇ ਧੰਨਵਾਦੀ ਹਨ।

LLLLLLL

## ਜ਼ਰੂਰੀ ਸੂਚਨਾ

### ਟੈਲੀਫੋਨ ਨੰਬਰਾਂ ਵਿਚ ਤਬਦੀਲੀ

ਪਾਠਕ ਜਨ ਕ੍ਰਿਪਾ ਕਰਕੇ ਨੋਟ ਕਰਨ ਕਿ ਦਫਤਰ ਆਤਮ ਮਾਰਗ ਰਤਵਾੜਾ ਸਾਹਿਬ ਦੇ ਫੋਨ ਨੰਬਰਾਂ ਵਿਚ ਹੇਠ ਲਿਖੇ ਅਨੁਸਾਰ ਕੁਝ ਤਬਦੀਲੀ ਹੋ ਗਈ ਹੈ :-

| ਪੁਰਾਣਾ ਨੰਬਰ | ਨਵਾਂ ਨੰਬਰ |
|---|---|
| 39517 | 29517 |
| 39218 | 29218 |

ਅਸੁਵਿਧਾ ਲਈ ਖਿਮਾ

***ਸੀਨੀਅਰ ਮੈਨੇਜਰ***

LLLLLLL

### ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – – 2, 9, 16, 23, 30 ਜੁਲਾਈ, ਰਤਵਾੜਾ ਸਾਹਿਬ। (ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ)

**ਪੂਰਨਮਾਸ਼ੀ** – 16 ਜੁਲਾਈ, ਦਿਨ ਐਤਵਾਰ, ਰਤਵਾੜਾ ਸਾਹਿਬ। (ਸਮਾਂ – ਦੁਪਹਿਰ 12.00 ਵਜੇ ਤੋਂ ਸ਼ਾਮ 4.00 ਵਜੇ ਤਕ)

**ਸੰਗਰਾਂਦ** – 16 ਜੁਲਾਈ, ਦਿਨ ਐਤਵਾਰ, ਰਤਵਾੜਾ ਸਾਹਿਬ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** – 1- ਜੁਲਾਈ, ਦਿਨ ਸ਼ਨਿਚਰਵਾਰ ਅਤੇ 31 ਜੁਲਾਈ, ਦਿਨ ਸੋਮਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** – 29 ਜੁਲਾਈ ਡੇਰਾ ਹਿਰਦਾਪੁਰ ਚੰਗਰ, ਜ਼ਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।